# ਸਮਤਾ

ਫਰਵਰੀ 1982 (ਅੰਕ 21)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਫ਼ਰਵਰੀ 1982
ਮੁਲ – ਡੇਢ ਰੁਪਿਆ

21

## ਸੰਪਾਦਕੀ –

ਇਸ ਅੰਕ ਵਿਚ ਅਸੀਂ ਮੁਖ ਲੇਖ ਪ੍ਰੋ, ਸੁੱਚਾ ਸਿੰਘ ਗਿੱਲ ਦਾ ਅੰਤਰ-ਰਾਸ਼ਟਰੀ ਮੁਦਰਾ ਫੰਡ ਬਾਰੇ ਦੇ ਰਹੇ ਹਾਂ। ਪ੍ਰੋ. ਸਾਹਿਬ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਕਨੌਮਿਕਸ ਦੇ ਅਧਿਆਪਕ ਹਨ। ਇਹ ਇਕ ਐਸੀ ਜਾਣਕਾਰੀ ਦਾ ਲੇਖ ਹੈ, ਜਿਹੜਾ ਸੁਧੇ ਹੀ ਸਿਧ ਕਰ ਦੇਂਦਾ ਹੈ ਕਿ ਸਾਡਾ ਦੇਸ਼ ਬੁਰੀ ਤਰ੍ਹਾਂ ਸਾਮਰਾਜੀਆਂ ਦੇ ਹੱਥ ਗਹਿਣੇ ਪੈ ਚੁਕਾ ਹੈ। ਸਾਡੇ ਸਾਧਾਰਨ ਲੋਕ ਹੁਣ ਭਾਵੇਂ ਕਿੰਨਾ ਹੀ ਆਪਣਾ ਲਹੂ ਪਸੀਨਾ ਇਕ ਕਰ ਦੇਣ, ਉਹ ਗ਼ਰੀਬੀ ਦੇ ਜਿਲ੍ਹਣ ਵਿਚੋਂ ਕਦੀ ਵੀ ਬਾਹਰ ਨਹੀਂ ਨਿਕਲ ਸਕਣਗੇ। ਸਾਡੀ ਨਿਜਾਤ ਲਈ ਸਿਰਫ ਇਕੋ ਹੀ ਰਾਹ ਹੈ ਕਿ ਅਸੀਂ ਇਸ ਸਾਰੇ ਢਾਂਚੇ ਨੂੰ ਤਹਿਸ਼ ਨਹਿਸ਼ ਕਰੀਏ ਤੇ ਨਵੇਂ ਸਿਰਿਓਂ ਕੰਮ ਦੀ ਉਸਾਰੀ ਸ਼ੁਰੂ ਕਰੀਏ। ਇਹ ਸਾਡੀ ਆਰਥਕ ਗ਼ੁਲਾਮੀ ਮੌਜੂਦਾ ਹਾਕਮਾਂ ਦੀਆਂ ਪਿਛਲੇ 34 ਸਾਲਾਂ ਦੀਆਂ ਦੀਵਾਲੀਆ ਨੀਤੀਆਂ ਦਾ ਸਿੱਟਾ ਹੈ ਅਤੇ ਇਹ ਆਰਥਕ ਨੀਤੀਆਂ ਇਕ ਸਿਰੇ ਤੋਂ ਬਦਲਾਉਣ ਦੇ ਬਗ਼ੈਰ ਕੋਈ ਵੀ ਹੋਰ ਰਾਹ ਸਾਡੇ ਕੋਲ ਨਹੀਂ। 19 ਜਨਵਰੀ ਦੇਸ਼ ਵਿਆਪਕ ਹੜਤਾਲ ਦਾ ਨਾਅਰਾ ਦਿਤਾ ਗਿਆ ਸੀ, ਜੋ ਮੌਜੂਦਾ ਹਾਕਮਾਂ ਦੀਆਂ ਨੀਤੀਆਂ ਵਿਰੁਧ ਇਕ ਰੋਸ ਦਾ ਪ੍ਰਗਟਾਵਾ ਸੀ। ਇਹ ਹੜਤਾਲ ਕਈ ਥਾਂ ਕਾਮਯਾਬ ਵੀ ਹੋਈ ਅਤੇ ਕਈ ਥਾਂ ਜਥੇਬੰਦਕ ਕਮਜ਼ੋਰੀਆਂ ਕਰਕੇ ਲੋੜੀਂਦੀ ਕਾਮਯਾਬੀ ਨਾ ਹਾਸਿਲ ਕਰ ਸਕੀ ਪਰ ਇਕ ਗਲ ਸਪਸ਼ਟ ਹੈ ਕਿ ਜਿਨ੍ਹਾਂ ਨੀਤੀਆਂ ਦੇ ਵਿਰੁਧ ਇਸ ਹੜਤਾਲ ਦਾ ਨਾਅਰਾ ਦਿਤਾ ਗਿਆ ਸੀ, ਉਹਨਾਂ ਦੀ ਵਿਰੁਧਤਾ ਲਗਾਤਾਰ ਹੁੰਦੀ ਰਹਿਣੀ ਚਾਹੀਦੀ ਹੈ। ਲੋੜ ਹੈ ਕਿ ਲੋਕਾਂ ਨੂੰ ਵਡੇ ਪੈਮਾਨੇ ਤੇ ਇਹਨਾਂ ਨੀਤੀਆਂ ਦੇ ਗ਼ਲਤ ਸਿੱਟਿਆਂ ਤੋਂ ਜਾਣੂ ਕਰਵਾਇਆ ਜਾਏ। ਪ੍ਰੋ. ਗਿੱਲ ਦਾ ਇਹ ਲੇਖ ਇਸ ਮੰਤਵ ਵਾਸਤੇ ਬਹੁਤ ਹੀ ਕਾਰਗਰ ਸਾਬਤ ਹੋ ਸਕਦਾ ਹੈ। ਕੁਝ ਲੋਕ, ਜਿਹੜੇ 19 ਜਨਵਰੀ ਵਾਲੇ ਦਿਨ ਹਾਲੇ ਵੀ ਹਾਕਮ ਪਾਰਟੀ ਅਤੇ ਸਰਕਾਰ ਦੇ ਪ੍ਰਾਪੇਗੰਡਾ ਦੇ ਅਸਰ ਥਲੇ ਇਹ ਪ੍ਰਭਾਵ ਲੈਕੇ ਬੈਠੇ ਹਨ ਕਿ ਇੰਦਰਾ ਗਾਂਧੀ ਦੀ ਅਗਵਾਈ ਥਲੇ ਦੇਸ਼ ਤਰੱਕੀ ਦੇ ਰਾਹ ਪੈ ਗਿਆ ਹੈ ਅਤੇ ਵਡੇ ਵਡੇ ਕਾਰਖਾਨੇ, ਦਿਲੀ ਵਿਚ ਵਡੇ ਪੈਮਾਨੇ ਤੇ ਬਣਦੇ ਹੋਟਲ ਆਦਿਕ (ਏਸ਼ੀਆਈ ਗੇਮਾਂ ਦੀ ਤਿਆਰੀ ਵਿਚ) ਇਹਦੇ ਸਬੂਤ ਵਜੋਂ ਪੇਸ਼ ਕਰਦੇ ਹਨ ਜਾਂ ਸ਼ਹਿਰਾਂ

---

### ਇਸ ਅੰਕ ਵਿਚ ·

1. ਅੰਤਰ-ਰਾਸ਼ਟਰੀ ਮੁਦਰਾ ਫੰਡ ਤੋਂ 5000) ਕਰੋੜ ਰੁਪਏ ਕਰਜ਼ਾ – ਸੁੱਚਾ ਸਿੰਘ ਗਿੱਲ।
ਕਹਾਣੀਆਂ – ਹਿਮਾਇਤੀ – ਅਰਵਿੰਦ ਗੁਪਤ, ਸੰਗੂ ਬਾਬਾ – ਹਰੀ ਸਿੰਘ ਢੁੱਡੀਕੇ।
ਪੰਜ ਖ਼ਾਕੇ – ਕਣਕਾਂ ਪੱਕੀਆਂ, ਮੋਧੂ, ਕੰਧੀਂ ਕੱਚੀਆਂ ਤੇ ਕੱਲਰੀਆਂ, ਜਿਲੇ-ਹਾਰੀਆਂ, ਜੀਤੋ ਦਰਜਨ – ਸੁਖਵੰਤ ਕੌਰ ਮਾਨ।
ਲੇਖ – ਕਾਲੇ ਧਨ ਵਾਲਾ ਸ਼ੇਸ਼ਨਾਗ – ਪ੍ਰਲਾਹਦ ਸਿੰਘ।
ਪਾਠਕ, ਲੇਖਕ, ਫੋਰਮ – ਇਕ ਧਮਾਕਾ ਹੋਰ – ਪੋਲੈਂਡ – ਅਮਰ ਅਫ਼ਤਾਬ; 19 ਜਨਵਰੀ ਦੀ ਹੜਤਾਲ ਅਤੇ ਪੋਲੈਂਡ ਦੇ ਮਜ਼ਦੂਰ, ਸੁਰਜੀਤ ਬਰਾੜ – ਘੋਲੀਆਂ; ਵਿਦਿਆ ਦਾ ਡਿੱਗਦਾ ਮਿਆਰ – ਕੌਣ ਜ਼ੁੰਮੇਂਵਾਰ ? – ਹੀਰਾ ਸਿੰਘ ਸੁਰਸਿੰਘ।

ਵਿਚ ਅਯਾਸ਼ੀ ਵਾਲੀਆਂ ਚੀਜ਼ਾਂ ਦੀ ਬਹੁਤਾਤ (ਰੈਫ਼ਰੀਜਰੇਟਰ, ਟੈਲੀਵੀਜ਼ਨ, ਆਡੀਓਟੇਪ ਆਦਿਕ) ਦੇਖ ਕੇ ਕਹਿੰਦੇ ਹਨ ਕਿ ਕੌਣ ਕਹਿੰਦਾ ਹੈ ਕਿ ਹਿੰਦੋਸਤਾਨ ਦੀ ਆਰਥਕਤਾ ਪਛੜੀ ਹੋਈ ਹੈ, ਉਹ ਇਸ ਲੇਖ ਤੋਂ ਜਾਣ ਲੈਣਗੇ ਕਿ ਇਹੋ ਚੀਜ਼ਾਂ ਕਿਸ ਤਰ੍ਹਾਂ ਸਾਡੀ ਗੁਲਾਮੀ ਨੂੰ ਪੱਕਿਆਂ ਕਰ ਰਹੀਆਂ ਹਨ। ਇਹ ਲੇਖ ਅਜ ਦੇ ਸਮੇਂ ਬਾਰੇ ਇਕ ਅਹਿਮ ਦਸਤਾਵੇਜ਼ ਹੈ। (ਆਈ.ਐਮ.ਐਫ. ਕਰਜ਼ੇ ਬਾਰੇ ਪ੍ਰੋ. ਭਾਰਦਵਾਜ ਹੋਰਾਂ ਨੇ ਵੀ ਅੰਕੜਿਆਂ ਸਹਿਤ ਇਕ ਲੰਮਾ ਲੇਖ ਤਿਆਰ ਕੀਤਾ ਹੈ ਜੋ ਮਾਸਿਕ 'ਪੰਜ ਦਰਿਆ' ਦੇ ਫਰਵਰੀ ਅੰਕ ਵਿਚ ਛਪ ਰਿਹਾ ਹੈ।) ਇਸੇ ਅੰਕ ਵਿਚ ਇਕ ਅੰਕੜਿਆਂ ਭਰਪੂਰ ਹੋਰ ਲੇਖ ਦੇਸ਼ ਵਿਚ ਕਾਲੇ ਧੰਨ ਦੀ ਸਾਡੇ ਉਤੇ ਖੂਨੀ ਜਕੜ ਨੂੰ ਰੂਪਮਾਨ ਕਰਦਾ ਹੈ। ਇਹ ਕਾਲਾ ਧੰਨ ਸਰਮਾਏਦਾਰੀ ਜਮਾਤ ਦਾ ਦੇਸ਼ ਦੀ ਆਰਥਕਤਾ ਉਤੇ ਪੂਰਾ ਗਲਬਾ ਸਥਾਪਤ ਕਰਦਾ ਹੈ। ਇਹ ਲੇਖ ਸਿੱਧ ਕਰਦਾ ਹੈ ਕਿ ਭਾਵੇਂ ਕਾਲੇ ਨੂੰ ਬਾਹਰ ਲਿਆਉਣ ਲਈ ਸਮੇਂ ਦੀ ਸਰਕਾਰ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਲਈ ਸਮੇਂ ਸਮੇਂ ਕਈ ਕਦਮ ਐਲਾਨਦੀ ਰਹਿੰਦੀ ਹੈ, ਪਰ ਅਸਲ ਵਿਚ ਉਹ ਇਸ ਕਾਲੇ ਧੰਨ ਨੂੰ ਵਰਤ ਕੇ ਹੀ ਲੋਕਾਂ ਉਤੇ ਸਰਦਾਰੀ ਕਾਇਮ ਰਖ ਸਕਦੀ ਹੈ, ਮੌਜੂਦਾ ਪਾਰਲੀਮੈਂਟੀ ਸਿਸਟਮ ! ਇਸ ਕਾਲੇ ਧੰਨ ਤੇ ਹੀ ਖਲੋਤਾ ਹੋਇਆ ਹੈ। ਇਹ ਲੇਖ ਸਮੁੱਚੀ ਖੱਬੀ ਲਹਿਰ ਦੀ ਐਜੂਕੇਸ਼ਨ ਲਈ ਬੜੀ ਜ਼ਰੂਰੀ ਜਾਣਕਾਰੀ ਦੇਂਦੇ ਹਨ। ਅਸੀਂ ਖੱਬੀ ਲਹਿਰ ਵਾਲੇ ਕਈ ਨਿੱਕੀਆਂ ਨਿੱਕੀਆਂ ਗੱਲਾਂ ਉਤੇ ਆਪਸ ਵਿਚ ਉਲਝੇ ਰਹਿੰਦੇ ਹਾਂ, ਪਰ ਜੇ ਸਾਨੂੰ ਤਥਾਂ ਦੀ ਪੂਰੀ ਜਾਣਕਾਰੀ ਹੋ ਜਾਏ ਤਾਂ ਅਸੀਂ ਠੀਕ ਸੇਧ ਕਢਣ ਦੇ ਜ਼ਰੂਰ ਸਫਲ ਹੋ ਸਕਦੇ ਹਾਂ।

ਇਸੇ ਅੰਕ ਵਿਚ ਹਿੰਦੀ ਦੇ ਪ੍ਰਸਿੱਧ ਲੇਖਕ ਅਰਵਿੰਦ ਗੁਪਤ ਦੀ ਇਕ ਕਹਾਣੀ ਵੀ ਹੈ ਜੋ ਸਾਡੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਹੋਸਟਲਾਂ ਦੇ ਮੈਸਾਂ ਵਿਚ ਕੰਮ ਕਰਦੇ ਨੌਕਰਾਂ ਦੀ ਜ਼ਿੰਦਗੀ ਬਾਰੇ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਕੰਮ ਕਰਦੇ ਰਾਬਿੰਦਰ ਬਾਠ ਹੋਰਾਂ ਨੇ ਇਸ ਕਹਾਣੀ ਦਾ ਅਨੁਵਾਦ ਕੀਤਾ ਹੈ। ਹਰੀ ਸਿੰਘ ਢੁਡੀਕੇ ਵਾਲਿਆਂ ਦੀ ਕਹਾਣੀ ਵੀ ਸਾਡੇ ਲਈ ਇਕ ਮਹੱਤਵ ਪੂਰਣ ਵਿਸ਼ੇ ਉਤੇ ਚਾਨਣਾ ਪਾਉਂਦੀ ਹੈ। ਇਸੇ ਅੰਕ ਵਿਚ ਅਸੀਂ ਪ੍ਰਸਿੱਧ ਕਹਾਣੀ ਲੇਖਿਕਾ ਸੁਖਵੰਤ ਕੌਰ ਮਾਨ ਵਲੋਂ ਭੇਜੇ ਹੋਏ ਕੁਝ ਸਕੈਚ ਦੇ ਰਹੇ ਹਾਂ, ਜੋ ਕਵਿਤਾ ਵੀ ਹਨ ਅਤੇ ਕਹਾਣੀ ਵੀ ਹਨ ਜਾਂ ਉਹਨਾਂ ਦੇ ਆਪਣੇ ਕਹਿਣ ਅਨੁਸਾਰ ਦੋਨਾਂ ਵਿਚੋਂ ਕੁਝ ਵੀ ਨਹੀਂ। ਸਾਹਿਤ ਦਾ ਇਹ ਰੂਪ ਆਪਣੇ ਬਲਵਾਨ ਵਿਸ਼ੇ ਕਰਕੇ ਸਾਨੂੰ ਝੰਜੋੜਦਾ ਹੈ।

ਪਾਠਕ, ਲੇਖਕ, ਫੋਰਮ ਵਿਚ ਅਸੀਂ ਵਖ ਵਖ ਮਸਲਿਆਂ ਬਾਰੇ, ਜਿਹੜੇ ਸਾਡੀ ਜਾਚੇ ਚਰਚਾ ਦਾ ਵਿਸ਼ਾ ਬਣਨਾ ਚਾਹੀਦੇ ਹਨ, ਇਸ ਫੋਰਮ ਵਿਚ ਸ਼ਾਮਿਲ ਕਰ ਰਹੇ ਹਾਂ। ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਬਾਰੇ ਸਾਨੂੰ ਅਨੇਕਾਂ ਹੀ ਚਿੱਠੀਆਂ ਆਈਆਂ ਹਨ। ਇਹਨਾਂ ਵਿਚ ਬਜ਼ੁਰਗ ਸਾਥੀ ਦੇਵਾ ਸਿੰਘ ਮਹਿਲ ਕਲਾਂ ਅਤੇ ਡਾਕਟਰ ਸਾਧੂ ਸਿੰਘ ਹੋਰਾਂ ਦੀ ਚਿੱਠੀਆਂ ਇਹ ਸਥਾਪਤ ਕਰਦੀਆਂ ਹਨ ਕਿ ਸਾਹਿਤ ਕਿਉਂਕਿ ਰਾਜਨੀਤੀ ਤੋਂ ਵਖ ਨਹੀਂ ਹੋ ਸਕਦਾ ਅਤੇ ਰਾਜਨੀਤੀ ਸਟੇਟ ਦਾ ਜਮਾਤੀ ਕਰੈਕਟਰ ਮਿਥੇ ਬਿਨਾ ਸਹੀ ਤੌਰ ਤੇ ਨਹੀਂ ਜਾ ਸਕਦੀ, ਇਸ ਲਈ ਕ੍ਰਾਂਤੀਕਾਰੀ ਸਾਹਿਤਕਾਰ ਲਈ ਇਹ ਕਰੈਕਟਰ ਜਾਨਣਾ ਜ਼ਰੂਰੀ ਹੈ। ਭੁਨੀਰ ਦੀ ਕਨਵੈਨਸ਼ਨ ਵੇਲੇ ਐਲਾਨਨਾਮਾ ਵਿਚ ਇਹੀ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਇਹ ਕਿਸੇ ਵਿਸ਼ੇਸ਼ ਗਰੁਪ ਦੀ ਰਾਜਨੀਤਕ ਲਾਈਨ ਨੂੰ ਸਥਾਪਤ ਕਰਨ ਦਾ ਯਤਨ ਨਹੀਂ ਕਿਹਾ ਜਾ ਸਕਦਾ। ਬਹੁਤ ਸਾਰੇ ਸਾਥੀਆਂ ਨੇ ਕ੍ਰਾਂਤੀਕਾਰੀ ਸਾਹਿਤ ਸਭਾ ਦੀਆਂ ਨੀਤੀਆਂ ਨੂੰ ਕਟੜ ਨੀਤੀਆਂ ਦਾ ਨਾਂ ਦਿਤਾ ਹੈ। ਇਹਨਾਂ ਸਭ ਚਿੱਠੀਆਂ ਵਿਚ ਉਹੀ ਦਲੀਲਾਂ ਹਨ, ਜੋ ਅਗੇ ਹੀ ਸਮਤਾ ਦੇ ਪਾਠਕਾਂ ਅਗੇ ਆ ਚੁਕੀਆਂ ਹਨ। ਮੈਂ ਸਮਝਦਾ ਹਾਂ ਕਿ ਸਾਨੂੰ ਕੁਝ ਗੱਲਾਂ ਆਉਣ ਵਾਲੇ ਸਮੇਂ ਦੇ ਨਿਰਣੇ ਤੇ ਵੀ ਛਡ ਦੇਣੀਆਂ ਚਾਹੀਦੀਆਂ ਹਨ ਅਤੇ ਆਪਸੀ ਤਲਖੀ ਨੂੰ ਹੋਰ ਵਧਾਉਣ ਵਿਚ ਕੋਈ ਲਾਭ ਨਹੀਂ ਨਿਕਲ ਸਕੇਗਾ – ਇਸ ਲਈ ਇਕ ਅਧ ਚਿੱਠੀ ਛੱਡ ਕੇ ਇਹੋ ਚਿੱਠੀਆਂ, ਪਾਠਕ, ਲੇਖਕ ਫੋਰਮ ਵਿਚ ਨਹੀਂ ਦਿਤੀਆਂ ਜਾ ਰਹੀਆਂ ਤੇ ਇਹਦੇ ਲਈ ਅਸੀਂ ਲੇਖਕਾਂ, ਕੋਲੋਂ ਖਿਮਾਂ ਦੇ ਜਾਚਕ ਹਾਂ।

– ਗੁਰਸ਼ਰਨ ਸਿੰਘ

---


ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਅਤਰਜੀਤ ਦਾ ਨਾਵਲ

***'ਨਵੀਆਂ ਸੋਚਾਂ, ਨਵੀਆਂ ਲੀਹਾਂ'***

ਛਪ ਕੇ ਤਿਆਰ ਹੋ ਗਿਆ ਹੈ।

ਸਫ਼ੇ 274 o ਮੁੱਲ ਪੇਪਰ ਬੈਕ – 10.00

# ਇੰਦਰਾ ਸਰਕਾਰ ਨੇ ਦੇਸ਼ ਨੂੰ ਸਾਮਰਾਜੀਆਂ ਕੋਲ ਗਹਿਣੇ ਧਰ ਦਿਤਾ – ਅੰਤਰ-ਰਾਸ਼ਟਰੀ ਮੁਦਰਾ ਫੰਡ ਤੋਂ 5000 ਕਰੋੜ ਰੁਪਏ ਕਰਜ਼ਾ

o

ਸੁੱਚਾ ਸਿੰਘ ਗਿੱਲ

[ ਭਾਰਤ ਦੀਆਂ ਹਾਕਮ ਜਮਾਤਾਂ ਨੇ 1947 ਤੋਂ ਬਾਅਦ ਜਿਹੜਾ ਆਰਥਿਕ ਅਤੇ ਸਮਾਜਿਕ ਵਿਕਾਸ ਦਾ ਰਾਹ ਚੁਣਿਆ ਅਤੇ ਉਸ ਵਲ ਵਧਣ ਵਾਸਤੇ ਜਿਹੜੀਆਂ ਆਰਥਿਕ ਨੀਤੀਆਂ ਅਪਣਾਈਆਂ ਉਸ ਨਾਲ ਦੇਸ਼ ਵਿਚ ਆਰਥਿਕ ਸਮਸਿਆਵਾਂ ਅਤੇ ਸੰਕਟ ਵਧੇਰੇ ਗੰਭੀਰ ਹੁੰਦੇ ਗਏ ਹਨ। ਹਾਕਮ ਜਮਾਤਾਂ ਨੇ ਸਰਮਾਏਦਾਰੀ ਰਾਹ ਤੇ ਦੇਸ਼ ਨੂੰ ਲਿਜਾਣ ਦੀ ਕੋਸ਼ਿਸ਼ ਕੀਤੀ ਅਤੇ ਸਾਮਰਾਜਵਾਦ ਨਾਲ ਭਿਆਲੀ ਦੀ ਨੀਤੀ ਅਪਣਾਈ। ਇਹ ਦੇਸ਼ ਲਈ ਇਸ ਹੱਦ ਤਕ ਮਾਰੂ ਸਾਬਤ ਹੋਏ ਹਨ ਕਿ ਅਜ ਹਾਕਮ ਜਮਾਤਾਂ ਨੂੰ ਮੌਜੂਦਾ ਸੰਕਟ ਦਾ ਵਕਤੀ ਤੌਰ ਤੇ ਹੱਲ ਕਰਨ ਵਾਸਤੇ ਦੇਸ਼ ਨੂੰ ਅੰਤਰ ਰਾਸ਼ਟਰੀ ਮੁਦਰਾ ਫੰਡ ਪਾਸ ਗਹਿਣੇ ਧਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਿਹਾ। ਕੌਮੀ ਆਜ਼ਾਦੀ ਲਹਿਰ ਦੇ ਲੰਮੇ ਘੋਲ ਤੋਂ ਬਾਅਦ ਜੋ ਆਜ਼ਾਦੀ ਹਾਸਲ ਕੀਤੀ ਸੀ ਉਸ ਨੂੰ 5000 ਕਰੋੜ ਰੁਪਏ ਦੇ ਕਰਜ਼ੇ ਪਿਛੇ ਗਹਿਣੇ ਧਰ ਦਿਤਾ। ਇਸ ਕਰਜ਼ੇ ਨਾਲ ਫੰਡ ਨੇ ਜੋ ਸ਼ਰਤਾਂ ਲਾਈਆਂ ਹਨ ਉਸ ਦੇ ਭਾਰਤ ਦੇ ਲੋਕਾਂ ਤੇ ਬੜੇ ਖਤਰਨਾਕ ਅਤੇ ਮਾਰੂ ਅਸਰ ਹੋਣਗੇ। ਅੰਤਰ-ਰਾਸ਼ਟਰੀ ਮੁਦਰਾ ਫੰਡ ਸਾਮਰਾਜਵਾਦ ਦੀ ਇਕ ਹੱਥ-ਠੋਕਾ ਸੰਸਥਾ ਹੈ। ਇਸ ਤੋਂ ਸ਼ਰਤਾਂ ਨਾਲ ਕਰਜ਼ਾ ਲੈਣ ਤੇ ਭਾਰਤ ਦੀ ਆਰਥਿਕਤਾ ਵਿਚ ਸਾਮਰਾਜਵਾਦ ਦੇ ਪ੍ਰਭਾਵ ਦਾ ਵਡਾ ਲੀਵਰ ਪੈਦਾ ਹੋ ਗਿਆ। ਇਹ ਦੇਸ਼ ਦੇ ਵਿਕਾਸ ਦੀ ਦਿਸ਼ਾ ਅਤੇ ਆਰਥਿਕ ਨੀਤੀਆਂ ਨੂੰ ਨਿਰਧਾਰਨ ਕਰਨ ਦਾ ਹੱਕ ਹਾਸਲ ਕਰ ਚੁਕਾ ਹੈ। ਹੁਣ ਦੇਸ਼ ਦੀਆਂ ਨੀਤੀਆਂ ਦਾ ਕੇਂਦਰ ਨਵੀਂ ਦਿਲੀ ਤੋਂ ਬਦਲ ਕੇ ਫੰਡ ਦੇ ਹੈਡਕੁਆਰਟਰ ਵਾਸ਼ਿੰਗਟਨ ਪਹੁੰਚ ਗਿਆ।

ਇਹ ਲੇਖ ਇਸ ਤਬਦੀਲੀ ਨੂੰ ਸਮਝਣ ਦੀ ਕੋਸ਼ਿਸ ਹੈ। ਇਸਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਪਹਿਲੇ ਹਿੱਸੇ ਵਿਚ ਅੰਤਰ-ਰਾਸ਼ਟਰੀ ਮੁਦਰਾ ਫੰਡ ਦੀ ਹੋਂਦ ਅਤੇ ਕੰਮ ਕਾਜ ਬਾਰੇ ਸੰਖੇਪ ਵਿਚ ਦਿਤਾ ਗਿਆ ਹੈ। ਇਥੇ ਫੰਡ ਦੇ ਬੁਨਿਆਦੀ ਖਾਸੇ ਨੂੰ ਨਿਖੇੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪ੍ਰਸੰਗ ਵਿਚ ਇਸ ਦੇ ਸਾਮਰਾਜਵਾਦੀ ਅਤੇ ਪਛੜੇ ਦੇਸ਼ਾਂ ਨਾਲ ਸਬੰਧ ਦੀ ਵੀ ਗਲ ਕੀਤੀ ਹੈ। ਦੂਜੇ ਹਿੱਸੇ ਵਿਚ ਫੰਡ ਤੋਂ ਭਾਰਤ ਦੀ ਆਰਥਿਕਤਾ ਅਤੇ ਲੋਕਾਂ ਉਪਰ ਪ੍ਰਭਾਵ ਦੀ ਵਿਆਖਿਆ ਕੀਤੀ ਗਈ ਹੈ। ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਜਿਹੜੀਆਂ ਸ਼ਰਤਾਂ ਸਰਕਾਰ ਗੁਪਤ ਤੌਰ ਤੇ ਫੰਡ ਕੋਲ ਮੰਨ ਗਈ ਹੈ ਉਸ ਨੂੰ ਲੋਕਾਂ ਸਾਹਮਣੇ ਲਿਆਂਦਾ ਜਾ ਸਕੇ ਅਤੇ ਲੋਕਾਂ ਨੂੰ ਇਸ ਦੇ ਮਾਰੂ ਅਸਰ ਬਾਰੇ ਜਾਣੂ ਕਰਵਾਇਆ ਜਾ ਸਕੇ। ]

## ਅੰਤਰ-ਰਾਸ਼ਟਰੀ ਮੁਦਰਾ ਫੰਡ ਦੀ ਸਥਾਪਨਾ

ਅੰਤਰ-ਰਾਸ਼ਟਰੀ ਮੁਦਰਾ ਫੰਡ ਅਮਰੀਕਾ ਅਤੇ ਬਰਤਾਨੀਆਂ ਦੀਆਂ ਕੋਸ਼ਿਸ਼ਾਂ ਨਾਲ ਹੋਂਦ ਵਿਚ ਆਇਆ। ਇਹਨਾਂ ਨੇ ਪਹਿਲ ਕਰਕੇ 1944 ਵਿਚ ਬਰੈਟਨ ਵੂਡਜ਼, ਅਮਰੀਕਾ ਵਿਚ ਇਕ ਕਾਨਫਰੰਸ ਸੱਦੀ। ਕਾਨਫਰੰਸ ਵਿਚ 44 ਦੇਸ਼ਾਂ ਨੇ ਭਾਗ ਲਿਆ ਇਸ ਵਿਚ ਹਿੱਸਾ ਲੈਣ ਵਾਲੇ ਜ਼ਿਆਦਾਤਰ ਪੱਛਮੀ ਦੇਸ਼ ਹੀ ਸਨ। ਇਹਨਾਂ ਵਿਚ ਵੀ ਉਹ ਜਿਹੜੇ ਅਮਰੀਕਾ-ਬਰਤਾਨੀਆਂ ਦੇ ਹਮਾਇਤੀ ਸਨ। ਰੂਸ ਵੀ ਇਸ ਕਾਨਫਰੰਸ ਵਿਚ ਸ਼ਾਮਲ ਹੋਇਆ ਪਰ ਇਸ ਅਦਾਰੇ ਦਾ ਮੈਂਬਰ ਨਾ ਬਣਿਆ। ਇਸੇ ਕਰਕੇ ਸ਼ੁਰੂ ਵਿਚ ਜਿਹੜੇ ਪੂਰਬੀ ਯੂਰਪ ਦੇਸ਼ ਇਸ ਦੇ ਮੈਂਬਰ ਵੀ ਬਣੇ ਉਹਨਾਂ ਨੇ ਆਪਣੀ ਮੈਂਬਰਸ਼ਿਪ ਵਾਪਸ ਲੈ ਲਈ।

ਇਸ ਸੰਸਥਾ ਦੀ ਰੂਪ ਰੇਖਾ ਤਿਆਰ ਕਰਨ ਵਾਸਤੇ ਦੋ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ। ਇਕ ਤਜਵੀਜ਼ ਅਮਰੀਕਾ ਵਲੋਂ ਪੇਸ਼ ਕੀਤੀ ਗਈ ਜਿਹੜੀ ਹੈਰੀ ਵਾਈਟ ਨੇ ਤਿਆਰ ਕੀਤੀ ਸੀ। ਦੂਸਰੀ ਤਜਵੀਜ਼ ਬਰਤਾਨੀਆਂ ਵਲੋਂ ਰਖੀ ਗਈ। ਬਰਤਾਨਵੀ ਤਜਵੀਜ਼ ਜੇ.ਐਮ. ਕੈਨਜ਼ (ਜੋ ਆਪਣੇ ਸਮੇਂ ਦਾ ਪ੍ਰਸਿੱਧ ਅਰਥ ਵਿਗਿਆਨੀ ਅਤੇ ਸਰਮਾਏਦਾਰੀ ਪੱਖੀ, ਸਭ ਤੋਂ ਪ੍ਰਭਾਵ-ਸ਼ਾਲੀ ਬੁਧੀਜੀਵੀ ਹੋਇਆ ਹੈ) ਨੇ ਤਿਆਰ ਕੀਤੀ। ਦੋਹਾਂ ਤਜਵੀਜ਼ਾਂ ਦਾ ਮੁਖ ਮੰਤਵ ਸਰਮਾਏਦਾਰੀ ਢਾਂਚੇ ਨੂੰ ਮਜ਼ਬੂਤ ਬਣਾਉਣ ਵਾਸਤੇ ਇਸ ਵਿਚੋਂ ਵਪਾਰਕ ਉਤਾਰ ਚੜ੍ਹਾਅ ਘਟਾਉਣਾ ਸੀ। ਬਹਿਸ ਤੋਂ ਬਾਅਦ ਅਮਰੀਕੀ ਤਜਵੀਜ਼ ਨੂੰ ਪ੍ਰਵਾਨ ਕਰ ਲਿਆ ਅਤੇ ਇਸ ਵਿਚ ਬਰਤਾਨਵੀ ਵਿਚਾਰਾਂ ਨੂੰ ਵੀ ਕੁਝ ਥਾਂ ਦੇ ਕੇ ਸ਼ਾਮਲ ਕਰ ਲਿਆ ਗਿਆ। ਅੰਤਰ ਰਾਸ਼ਟਰੀ ਮੁਦਰਾ ਫੰਡ ਅਮਰੀਕਾ ਅਤੇ ਬਰਤਾਨੀਆਂ ਦੀ ਹੀ ਘੜਤ ਹੈ। ਇਸ

ਵਿਚ ਤੀਜੀ ਦੁਨੀਆਂ ਦੇ ਜਿਨ੍ਹਾਂ ਦੇਸ਼ਾਂ ਨੂੰ ਸ਼ੁਰੂ ਵਿਚ ਸ਼ਾਮਲ ਕੀਤਾ ਗਿਆ ਉਹ ਇਕ ਜਾਂ ਦੂਜੇ ਰੂਪ ਵਿਚ ਬਰਤਾਨੀਆਂ ਦੀਆਂ ਹੀ ਬਸਤੀਆਂ ਸਨ।

ਸਾਮਰਾਜਵਾਦੀ ਦੇਸ਼ਾਂ ਵਿਚ ਮੰਡੀਆਂ ਦੀ ਵੰਡ ਅਤੇ ਬਸਤੀਆਂ ਉਪਰ ਕੰਟਰੋਲ ਕਰਨ ਦੇ ਸਵਾਲ ਵਿਚ ਆਪਸੀ ਵਿਰੋਧ ਇਥੋਂ ਤਕ ਤਿੱਖਾ ਹੋ ਗਿਆ ਕਿ ਉਹਨਾਂ ਆਪਸ ਵਿਚ ਦੂਜੀ ਸੰਸਾਰ ਜੰਗ ਵੀ ਲੜੀ। ਦੂਜੀ ਸੰਸਾਰ ਜੰਗ ਤੋਂ ਬਾਅਦ ਰਵਾਇਤੀ ਸਾਮਰਾਜਵਾਦੀ ਤਾਕਤਾਂ ਕਾਫੀ ਕਮਜ਼ੋਰ ਹੋ ਗਈਆਂ। ਉਹਨਾਂ ਵਾਸਤੇ ਬਸਤੀਆਂ ਉਪਰ ਸਿਧੇ ਰੂਪ ਵਿਚ ਹਕੂਮਤ ਕਰਨਾ ਸੰਭਵ ਨਾ ਰਿਹਾ। ਆਪਸੀ ਵਿਰੋਧਤਾਈਆਂ ਕਾਰਨ ਆਈ ਕਮਜ਼ੋਰੀ ਨੂੰ ਸਾਮਰਾਜਵਾਦੀ ਤਾਕਤਾਂ ਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਅਤੇ ਆਪਸ ਵਿਚ ਇਕ ਦੂਜੇ ਨਾਲ ਮਿਲਵਰਤਣ ਵਧਾਉਣ ਬਾਰੇ ਸੋਚਣ ਲਗ ਪਏ।

ਦੂਜੇ ਪਾਸੇ ਬਸਤੀਆਂ ਵਿਚ ਕੌਮੀ ਆਜ਼ਾਦੀ ਦੀਆਂ ਲਹਿਰਾਂ ਨੇ ਕਾਫੀ ਜ਼ੋਰ ਫੜ ਲਿਆ। ਬਸਤੀਆਂ ਦੇ ਲੋਕਾਂ ਨੇ ਆਪਣੀ ਖੁਦ-ਮੁਖਤਿਆਰੀ ਦੀ ਮੰਗ ਨੂੰ ਲੈ ਕੇ ਲੰਮੇ ਘੋਲ ਲੜੇ ਅਤੇ ਬਸਤੀਵਾਦ ਨੂੰ ਡੂੰਘੀ ਸੱਟ ਮਾਰਨੀ ਸ਼ੁਰੂ ਕਰ ਦਿਤੀ। ਕੌਮੀ ਆਜ਼ਾਦੀ ਦੇ ਘੋਲਾਂ ਨੂੰ ਅੰਤਰ ਰਾਸ਼ਟਰੀ ਮਜ਼ਦੂਰ ਲਹਿਰ ਦੀ ਪਹਿਲੀ ਵਡੀ ਜਿੱਤ ਰੂਸ ਵਿਚ 1917 ਦੇ ਸਮਾਜਵਾਦੀ ਇਨਕਲਾਬ ਨਾਲ ਹੋਈ। ਦੂਜੀ ਸੰਸਾਰ ਜੰਗ ਤੋਂ ਬਾਅਦ ਪੂਰਬੀ ਯੂਰਪ ਦੇ ਦੇਸ਼ ਸਮਾਜਵਾਦੀ ਪ੍ਰਭਾਵ ਹੇਠ ਆ ਗਏ ਅਤੇ ਚੀਨ ਵਿਚ ਸਮਾਜਵਾਦ ਦੀ ਜਿਤ ਯਕੀਨੀ ਹੋ ਗਈ। ਬਸਤੀਆਂ ਦੀਆਂ ਕੌਮੀ ਆਜ਼ਾਦੀ ਦੀਆਂ ਲਹਿਰਾਂ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਮਜ਼ਦੂਰ ਜਮਾਤ ਦੀ ਅਗ-ਵਾਈ ਵਿਚ ਸਮਾਜਵਾਦ ਦੀ ਲਹਿਰ ਸਾਮਰਾਜਵਾਦ ਵਾਸਤੇ ਮੁਖ ਖ਼ਤਰਾ ਬਣ ਗਈ।

ਇਹਨਾਂ ਹਾਲਤਾਂ ਵਿਚ ਸਾਮਰਾਜਵਾਦੀ ਤਾਕਤਾਂ ਨੂੰ ਇਹ ਸਾਫ਼ ਨਜ਼ਰ ਆਉਣ ਲੱਗ ਪਿਆ ਕਿ ਬਸ-ਤੀਆਂ ਉਪਰ ਹਕੂਮਤ ਜਮਾਈ ਰਖਣਾ ਉਹਨਾਂ ਦੇ ਵੱਸ ਦਾ ਰੋਗ ਨਹੀਂ। ਸਾਮਰਾਜਵਾਦੀ ਦੇਸ਼ਾਂ ਦੇ ਬਸਤੀਆਂ ਨਾਲ ਲੰਮੇਂ ਸਮੇਂ ਤੋਂ ਚਲੇ ਆ ਰਹੇ ਆਰਥਿਕ ਸਬੰਧ ਖ਼ਤਰੇ ਵਿਚ ਪੈ ਗਏ। ਬਸਤੀਆਂ ਨੂੰ ਉਹਨਾਂ ਨੇ ਕੱਚੇ ਮਾਲ ਦਾ ਸੋਮਾ ਅਤੇ ਪੱਕੇ ਮਾਲ ਦੀ ਮੰਡੀ ਵਜੋਂ ਤਿਆਰ ਕੀਤਾ ਹੋਇਆ ਸੀ। ਬਸਤੀਆਂ ਦੀ ਆਰਥਿਕਤਾ ਉਪਰ ਆਪਣਾ ਕੰਟਰੋਲ ਕਰਕੇ ਉਹ ਬਸਤੀਆਂ ਨੂੰ ਲੰਮੇਂ ਸਮੇਂ ਤੋਂ ਲੁਟ ਰਹੇ ਸਨ। ਬਸਤੀਆਂ ਵਿਚ ਆਜ਼ਾਦੀ ਦੀ ਲਹਿਰ ਅਤੇ ਸਮਾਜਵਾਦ ਦਾ ਫੈਲਾਅ ਸਾਮਰਾਜ-ਵਾਦੀਆਂ ਦੀ ਬਸਤੀਵਾਦੀ ਲੁਟ ਲਈ ਖ਼ਤਰਾ ਬਣ ਕੇ ਸਾਹਮਣੇ ਆਏ। ਇਹਨਾਂ ਹਾਲਤਾਂ ਵਿਚ ਸਾਮਰਾਜਵਾਦੀਆਂ ਦੀ ਇਹ ਜ਼ਰੂਰਤ ਸੀ ਕਿ ਆਪਸੀ ਮਿਲਵਰਤਣ ਵਧਾ ਕੇ ਬਸਤੀਆਂ ਦੀ ਲੁਟ ਨੂੰ ਕਿਸੇ ਨਾ ਕਿਸੇ ਤਰ੍ਹਾਂ ਜਾਰੀ ਰਖਿਆ ਜਾਵੇ।

ਸਰਮਾਏਦਾਰੀ ਢਾਂਚੇ ਵਿਚ ਗੰਭੀਰ ਸੰਕਟ ਆਉਣ ਨਾਲ 1930 ਤੋਂ ਬਾਅਦ ਬਹੁਤ ਸਾਰੇ ਦੇਸ਼ਾਂ ਵਿਚ ਕਰੰਸੀ ਸੰਕਟ ਵੀ ਆਏ ਅਤੇ ਉਹਨਾਂ ਨੇ ਆਪਣੀਆਂ ਕਰੰਸੀਆਂ ਦੇ ਸੋਨੇ ਵਿਚ ਖੁਲ੍ਹੇ ਤਬਾਦਲੇ ਬੰਦ ਕਰ ਦਿਤੇ। ਇਸ ਨਾਲ ਸੰਸਾਰ ਪੱਧਰ ਤੇ ਵਖ ਵਖ ਦੇਸ਼ਾਂ ਦੀਆਂ ਕਰੰਸੀਆਂ ਨੂੰ ਆਪਸ ਵਿਚ ਵਰਤਣਾ ਸੰਭਵ ਨਾ ਰਿਹਾ। ਜਿਸ ਕਰਕੇ ਸਾਮਰਾਜੀ ਦੇਸ਼ਾਂ ਦੀ ਇਹ ਜ਼ਰੂਰਤ ਸੀ ਕਿ ਵਿਦੇਸ਼ੀ ਵਪਾਰ ਦੇ ਰਸਤੇ ਵਿਚ ਆਈਆਂ ਮੁਦਰਾ ਰੁਕਾਵਟਾਂ ਦੂਰ ਕੀਤੀਆਂ ਜਾਣ ਅਤੇ ਸੰਸਾਰ ਪੱਧਰ ਤੇ ਸਰਮਾਏ ਦੀ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਜਾਣ ਤੇ ਮਦਦ ਮਿਲੇ। ਬਰੈਟਨ ਵੂਡਜ਼ ਕਾਨਫਰੰਸ ਦਾ ਬੁਨਿਆਦੀ ਉਦੇਸ਼ ਬਦਲ ਰਹੀਆਂ ਹਾਲਤਾਂ ਵਿਚ ਸੰਸਾਰ ਵਿਚ ਇਸ ਤਰ੍ਹਾਂ ਦਾ ਪ੍ਰਬੰਧ ਕਰਨਾ ਸੀ ਜਿਸ ਨਾਲ ਸਰਮਾਏਦਾਰੀ ਢਾਂਚੇ ਦੇ ਵਿਕਾਸ ਵਿਚ ਪਈਆਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ, ਭਾਵ ਸੰਸਾਰ ਵਿਆਪਕ ਸਰਮਾਏਦਾਰੀ ਢਾਂਚੇ ਦੀਆਂ ਨੀਂਹਾਂ ਮਜ਼ਬੂਤ ਕੀਤੀਆਂ ਜਾ ਸਕਣ। ਇਸ ਸਮੇਂ ਇਹ ਵੀ ਮਹਿਸੂਸ ਕੀਤਾ ਗਿਆ ਕਿ ਸਰ-ਮਾਏਦਾਰ ਦੇਸ਼ਾਂ ਦੀਆਂ ਆਪਸੀ ਵਿਰੋਧਤਾਈਆਂ ਘਟ ਕਰਕੇ ਇਸਦੀ ਜਗ੍ਹਾ ਇਹਨਾਂ ਦੇਸ਼ਾਂ ਵਿਚ ਆਪਸੀ ਸਹਿਯੋਗ ਪੈਦਾ ਕਰਕੇ ਸਰਮਾਏਦਾਰ ਢਾਂਚੇ ਨੂੰ ਮਜ਼ਬੂਤੀ ਵਲ ਵਧਾਇਆ ਜਾਵੇ।

ਬਰੈਟਨ ਵੂਡਜ਼ ਕਾਨਫਰੰਸ ਨੇ ਇਹਨਾਂ ਉਦੇਸ਼ਾਂ ਵਾਸਤੇ ਦੋ ਸੰਸਥਾਵਾਂ ਨੂੰ ਜਨਮ ਦਿਤਾ। ਇਹ ਹਨ – ਅੰਤਰ-ਰਾਸ਼ਟਰੀ ਮੁਦਰਾ ਫੰਡ ਅਤੇ ਸੰਸਾਰ ਬੈਂਕ।

ਸੰਸਾਰ ਬੈਂਕ ਦਾ ਮੁਖ ਕੰਮ ਸੰਸਾਰ ਵਿਆਪੀ ਸਰਮਾਏਦਾਰ ਢਾਂਚੇ ਵਿਚ ਸਰਮਾਏ ਦੇ ਵਿਕਾਸ ਵਾਸਤੇ ਮਾਹੌਲ ਪੈਦਾ ਕਰਨਾ ਰਖਿਆ ਗਿਆ। ਇਸ ਕੰਮ ਨੂੰ ਸਿਰੇ ਚਾੜ੍ਹਨ ਵਾਸਤੇ ਇਸ ਸੰਸਥਾ ਜ਼ਿੰਮੇਂ ਸਰਮਾਏ ਨੂੰ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਜਾਣ ਵਾਸਤੇ ਰੁਕਾਵਟਾਂ ਦੂਰ ਕਰਨੀਆਂ ਅਤੇ ਉਸ ਵਾਸਤੇ ਸੁਰੱਖਿਆ ਅਤੇ ਗਾਰੰਟੀ ਪੈਦਾ ਕਰਨਾ ਰਖਿਆ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਰਮਾਇਆ ਹਮੇਸ਼ਾਂ ਸਾਮਰਾਜਵਾਦੀ ਦੇਸ਼ਾਂ ਤੋਂ ਪਛੜੇ ਦੇਸ਼ਾਂ ਵਲ ਮੁਨਾਫ਼ੇ ਕਮਾਉਣ ਵਾਸਤੇ ਜਾਂਦਾ ਹੈ। ਇਸ ਕਰਕੇ ਸੰਸਾਰ ਬੈਂਕ ਦਾ ਕੰਮ ਸਾਮਰਾਜਵਾਦੀ ਦੇਸ਼ਾਂ ਤੋਂ ਸਿੱਧੇ ਰੂਪ ਵਿਚ ਬਸਤੀਆਂ ਦਾ ਸਿਆਸੀ ਕੰਟਰੋਲ ਖੁੱਸ ਜਾਣ ਕਰਕੇ, ਉਹਨਾਂ ਦੇ ਵਿਦੇਸ਼ਾਂ ਵਿਚ ਸਰਮਾਏ ਨੂੰ ਸੁਰਖਿਆ ਅਤੇ ਉਸ ਉਪਰੋਂ ਹੋਏ ਮੁਨਾਫ਼ੇ ਨੂੰ ਸਾਮਰਾਜੀ ਦੇਸ਼ਾਂ ਵਿਚ ਵਾਪਸ ਲਿਆਉਣ

ਵਿਚ ਮਦਦ ਕਰਨੀ ਅਤੇ ਉਸ ਦੀ ਗਰੰਟੀ ਪੈਦਾ ਕਰਨਾ ਰਖਿਆ ਗਿਆ।

ਦੂਜੇ ਪਾਸੇ ਅੰਤਰ-ਰਾਸ਼ਟਰੀ ਮੁਦਰਾ ਫੰਡ ਦਾ ਕੰਮ ਸੰਸਾਰ ਪੱਧਰ ਤੇ ਅੰਤਰ-ਰਾਸ਼ਟਰੀ ਵਪਾਰ ਵਧਾਉਣ ਵਾਸਤੇ ਮਾਹੌਲ ਸਾਵਾਂ ਬਣਾਉਣਾ ਰਖਿਆ ਗਿਆ। ਇਸ ਕੰਮ ਵਾਸਤੇ ਇਸ ਦੇ ਜ਼ਿੰਮੇ ਵਸਤਾਂ ਦੇ ਵਿਦੇਸ਼ੀ ਵਟਾਂਦਰੇ ਵਿਚ ਹੋਈਆਂ ਮੁਖ ਮੁਸ਼ਕਲਾਂ ਨੂੰ ਦੂਰ ਕਰਨਾ ਰਖਿਆ ਗਿਆ। ਕਿਉਂਕਿ ਵਡੇ ਮੰਦਵਾੜੇ (1919-33) ਤੋਂ ਬਾਅਦ ਹੀ ਅੰਤਰ-ਰਾਸ਼ਟਰੀ ਮੁਦਰਾ ਦਾ ਢਾਂਚਾ (ਜੋ ਸੋਨੇ ਉਪਰ ਅਧਾਰਤ ਸੀ) ਟੁੱਟ ਜਾਣ ਨਾਲ ਸੰਸਾਰ ਪੱਧਰ ਤੇ ਵਸਤਾਂ ਦੇ ਵਟਾਂਦਰੇ ਵਿਚ ਮੁਖ ਰੁਕਾਵਟ ਇਹ ਪਈ ਕਿ ਸੋਨੇ ਤੋਂ ਬਿਨਾਂ ਹੋਰ ਕੋਈ ਵਟਾਂਦਰੇ ਦਾ ਮਾਧਿਅਮ ਸੰਸਾਰ ਵਿਚ ਨਾ ਰਿਹਾ। ਸੋਨਾ ਸਿੱਕੇ ਬਣਾਉਣ ਤੋਂ ਬਿਨਾਂ ਉਦਯੋਗਿਕ ਕੱਚਾ ਮਾਲ ਹੋਣ ਕਰਕੇ ਇਸ ਦੀ ਪੂਰਤੀ ਮੰਗ ਦੇ ਨਾਲ ਨਾ ਵਧ ਸਕੀ। ਸੋਨੇ ਦੀ ਘਾਟ ਕਾਰਨ ਸੰਸਾਰ ਪੱਧਰ ਤੇ ਵਿਦੇਸ਼ੀ ਵਪਾਰ ਨੂੰ ਧੱਕਾ ਲਗਣ ਲਗਾ। ਦੂਸਰੇ ਦੇਸ਼ਾਂ ਦੀ ਤਿਜਾਰਤ ਵਿਚ ਜਦ ਕਦੇ ਵੀ ਉਹਨਾਂ ਦੀ ਬਰਾਮਦਾਂ (Export) ਦਰਾਮਦਾਂ (Import) ਤੋਂ ਘਟ ਹੁੰਦੀਆਂ ਤਾਂ ਉਹਨਾਂ ਨੂੰ ਸੋਨਾ ਬਾਹਰ ਭੇਜਣਾ ਪੈਂਦਾ। ਕਿਸੇ ਵੀ ਦੇਸ਼ ਦੇ ਖ਼ਜ਼ਾਨੇ ਵਿਚ ਸੋਨੇ ਦੀ ਮਾਤਰਾ ਉਸ ਦੇਸ਼ ਦੀ ਕਰੰਸੀ ਦਾ ਇਕ ਅਹਿਮ ਆਧਾਰ ਹੁੰਦੀ ਹੈ। ਜਦੋਂ ਵੀ ਕਿਸੇ ਦੇਸ਼ ਨੂੰ ਉਸ ਦੀਆਂ ਬਰਾਮਦਾਂ ਨਾਲੋਂ ਦਰਾਮਦਾਂ ਵਧ ਹੁੰਦੀਆਂ ਤਾਂ ਸੋਨਾ ਬਾਹਰ ਭੇਜਣਾ ਪੈਂਦਾ ਇਸ ਨਾਲ ਉਸ ਦੇਸ਼ ਦੇ ਕਰੰਸੀ ਸਿਸਟਮ ਵਿਚ ਅਸਥਿਰਤਾ ਆ ਜਾਂਦੀ। ਜਿਸ ਕਰਕੇ ਕਈ ਦੇਸ਼ ਆਪਣੇ ਵਪਾਰ ਦੇ ਭੁਗਤਾਨ ਨੂੰ ਸੰਤੁਲਨ ਵਿਚ ਰਖਣ ਲਈ ਦਰਾਮਦਾਂ ਉਪਰ ਰੋਕਾਂ ਲਾ ਦਿੰਦੇ। ਇਸ ਕਿਸਮ ਦੀਆਂ ਰੁਕਾਵਟਾਂ ਅੰਤਰ ਰਾਸ਼ਟਰੀ ਮੁਦਰਾ ਦੇ ਢਾਂਚੇ ਦੇ ਫੇਲ੍ਹ ਹੋ ਜਾਣ ਕਾਰਨ ਪੈਦਾ ਹੋਈਆਂ ਸਨ। ਅੰਤਰ ਰਾਸ਼ਟਰੀ ਮੁਦਰਾ ਫੰਡ ਦਾ ਕੰਮ ਇਹਨਾਂ ਨੂੰ ਦੂਰ ਕਰਕੇ ਇਕ ਸਥਿਰ ਅੰਤਰ ਰਾਸ਼ਟਰੀ ਮੁਦਰਾ ਦਾ ਢਾਂਚਾ ਕਾਇਮ ਕਰਨਾ ਸੀ ਜੋ ਅੰਤਰ ਰਾਸ਼ਟਰੀ ਪੱਧਰ ਤੇ ਵਿਦੇਸ਼ੀ ਵਪਾਰ ਨੂੰ ਵਧਾਉਣ ਵਿਚ ਸਹਾਈ ਹੋਵੇ।

ਬਰੈਟਨ ਵੁਡਜ਼ ਸਮਝੌਤੇ ਦੀ ਪਹਿਲੀ ਮੱਦ ਅਨੁਸਾਰ ਇਸ ਦੇ ਹੇਠ ਲਿਖੇ ਛੇ ਮੰਤਵ ਰਖੇ ਗਏ —

1. ਅੰਤਰ ਰਾਸ਼ਟਰੀ ਮੁਦਰਾ ਸਹਿਕਾਰਤਾ ਵਧਾਉਣਾ ਅਤੇ ਇਕ ਸਥਾਈ ਸੰਸਥਾ ਬਣਾਉਣਾ ਜੋ ਰਾਸ਼ਟਰੀ ਮੁਦਰਾ ਸਮਸਿਆਵਾਂ ਵਾਸਤੇ ਸਲਾਹ ਮਸ਼ਵਰੇ ਅਤੇ ਸਾਂਝ ਭਿਆਲੀ ਦੀ ਮਸ਼ੀਨ ਦਾ ਕੰਮ ਕਰੇ।

2. ਅੰਤਰ ਰਾਸ਼ਟਰੀ ਵਪਾਰ ਦੇ ਸੰਤੁਲਤ ਵਿਕਾਸ ਵਾਸਤੇ ਸਹੂਲਤਾਂ ਪੈਦਾ ਕਰਨਾ ਜਿਸ ਨਾਲ ਕੌਮਾਂਤਰੀ ਪੱਧਰ ਤੇ ਰੁਜ਼ਗਾਰ ਅਤੇ ਆਮਦਨ ਦਾ ਉੱਚ ਪੱਧਰ ਕਾਇਮ ਹੋ ਕੇ ਪੈਦਾਵਾਰ ਦੇ ਸਾਧਨਾਂ ਦਾ ਵਿਕਾਸ ਹੋਵੇ।

3. ਸੰਸਾਰ ਪੱਧਰ ਤੇ ਦੇਸ਼ਾਂ ਵਿਚਕਾਰ ਨਿਯਮਤ ਵਟਾਂਦਰਾ ਸਬੰਧ ਬਣਾਉਣਾ ਅਤੇ ਉਹਨਾਂ ਦੀਆਂ ਕਰੰਸੀਆਂ ਦੇ ਵਟਾਂਦਰਾ ਦਰਾਂ ਦੀ ਸਥਿਰਤਾ ਕਰਕੇ ਉਹਨਾਂ ਦੀ ਕਰੰਸੀ ਮੁਲ ਘਟਾਉਣ ਦੀ ਦੌੜ ਨੂੰ ਰੋਕਣਾ।

4. ਦੇਸ਼ਾਂ ਵਿਚਕਾਰ ਚਾਲੂ ਖਾਤਿਆਂ ਦੇ ਭੁਗਤਾਨ ਵਾਸਤੇ ਬਹੁਦੇਸ਼ੀ ਭੁਗਤਾਨ ਸਿਸਟਮ ਕਾਇਮ ਕਰਨਾ ਅਤੇ ਵਿਦੇਸ਼ੀ ਸਿੱਕੇ ਤੇ ਵਖ ਵਖ ਦੇਸ਼ਾਂ ਵਲੋਂ ਲਾਈਆਂ ਪਾਬੰਦੀਆਂ ਨੂੰ ਦੂਰ ਕਰਨਾ।

5. ਮੈਂਬਰ ਦੇਸ਼ਾਂ ਨੂੰ ਫੰਡ ਦੇ ਸਾਧਨਾਂ ਦੀ ਸਹੂਲਤ ਦੇ ਕੇ ਉਹਨਾਂ ਦੇ ਵਪਾਰਿਕ ਭੁਗਤਾਨ ਦੇ ਅਸੰਤੁਲਨ ਨੂੰ ਹੱਲ ਕਰਨ ਲਈ ਮਦਦ ਕਰਨ ਤੇ ਉਹਨਾਂ ਵਿਚ ਸਵੈ-ਵਿਸ਼ਵਾਸ ਪੈਦਾ ਕਰਨਾ।

6. ਇਸ ਸਬੰਧ ਵਿਚ ਮੈਂਬਰਾਂ ਦੇ ਅੰਤਰ ਰਾਸ਼ਟਰੀ ਭੁਗਤਾਨ ਦੀ ਬਾਕੀ ਦੇ ਅਸੰਤੁਲਨ ਦਾ ਪੱਧਰ ਅਤੇ ਸਮਾਂ ਘਟਾਉਣਾ।

## ਫੰਡ ਦੇ ਮੁਖ ਨਿਯਮ

ਇਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਨ ਵਾਸਤੇ ਅੰਤਰ-ਰਾਸ਼ਟਰੀ ਫੰਡ ਕਾਇਮ ਕੀਤਾ ਗਿਆ। ਫੰਡ ਕਾਇਮ ਕਰਨ ਨਾਲ ਸੋਨੇ ਨੂੰ ਇਸ ਦਾ ਆਧਾਰ ਬਣਾਇਆ ਗਿਆ। ਹਰ ਮੈਂਬਰ ਦੇਸ਼ ਦੀ ਕਰੰਸੀ ਦਾ ਮੁਲ ਸੋਨੇ ਵਿਚ ਮਿਥਿਆ ਗਿਆ। ਹਰ ਮੈਂਬਰ ਦੇਸ਼ ਉਪਰ ਇਹ ਸ਼ਰਤ ਲਾਈ ਗਈ ਕਿ ਉਹ ਫੰਡ ਦੀ ਮਨਜ਼ੂਰੀ ਤੋਂ ਬਿਨਾਂ ਆਪਣੀ ਕਰੰਸੀ ਦਾ ਮੁਲ 10% ਤੋਂ ਵਧ ਤਬਦੀਲ ਨਹੀਂ ਕਰ ਸਕਦਾ। ਕਿਉਂਕਿ ਉਸ ਸਮੇਂ ਸਿਰਫ਼ ਅਮਰੀਕੀ ਸਰਕਾਰ ਹੀ ਆਪਣੀ ਕਰੰਸੀ, ਡਾਲਰ, ਨੂੰ ਸੋਨੇ ਵਿਚ ਖੁਲ੍ਹੇ ਤੌਰ ਤੇ ਬਦਲਣ ਦੀ ਸਹੂਲਤ ਦਿੰਦੀ ਸੀ। ਇਸ ਕਰਕੇ ਹਰ ਦੇਸ਼ ਦੀ ਕਰੰਸੀ ਦਾ ਮੁਲ ਡਾਲਰ ਵਿਚ ਵੀ ਨਿਸ਼ਚਿਤ ਕੀਤਾ ਗਿਆ। ਇਸ ਤਰ੍ਹਾਂ ਡਾਲਰ ਦਾ ਦਰਜਾ ਸੋਨੇ ਦੇ ਬਰਾਬਰ ਹੋ ਗਿਆ ਅਤੇ ਸੋਨੇ ਵਿਚ ਸਭ ਦੇਸ਼ਾਂ ਦੀਆਂ ਕਰੰਸੀਆਂ ਦਾ ਮੁਲ ਨਿਸ਼ਚਤ ਕੀਤਾ ਗਿਆ। ਇਸ ਨਾਲ ਸੋਨੇ ਦੀ ਅਹਿਮੀਅਤ ਦੇ ਨਾਲ ਨਾਲ ਡਾਲਰ ਦੀ ਅਹਿਮੀਅਤ ਵੀ ਵਧ ਗਈ।

ਫੰਡ ਦੇ ਮੈਂਬਰ ਬਣਾਉਣ ਵਾਸਤੇ ਹਰ ਦੇਸ਼ ਲਈ ਇਹ ਸ਼ਰਤ ਲਾਈ ਗਈ ਕਿ ਉਹ ਅੰਤਰ ਰਾਸ਼ਟਰੀ ਮੁਦਰਾ ਫੰਡ ਵਿਚ ਆਪਣਾ ਹਿੱਸਾ ਪਾਵੇ ਜਿਸ ਨੂੰ ਕੋਟਾ ਕਿਹਾ ਗਿਆ। ਮੈਂਬਰ ਬਣਨ ਵਾਸਤੇ ਜ਼ਰੂਰੀ ਸੀ ਕਿ ਕੁਲ ਕੋਟੇ ਦਾ ਇਕ ਚੌਥਾਈ ਸੋਨੇ ਵਿਚ ਅਤੇ ਤਿੰਨ

ਚੌਥਾਈ ਹਿੱਸਾ ਆਪਣੀ ਕਰੰਸੀ ਵਿਚ ਫੰਡ ਨੂੰ ਦੇਵੇ। ਕਿਉਂ ਕਿ ਡਾਲਰ ਦਾ ਸਥਾਨ ਸੋਨੇ ਦੇ ਬਰਾਬਰ ਸੀ ਕੋਈ ਵੀ ਮੈਂਬਰ ਆਪਣੇ ਇਕ ਚੌਥਾਈ ਕੋਟੇ ਦੇ ਸੋਨੇ ਦੀ ਬਜਾਏ ਡਾਲਰ ਨਾਲ ਭੁਗਤਾਨ ਵੀ ਕਰ ਸਕਦਾ ਸੀ।

ਮੈਂਬਰ ਦੇਸ਼ਾਂ ਦੀਆਂ ਕਰੰਸੀਆਂ ਦਾ ਵਟਾਂਦਰਾ ਦਰ ਉਹਨਾਂ ਦੇ ਸੋਨੇ ਨਾਲ ਵਟਾਂਦਰਾ ਮੁਲ ਦੇ ਅਧਾਰ ਤੇ ਨਿਰਧਾਰਤ ਕੀਤਾ ਗਿਆ। ਸਧਾਰਨ ਹਾਲਤਾਂ ਵਿਚ ਮੈਂਬਰ ਦੇਸ਼ਾਂ ਤੇ ਉਹਨਾਂ ਦੀਆਂ ਕਰੰਸੀਆਂ ਦਾ ਵਟਾਂਦਰਾ ਦਰ ਬਦਲਣ ਤੇ ਮਨਾਹੀ ਰਖੀ ਗਈ। ਸਿਰਫ਼ ਵਿਦੇਸ਼ੀ ਸਿੱਕੇ ਦੀ ਗੰਭੀਰ ਅਤੇ ਬੁਨਿਆਦੀ ਭੁਗਤਾਨ ਸੰਤੁਲਨ ਦੀ ਸਮਸਿਆ ਸਮੇਂ ਹੀ ਵਟਾਂਦਰਾ ਦਰ ਬਦਲਣ ਦੀ ਸਹੂਲਤ ਰਖੀ ਗਈ।

ਥੋੜੇ ਸਮੇਂ ਲਈ ਵਿਦੇਸ਼ੀ ਸਿੱਕੇ ਦੀ ਥੁੜ ਤੇ ਮੈਂਬਰ ਦੇਸ਼ਾਂ ਨੂੰ ਅੰਤਰ ਰਾਸ਼ਟਰੀ ਫੰਡ ਵਲੋਂ ਉਹਨਾਂ ਦੇ ਕੋਟੇ ਦੇ ਬਰਾਬਰ ਕਰਜ਼ਾ ਮਿਲਣ ਦੀ ਸਹੂਲਤ ਦਿਤੀ ਗਈ। ਜੇ ਕਿਸੇ ਮੈਂਬਰ ਦੀ ਕਰਜ਼ੇ ਦੀ ਜ਼ਰੂਰਤ ਆਪਣੇ ਕੋਟੇ ਤੋਂ ਜ਼ਿਆਦਾ ਹੋਵੇ ਤਾਂ ਉਸ ਉਪਰ ਫੰਡ ਕੁਝ ਐਸੀਆਂ ਸ਼ਰਤਾਂ ਲਾ ਸਕਦਾ ਹੈ ਜਿਨ੍ਹਾਂ ਨੂੰ ਉਹ ਠੀਕ ਸਮਝਦਾ ਹੋਵੇ। ਇਸ ਦੇ ਇਲਾਵਾ ਫੰਡ ਕਿਸੇ ਵੀ ਮੈਂਬਰ ਦੇਸ਼ ਤੋਂ ਉਸ ਦੀ ਆਰਥਿਕਤਾ ਦੇ ਕਿਸੇ ਪਹਿਲੂ ਤੇ ਸੂਚਨਾ ਮੰਗ ਸਕਦਾ ਹੈ ਅਤੇ ਉਸ ਨੂੰ ਆਪਣੀ ਸਲਾਹ ਵੀ ਦੇ ਸਕਦਾ ਹੈ।

ਉਪਰ ਦਿਤੇ ਨਿਯਮਾਂ ਨਾਲ ਫੰਡ ਦੇ ਕੰਮ ਦੀ ਰੂਪ ਰੇਖਾ ਨਿਰਧਾਰਤ ਹੋ ਗਈ। ਇਹਨਾਂ ਨਿਯਮਾਂ ਨੂੰ ਨਿਰਧਾਰਤ ਕਰਨ ਵਿਚ ਅਮਰੀਕਾ ਦਾ ਅਹਿਮ ਰੋਲ ਸੀ। ਅਮਰੀਕਾ ਨੇ ਜ਼ੋਰ ਪਾ ਕੇ ਸੋਨੇ ਨੂੰ ਅੰਤਰ ਰਾਸ਼ਟਰੀ ਮੁਦਰਾ ਫੰਡ ਦੇ ਤਹਿਤ ਮੁਦਰਾ ਸਿਸਟਮ ਦਾ ਆਧਾਰ ਰਖਿਆ। ਇਹ ਇਸ ਕਰਕੇ ਸੀ ਕਿ ਉਸ ਵਕਤ ਅਮਰੀਕਾ ਪਾਸ ਸੰਸਾਰ ਦੇ ਮੁਦਰਾ-ਸੋਨੇ ਦਾ 80 ਪ੍ਰਤੀਸ਼ਤ ਸੀ। ਇਸੇ ਕਰਕੇ ਹੀ ਅਮਰੀਕਨ ਕਰੰਸੀ – ਡਾਲਰ ਦੀ ਹੀ ਤਬਦੀਲੀ ਸੋਨੇ ਵਿਚ ਖੁਲ੍ਹੇ ਆਮ ਹੋ ਸਕਦੀ ਸੀ। ਇਹ ਹੱਕ ਹੋਰ ਕਿਸੇ ਵੀ ਕਰੰਸੀ ਨੂੰ ਹਾਸਲ ਨਹੀਂ ਸੀ। ਇਸੇ ਕਰਕੇ ਅਮਰੀਕਨ ਡਾਲਰ ਨੂੰ ਅੰਤਰ-ਰਾਸ਼ਟਰੀ ਕਰੰਸੀ ਦਾ ਰੁਤਬਾ ਹਾਸਲ ਹੋ ਗਿਆ। ਬਰੇਟਨ ਵੁਡਜ਼ ਸਿਸਟਮ ਅਧੀਨ ਅੰਤਰ ਰਾਸ਼ਟਰੀ ਪੱਧਰ ਤੇ ਭੁਗਤਾਨ ਵਾਸਤੇ ਦੋ ਚੀਜ਼ਾਂ ਹੀ ਸੰਭਵ ਸਨ – ਇਕ ਸੋਨਾ ਅਤੇ ਦੂਜਾ ਡਾਲਰ। ਇਹ ਦੋਵੇਂ ਭੁਗਤਾਨ ਦੇ ਮਾਧਿਅਮ ਬਣ ਗਏ। ਸੋਨੇ ਦੀ ਸਪਲਾਈ ਸੋਨੇ ਦੇ ਉਤਪਾਦਨ ਤੇ ਨਿਰਭਰ ਕਰਦੀ ਹੈ। ਇਸ ਨਾਲ ਸੋਨਾ ਪੈਦਾ ਕਰਨ ਵਾਲੇ ਦੇਸ਼ਾਂ ਨੂੰ ਫਾਇਦਾ ਹੁੰਦਾ ਹੈ। ਦੂਜੇ ਪਾਸੇ ਡਾਲਰ ਛਾਪ ਕੇ ਅਮਰੀਕਾ ਅੰਤਰ-ਰਾਸ਼ਟਰੀ ਭੁਗਤਾਨ ਦਾ ਮਾਧਿਅਮ ਵਧਾ ਸਕਦਾ ਸੀ। ਕਿਉਂਕਿ ਸੋਨੇ ਦੇ ਉਤਪਾਦਨ ਵਿਚ ਵਾਧੇ ਦਾ ਰੇਟ ਅੰਤਰ-ਰਾਸ਼ਟਰੀ ਵਪਾਰ ਦੇ ਵਾਧੇ ਤੋਂ ਘਟ ਸੀ ਇਸ ਕਰਕੇ ਅੰਤਰ-ਰਾਸ਼ਟਰੀ ਭੁਗਤਾਨ ਦੇ ਮਾਧਿਅਮ ਦੀ ਸਪਲਾਈ ਜ਼ਿਆਦਾ ਡਾਲਰ ਛਾਪ ਕੇ ਕੀਤੀ ਜਾਂਦੀ ਰਹੀ। ਇਸ ਨਾਲ ਅਮਰੀਕਾ ਦੀ ਸੰਸਾਰ ਵਿਚ ਸਰਦਾਰੀ ਕਾਇਮ ਕਰਨ ਵਿਚ ਮਦਦ ਮਿਲੀ। ਕਿਉਂਕਿ ਜਿਥੇ ਦੂਜੇ ਦੇਸ਼ਾਂ ਨੂੰ ਆਪਣੀਆਂ ਵਸਤਾਂ ਬਾਹਰ ਭੇਜ ਕੇ ਵਿਦੇਸ਼ੀ ਸਿੱਕਾ ਕਮਾਉਣਾ ਪੈਂਦਾ ਸੀ, ਉਥੇ ਅਮਰੀਕਾ ਆਪਣੇ ਹੀ ਡਾਲਰ ਛਾਪ ਕੇ ਵਿਦੇਸ਼ੀ ਸਿੱਕਾ ਪੈਦਾ ਕਰ ਲੈਂਦਾ ਅਤੇ ਦੂਜੇ ਦੇਸ਼ਾਂ ਤੋਂ ਮਾਲ ਅਸਾਨੀ ਨਾਲ ਮੰਗਵਾ ਲੈਂਦਾ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਅਮਰੀਕਾ ਨੇ ਵੀਅਤ-ਨਾਮ ਦੇ ਖਿਲਾਫ਼ ਲੜਾਈ ਉਪਰ ਬਹੁਤਾ ਖ਼ਰਚ ਡਾਲਰ ਛਾਪ ਕੇ ਹੀ ਕੀਤਾ ਅਤੇ ਇਸ ਦਾ ਅਸਲੀ ਭਾਰ ਸੰਸਾਰ ਦੇ ਦੂਜੇ ਦੇਸ਼ਾਂ ਉਪਰ ਹੀ ਪਾਇਆ। ਅਗਸਤ 1971 ਵਿਚ ਅਮਰੀਕੀ ਰਾਸ਼ਟਰਪਤੀ ਨਿਕਸਨ ਨੇ ਡਾਲਰ ਨੂੰ ਖੁਲ੍ਹੇ ਆਮ ਸੋਨੇ ਵਿਚ ਬਦਲਣ ਦੀ ਸਹੂਲਤ ਬੰਦ ਕਰ ਦਿਤੀ ਜਿਸ ਨਾਲ ਡਾਲਰ ਦੇ ਵਕਾਰ ਵਿਚ ਕੁਝ ਅਸਰ ਪਿਆ। ਪਰ ਅਜੇ ਵੀ ਡਾਲਰ ਦੀ ਸੰਸਾਰ ਵਿਚ ਸਰਦਾਰੀ ਚਲਦੀ ਹੈ ਕਿਉਂਕਿ ਅਮਰੀਕਾ ਆਰਥਿਕ ਤੌਰ ਤੇ ਸੰਸਾਰ ਵਿਚ ਕਿਸੇ ਵੀ ਦੇਸ਼ ਤੋਂ ਵਡਾ ਹੈ। ਇਸੇ ਕਰਕੇ ਅਜੇ ਵੀ ਡਾਲਰ ਨੂੰ ਅੰਤਰ-ਰਾਸ਼ਟਰੀ ਭੁਗਤਾਨ ਦਾ ਮਾਧਿਅਮ ਮੰਨਿਆ ਜਾਂਦਾ ਹੈ। ਡਾਲਰ ਦੀ ਇਸ ਤਬਦੀਲੀ ਦੇ ਨਾਲ ਹੀ ਫੰਡ ਨੇ ਆਪਣਾ ਕਰੰਸੀ ਸਿਸਟਮ ਵੀ ਥੋੜਾ ਬਦਲ ਦਿਤਾ ਹੈ। ਇਸ ਨੇ ਨਿਸ਼ਚਿਤ ਵਟਾਂਦਰਾ ਦਰ ਦੀ ਥਾਂ ਤੇ ਸੀਮਤ ਬਦਲਦਾ(Floating) ਵਟਾਂਦਰਾ ਦਰ ਅਪਣਾ ਲਿਆ ਹੈ।

## ਅੰਤਰ ਰਾਸ਼ਟਰੀ ਫੰਡ ਦੀਆਂ ਨੀਤੀਆਂ ਦਾ ਆਧਾਰ

ਮੈਂਬਰ ਦੇਸ਼ ਵਿਦੇਸ਼ੀ ਸਿੱਕੇ ਦੇ ਡੂੰਘੇ ਸੰਕਟ ਦਾ ਸ਼ਿਕਾਰ ਹੋਣ ਤੇ ਫੰਡ ਨੂੰ ਕਰਜ਼ੇ ਲਈ ਦਰਖਾਸਤ ਦਿੰਦੇ ਹਨ। ਫੰਡ ਕਰਜ਼ੇ ਮਨਜ਼ੂਰ ਕਰਨ ਸਮੇਂ ਉਹਨਾਂ ਨੂੰ ਕੁਝ ਆਰਥਿਕ ਨੀਤੀਆਂ ਲਾਗੂ ਕਰਨ ਲਈ ਮਜਬੂਰ ਕਰਦਾ ਹੈ। ਉਹਨਾਂ ਨੀਤੀਆਂ ਦਾ ਆਧਾਰ ਅਰਥ ਵਿਗਿਆਨ ਦੇ ਕੁਝ ਖਾਸ ਅਸੂਲ ਹਨ ਇਨ੍ਹਾਂ ਪਿਛੇ ਪਿਛਾਂਹ-ਖਿਚੂ ਨਵ ਕਲਾਸੀਕਲ ਅਰਥ-ਵਿਗਿਆਨੀਆਂ ਦਾ ਹੀ ਜ਼ਿਆਦਾ ਬੋਲਬਾਲਾ ਹੈ। ਇਹ ਸਿਧਾਂਤ ਪੂੰਜੀਵਾਦੀ ਢਾਂਚੇ ਨੂੰ ਅਟਲ ਅਤੇ ਠੀਕ ਦਸਦਾ ਹੈ ਅਤੇ ਉਸ ਪੱਖ ਵਿਚ ਖਲੋਂਦਾ ਹੈ। ਇਸ ਅਨੁਸਾਰ ਪੂੰਜੀਵਾਦ ਦਾ ਵਿਕਾਸ ਹੀ ਸਿਰਫ ਕੁਦ-ਰਤੀ ਹੈ। ਇਸ ਦੀਆਂ ਆਦਰਸ਼ ਹਾਲਤਾਂ ਵਿਚ ਸੰਕਟ

ਨਹੀਂ ਹੋ ਸਕਦੇ। ਪੂਰਨ ਮੁਕਾਬਲੇ ਦੀ ਹੋਂਦ ਵਿਚ ਸਰਮਾਏਦਾਰ ਪ੍ਰਬੰਧਕ ਇਸ ਨੂੰ ਵਿਕਾਸ ਵਲ ਲਿਜਾਂਦੇ ਹਨ। ਜੇਕਰ ਮੰਦਵਾੜਾ ਆ ਰਿਹਾ ਹੈ ਤਾਂ ਉਸ ਦਾ ਕਾਰਨ ਉਹ ਸੰਸਥਾਵਾਂ ਅਤੇ ਸਰਕਾਰਾਂ ਹਨ ਜੋ ਪੂਰਨ ਦੇ ਕੰਮ ਵਿਚ ਰੋਕਾਂ ਪਾਉਂਦੇ ਹਨ। ਜੇਕਰ ਇਹ ਰੋਕਾਂ ਹਟਾ ਦਿਤੀਆਂ ਜਾਣ ਤਾਂ ਸੰਕਟ ਦੂਰ ਹੋ ਜਾਵੇਗਾ ਜੇ ਬੇਰੁਜ਼ਗਾਰੀ ਪੈਦਾ ਹੋ ਜਾਂਦੀ ਹੈ ਤਾਂ ਉਜਰਤਾਂ ਦੇ ਘਟਣ ਨਾਲ ਆਪਣੇ ਆਪ ਹੀ ਦੂਰ ਹੋ ਜਾਵੇਗੀ।

ਇਸ ਸਿਧਾਂਤ ਅਨੁਸਾਰ ਟਰੇਡ ਯੂਨੀਅਨਾਂ ਦਾ ਰੋਲ ਠੀਕ ਨਹੀਂ ਉਹ ਬਲੈਕ ਮੇਲ ਕਰਦੀਆਂ ਹਨ। ਇਹ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਕੇ ਉਜਰਤਾਂ ਦੇ ਘਟਣ ਤੇ ਰੋਕ ਹੀ ਨਹੀਂ ਲਾਉਂਦੀਆਂ ਸਗੋਂ ਉਹਨਾਂ ਨੂੰ ਵਧਾਉਂਦੀਆਂ ਹਨ। ਜਿਸ ਨਾਲ ਬੇਰੁਜ਼ਗਾਰੀ ਹੋਂਦ ਵਿਚ ਆਉਣ ਤੇ ਉਹ ਆਪਣੇ ਆਪ ਦੂਰ ਨਹੀਂ ਹੋ ਸਕਦੀ ਅਤੇ ਆਰਥਿਕਤਾ ਵਿਚ ਬੇਰੁਜ਼ਗਾਰੀ ਦਾ ਸੰਕਟ ਆਉਂਦਾ ਹੈ। ਟਰੇਡ ਯੂਨੀਅਨ ਸਰਕਾਰਾਂ ਉਪਰ ਦਬਾਅ ਪਾ ਕੇ ਲੋਕ ਭਲਾਈ ਪ੍ਰੋਗਰਾਮ ਜਿਵੇਂ ਸਿਹਤ, ਪਾਣੀ, ਬਿਜਲੀ, ਵਿਦਿਆ ਆਦਿ ਸ਼ੁਰੂ ਕਰਵਾਉਂਦੀਆਂ ਹਨ ਜਿਸ ਨਾਲ ਮਜ਼ਦੂਰਾਂ ਨੂੰ ਥੋੜਾ ਬਹੁਤਾ ਫਾਇਦਾ ਹੁੰਦਾ ਹੈ। ਇਸ ਸਿਧਾਂਤ ਅਨੁਸਾਰ ਸਰਕਾਰੀ ਏਜੰਸੀਆਂ ਦਾ ਆਰਥਿਕ ਮਸਲਿਆਂ ਵਿਚ ਦਖਲ ਵਧਣ ਨਾਲ ਪੂਰਨ ਮੁਕਾਬਲੇ ਦੇ ਅਵਸਥਾਂ ਵਿਚ ਰੁਕਾਵਟ ਪੈਂਦੀ ਹੈ। ਜਿਸ ਨਾਲ ਆਰਥਿਕਤਾ ਵਿਚ ਸੰਕਟ ਆਉਣ ਦੀ ਸੰਭਾਵਨਾ ਵਧਦੀ ਹੈ। ਇਸ ਅਨੁਸਾਰ ਸਰਕਾਰ ਦਾ ਕੰਮ ਸਿਰਫ ਸੁਰਖਿਆ ਅਤੇ ਦੇਸ਼ ਵਿਚ ਕਾਨੂੰਨ ਵਿਵਸਥਾ ਨੂੰ ਬਣਾਈ ਰਖਣਾ ਹੈ। ਇਸ ਤੋਂ ਬਿਨਾਂ ਹੋਰ ਜੋ ਵੀ ਸਰਕਾਰ ਖਰਚ ਕਰਦੀ ਹੈ, ਉਸ ਨਾਲ ਦੇਸ਼ ਵਿਚ ਨਿੱਜੀ ਬਚਤਾਂ ਘਟਦੀਆਂ ਹਨ, ਕੀਮਤਾਂ ਵਿਚ ਵਾਧਾ ਹੁੰਦਾ ਹੈ ਅਤੇ ਮੰਡੀ ਵਿਚ ਪੂਰਨ ਮੁਕਾਬਲੇ ਵਿਚ ਰੁਕਾਵਟ ਪੈਂਦੀ ਹੈ। ਇਸ ਕਰਕੇ ਇਸ ਸਿਧਾਂਤ ਵਿਚ ਖੁਰਾਕ, ਮੁਸਾਫਰਾਂ ਦੀ ਆਵਾਜਾਈ, ਸਿਹਤ ਅਤੇ ਵਿਦਿਆ ਵਾਸਤੇ ਸਹੂਲਤਾਂ ਨੂੰ ਕੋਈ ਥਾਂ ਨਹੀਂ ਹੈ। ਇਸ ਨੂੰ ਗੈਰ-ਜ਼ਰੂਰੀ ਅਤੇ ਗੈਰ-ਉਪਜਾਊ ਸਮਝਿਆ ਜਾਂਦਾ ਹੈ। ਇਸ ਦੇ ਉਲਟ ਇਸ ਸਿਧਾਂਤ ਅਨੁਸਾਰ ਸਰਕਾਰ ਨੂੰ ਸਰਮਾਏ ਦੇ ਵਿਕਾਸ ਵਾਸਤੇ ਹਲਾ-ਸ਼ੇਰੀ ਦੇਣੀ ਚਾਹੀਦੀ ਹੈ। ਇਸ ਸਬੰਧ ਵਿਚ ਸਰਮਾਏ ਦੇ ਵਿਕਾਸ ਤੇ ਲਾਏ ਕੰਟਰੋਲ ਘਟਾਉਣੇ ਚਾਹੀਦੇ ਹਨ ਅਤੇ ਟੈਕਸ ਵਿਚ ਛੋਟਾਂ ਦੀ ਲੋੜ ਤੇ ਜ਼ੋਰ ਦਿਤਾ ਜਾਂਦਾ ਹੈ। ਇਸ ਸਿਧਾਂਤ ਵਿਚ ਸਰਮਾਏਦਾਰ ਦੇ ਮੁਨਾਫੇ ਨੂੰ ਵਧਾਉਣਾ ਅਤੇ ਮਜ਼ਦੂਰ ਜਮਾਤ ਵਿਚ ਅਨੁਸ਼ਾਸਨ ਪੈਦਾ ਕਰਨ ਤੇ ਜ਼ੋਰ ਦਿਤਾ ਜਾਂਦਾ ਹੈ। ਇਸ ਵਿਚ ਸਮਾਜਵਾਦ ਜਾਂ ਅਗਾਂਹ-ਵਧੂ ਲਹਿਰ ਦਾ ਕੋਈ ਥਾਂ ਨਹੀਂ।

ਇਸੇ ਸਿਧਾਂਤ ਨੂੰ ਅੰਤਰਰਾਸ਼ਟਰੀ ਪੱਧਰ ਤੇ ਕਿਸੇ ਵੀ ਦੇਸ਼ ਤੇ ਲਾਗੂ ਕੀਤਾ ਜਾਂਦਾ ਹੈ। ਇਸ ਅਨੁਸਾਰ ਕਰੰਸੀ ਦਾ ਜ਼ਿਆਦਾ ਵਟਾਂਦਰਾ ਮੁਲ, ਦਰਾਮਦਾਂ-ਬਰਾਮਦਾਂ ਉਪਰ ਟੈਕਸ ਅਤੇ ਹੋਰ ਤਰੀਕਿਆਂ ਨਾਲ ਦੇਸ਼ ਦੀ ਸਨਅਤ ਦੀ ਵਿਦੇਸ਼ੀ ਮੁਕਾਬਲੇ ਤੋਂ ਸੁਰਖਿਆ, ਖਰਾਬ ਹਨ। ਇਹਨਾਂ ਨਾਲ ਪੂਰਨ ਮੁਕਾਬਲੇ ਵਿਚ ਰੁਕਾਵਟ ਪੈਂਦੀ ਹੈ ਅਤੇ ਉਤਪਾਦਨ ਨਿਪੁੰਨਤਾ ਘਟਦੀ ਹੈ। ਜਿਸ ਕਰਕੇ ਦੇਸ਼ ਦੀ ਵਿਦੇਸ਼ੀ ਮੰਡੀ ਵਿਚ ਮੁਕਾਬਲੇ ਦੀ ਸਮਰਥਾ ਘਟਦੀ ਹੈ। ਇਹਨਾਂ ਹਾਲਤਾਂ ਵਿਚ ਟਰੇਡ ਯੂਨੀਅਨਾਂ ਦੀ ਹੋਂਦ ਉਜਰਤਾਂ ਇਕ ਪੱਧਰ ਤੋਂ ਹੇਠਾਂ ਨਹੀਂ ਜਾਣ ਦਿੰਦੀ। ਜਿਸ ਕਰਕੇ ਦੇਸ਼ ਦਾ ਸੰਕਟ ਹੋਰ ਗੰਭੀਰ ਹੋ ਜਾਂਦਾ ਹੈ। ਇਸ ਸਿਧਾਂਤ ਅਨੁਸਾਰ ਬੇਰੁਜ਼ਗਾਰੀ, ਕੀਮਤਾਂ ਦਾ ਵਾਧਾ, ਵਿਦੇਸ਼ੀ ਸਿੱਕੇ ਦਾ ਸੰਕਟ, ਪੂਰਨ ਮੁਕਾਬਲੇ ਦੇ ਰਸਤੇ ਵਿਚ ਰੁਕਾਵਟਾਂ ਕਾਰਨ ਆਉਂਦੇ ਹਨ। ਇਹਨਾਂ ਰੁਕਾਵਟਾਂ ਦੇ ਦੋ ਮੁਖ ਕਾਰਨ ਹਨ: ਇਕ ਮਜ਼ਦੂਰ ਜਮਾਤ ਦੀਆਂ ਟਰੇਡ ਯੂਨੀਅਨਾਂ ਅਤੇ ਦੂਸਰੇ ਸਰਕਾਰ ਦੁਆਰਾ ਆਰਥਿਕ ਮਸਲਿਆਂ ਵਿਚ ਰੁਕਾਵਟ ਖਾਸ ਕਰਕੇ ਵਿਦੇਸ਼ੀ ਵਪਾਰ ਦੇ ਰਸਤੇ ਵਿਚ ਰੋਕਾਂ ਅਤੇ ਦੇਸ਼ ਵਿਚ ਚਲਾਏ ਗਏ ਲੋਕ ਭਲਾਈ ਦੇ ਪ੍ਰੋਗਰਾਮ ਹਨ। ਸੰਕਟ ਨੂੰ ਕੰਟਰੋਲ ਕਰਨ ਦਾ ਇਲਾਜ ਇਹ ਬਣਦਾ ਹੈ ਕਿ ਮਜ਼ਦੂਰ ਜਮਾਤ ਦੀਆਂ ਜਥੇ-ਬੰਦੀਆਂ ਨੂੰ ਕਮਜ਼ੋਰ ਕਰਕੇ ਉਜਰਤਾਂ ਨੂੰ ਘਟਾਇਆ ਜਾਵੇ ਅਤੇ ਦੂਸਰੇ ਪਾਸੇ ਸਰਮਾਏ ਦੇ ਵਿਕਾਸ ਅਤੇ ਵਿਦੇਸ਼ੀ ਵਪਾਰ ਤੇ ਰੋਕਾਂ ਹਟਾਈਆਂ ਜਾਣ। ਇਸ ਨਾਲ ਇਹ ਵੀ ਸਮਝਿਆ ਜਾਂਦਾ ਹੈ ਕਿ ਕੀਮਤਾਂ ਦਾ ਵਾਧਾ ਦੇਸ਼ ਵਿਚ ਕਰੰਸੀ ਦੇ ਫੈਲਾਅ ਨਾਲ ਵੀ ਸਬੰਧਤ ਹੈ ਇਸ ਕਰਕੇ ਇਸ ਨੂੰ ਵੀ ਕੰਟਰੋਲ ਕੀਤਾ ਜਾਵੇ।

ਇਸ ਤਰ੍ਹਾਂ ਫੰਡ ਰਾਹੀਂ ਤੀਜੀ ਦੁਨੀਆਂ ਦੇ ਮੈਂਬਰ ਦੇਸ਼ ਨੂੰ ਜੋ ਨੀਤੀਆਂ ਅਪਨਾਉਣ ਲਈ ਮਜਬੂਰ ਕੀਤਾ ਜਾਂਦਾ ਹੈ, ਉਸ ਦਾ ਖਾਸਾ ਮਜ਼ਦੂਰ ਜਮਾਤ ਅਤੇ ਅਗਾਂਹ ਵਧੂ ਲਹਿਰ ਦੇ ਵਿਰੋਧੀ ਅਤੇ ਸਰਮਾਏ ਤੇ ਸਰਮਾਏਦਾਰ ਪੱਖੀ ਹੈ। ਇਹ ਨੀਤੀਆਂ ਬਹੁਤ ਵਾਰੀ ਤੀਜੀ ਦੁਨੀਆਂ ਦੇ ਲੰਮੇ ਸਮੇਂ ਦੇ ਵਿਕਾਸ ਨਾਲ ਮੇਲ ਨਹੀਂ ਖਾਂਦੀਆਂ। ਅਸਲ ਵਿਚ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਰਾਹਤ ਤਾਂ ਮਿਲ ਸਕਦੀ ਹੈ ਜੇ ਕਰ ਉਹ ਅਗਾਂਹ ਵਧੂ ਵਿਕਾਸ ਦਾ ਰਾਹ ਅਪਨਾਉਣ। ਜਿਸ ਪੂਰਨ ਮੁਕਾਬਲੇ ਦੇ ਅਧਾਰ ਤੇ ਫੰਡ ਦੇ ਸਿਧਾਂਤ ਬਣਾਏ ਗਏ ਹਨ ਉਹ ਕਿਤੇ ਵੀ ਹੋਂਦ ਵਿਚ ਨਹੀਂ ਹਨ। ਇਸੇ ਕਰਕੇ ਫੰਡ ਦੀਆਂ ਇਹਨਾਂ ਨੀਤੀਆਂ ਨੂੰ ਸਾਮਰਾਜਵਾਦੀ ਦੇਸ਼ਾਂ ਵਿਚ ਵੀ ਨਹੀਂ ਅਪਣਾਇਆ ਜਾ ਰਿਹਾ ਜਦ ਕਿ ਤੀਜੀ ਦੁਨੀਆਂ ਦੇ ਦੇਸ਼ਾਂ ਉਪਰ ਇਹਨਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

### ਫੰਡ ਸਾਮਰਾਜੀ ਤਾਕਤਾਂ ਦੇ ਕੰਟਰੋਲ ਹੇਠ

ਫੰਡ ਦਾ ਪ੍ਰਬੰਧਕੀ ਕੰਮ ਬੋਰਡ ਆਫ ਗਵਰਨਰਜ਼ ਦੁਆਰਾ ਕੀਤਾ ਜਾਂਦਾ ਹੈ । ਹਰ ਮੈਂਬਰ ਦੇਸ਼ (ਜਿਨਾਂ ਦੀ ਗਿਣਤੀ 141 ਦੇ ਕਰੀਬ ਹੈ) ਆਪਣਾ ਇਕ ਗਵਰਨਰ ਅਤੇ ਇਕ ਉਸ ਦਾ ਬਦਲ ਮੈਂਬਰ ਨਿਯੁਕਤ ਕਰਦਾ ਹੈ । ਗਵਰਨਰਾਂ ਦਾ ਬੋਰਡ ਫੈਸਲੇ ਲੈਣ ਵਾਸਤੇ ਸਭ ਤੋਂ ਤਾਕਤਵਰ ਸੰਸਥਾ ਹੈ, ਪਰ ਇਸ ਦੀ ਤਾਕਤ ਪ੍ਰਬੰਧਕੀ ਡਾਇਰੈਕਟਰ ਇਸ ਦੇ ਨਾਮ ਤੇ ਵਰਤਦੇ ਹਨ । ਇਨ੍ਹਾਂ ਦੀ ਕੁਲ ਗਿਣਤੀ 22 ਹੁੰਦੀ ਹੈ । ਇਹਨਾਂ ਵਿਚੋਂ 6 ਸਭ ਤੋਂ ਵੱਡੇ ਮੈਂਬਰ (ਅਮਰੀਕਾ, ਬਰਤਾਨੀਆਂ ਪੱਛਮੀ ਜਰਮਨੀ, ਫ਼ਰਾਂਸ ਅਤੇ ਜਪਾਨ ਤੇ ਚੀਨ) ਨਾਮਜ਼ਦ ਕਰਦੇ ਹਨ ਅਤੇ ਇਕ ਮੈਂਬਰ ਜਿਸ ਨੇ ਸਭ ਤੋਂ ਜ਼ਿਆਦਾ ਕਰਜ਼ਾ ਦਿਤਾ ਹੋਵੇ ' (ਸੌਦੀ ਅਰਬ) ਨਾਮਜ਼ਦ ਕਰਦਾ ਹੈ । ਰਹਿੰਦੇ 15 ਪ੍ਰਬੰਧਕੀ ਡਾਇਰੈਕਟਰਾਂ ਨੂੰ ਬਾਕੀ ਮੈਂਬਰ ਚੁਣਦੇ ਹਨ । ਇਸ ਦੇ ਪ੍ਰਬੰਧਕੀ ਢਾਂਚੇ ਵਿਚ ਵੱਡੇ ਮੈਂਬਰ ਦੇਸ਼ (ਚੀਨ ਤੋਂ ਬਿਨਾਂ ਬਾਕੀ ਸਾਮਰਾਜਵਾਦੀ ਹਨ) ਪੱਕੇ ਡਾਇਰੈਕਟਰ ਹਨ ਅਤੇ ਬਾਕੀ 135 ਮੈਂਬਰਾਂ ਦੀ ਨੁਮਾਇੰਦਗੀ 15 ਚੁਣੇ ਹੋਏ ਡਾਇਰੈਕਟਰ ਹਨ ਜੋ ਸਮੇਂ ਸਮੇਂ ਤੇ ਬਦਲਦੇ ਰਹਿੰਦੇ ਹਨ ।

ਫੰਡ ਦੇ ਅਹਿਮ ਫੈਸਲੇ ਵੋਟਾਂ ਨਾਲ ਹੁੰਦੇ ਹਨ । ਵੋਟਾਂ ਦੇ ਮਾਮਲੇ ਵਿਚ ਸਾਰੇ ਮੈਂਬਰ ਦੀ ਵੋਟ ਦਾ ਭਾਰ ਬਰਾਬਰ ਨਹੀਂ । ਇਹ ਉਸ ਦੇਸ਼ ਦੇ ਕੋਟੇ ਤੇ ਨਿਰਭਰ ਕਰਦਾ ਹੈ । ਜਿਸ ਦੇਸ਼ ਦਾ ਕੋਟਾ ਫੰਡ ਵਿਚ ਵਧ ਹੈ ਉਸ ਦੀ ਵੋਟ ਦਾ ਭਾਰ ਵੀ ਜ਼ਿਆਦਾ ਹੈ ਅਤੇ ਇਸ ਦੇ ਉਲਟ ਘਟ ਕੋਟੇ ਵਾਲੇ ਦੇਸ਼ ਵੋਟ ਦਾ ਭਾਰ ਵੀ ਘਟ ਹੁੰਦਾ ਹੈ । ਵੋਟ ਦਾ ਵਧ ਘਟ ਭਾਰ ਹੋਣ ਕਾਰਨ ਪੰਜ ਵੱਡੇ ਮੈਂਬਰਾਂ (ਅਮਰੀਕਾ, ਬਰਤਾਨੀਆਂ, ਪੱਛਮੀ, ਜਰਮਨੀ, ਫਰਾਂਸ ਅਤੇ ਜਾਪਾਨ) ਦੇ ਪਾਸ ਕੁਲ ਵੋਟਾਂ ਦਾ 42.80 ਪ੍ਰਤੀਸ਼ਤ ਹੈ । ਫੰਡ ਦੇ ਅਹਿਮ ਫੈਸਲੇ ਸਾਧਾਰਨ ਬਹੁਤਮਤ ਨਾਲ ਨਹੀਂ ਹੁੰਦੇ । ਅਹਿਮ ਫ਼ੈਸਲਿਆਂ ਵਾਸਤੇ 85 ਪ੍ਰਤੀਸ਼ਤ ਵੋਟਾਂ ਦੇ ਬਹੁਮਤ ਦੀ ਜ਼ਰੂਰਤ ਹੁੰਦੀ ਹੈ । ਅਮਰੀਕਾ ਇਕੱਲੇ ਦੇ ਪਾਸ 21.16 ਪ੍ਰਤੀਸ਼ਤ ਵੋਟ ਹਨ । ਇਸ ਇਸ ਕਰਕੇ ਅਮਰੀਕਾ ਦੇ ਪਾਸੇ ਅਹਿਮ ਫੈਸਲਿਆਂ ਨੂੰ ਰੋਕਣ ਦੀ ਵੀਟੋ ਤਾਕਤ (Veto) ਹੈ । ਜੇ ਇਕੱਲਾ ਅਮਰੀਕਾ ਕਿਸੇ ਫੈਸਲੇ ਨੂੰ ਨਾ ਚਾਹੁੰਦਾ ਹੋਵੇ ਬਾਕੀ ਭਾਵੇਂ ਸਾਰੇ ਮੈਂਬਰ ਇਕ ਪਾਸੇ ਹੋਣ, ਉਹ ਫੈਸਲਾ ਨਹੀਂ ਹੋ ਸਕਦਾ । ਦੂਜੀ ਵੀਟੋ ਤਾਕਤ ਪੱਛਮੀ ਯੂਰਪ ਦੇ ਦੇਸ਼ਾਂ ਦੀ ਸੰਸਥਾ ਯੂਰਪੀਨ ਕਾਮਨ ਮਾਰਕਿਟ ਦੇ ਪਾਸ ਹੈ ਜਿਨਾਂ ਪਾਸ ਇਕਠਿਆਂ 16 ਪ੍ਰਤੀਸ਼ਤ ਫੰਡ ਦੀਆਂ ਵੋਟਾਂਦਾ ਭਾਰ ਹੈ । ਇਸ ਤਰ੍ਹਾਂ ਫੰਡ ਦੇ ਪ੍ਰਬੰਧ ਉਪਰ ਸਾਮਰਾਜਵਾਦੀ ਦੇਸ਼ ਹਾਵੀ ਹਨ । ਉਨ੍ਹਾਂ ਪਾਸ ਵੋਟਾਂ ਸਿਰਫ ਜ਼ਿਆਦਾ ਹੀ ਨਹੀਂ, ਸਗੋਂ ਵੀਟੋ ਤਾਕਤ ਵੀ ਹੈ ਜਿਸ ਨਾਲ ਉਹ ਕਿਸੇ ਵੀ ਫੈਸਲੇ ਨੂੰ ਰਦ ਕਰ ਸਕਦੇ ਹਨ ਜਿਸ ਨੂੰ ਉਹ ਖੁਦ ਨਾ ਚਾਹੁੰਦੇ ਹੋਣ । ਇਸ ਕਰਕੇ ਫੰਡ ਦੇ ਫੈਸਲਿਆਂ ਵਿਚ ਪਛੜੇ ਦੇਸ਼ਾਂ ਦੀ ਨਾ ਸਿਰਫ ਬਹੁਤੀ ਤਾਕਤ ਨਹੀਂ ਹੈ ਸਗੋਂ ਉਹਨਾ ਨੂੰ ਸਾਮਰਾਜਵਾਦੀ ਦੇਸ਼ਾਂ ਦੀ ਦਇਆ ਉਪਰ ਰਹਿਣਾ ਪੈਂਦਾ ਹੈ । ਇਹਨਾਂ ਸਾਮਰਾਜਵਾਦੀ ਦੇਸ਼ਾਂ ਵਿਚੋਂ ਇਕੱਲੇ ਅਮਰੀਕਾ ਦਾ ਸਭ ਤੋਂ ਵਧ ਕੰਟਰੋਲ ਹੈ । ਇਸ ਤੋਂ ਬਿਨਾਂ ਫੰਡ ਦਾ ਮੈਨੇਜਿੰਗ ਡਾਇਰੈਕਟਰ ਹਮੇਸ਼ਾਂ ਹੀ ਯੂਰਪੀਨ ਦੇਸ਼ਾਂ ਤੋਂ ਅਤੇ ਖਾਸ ਕਰਕੇ ਬਰਤਾਨੀਆਂ ਤੋਂ ਹੁੰਦਾ ਹੈ ਅਤੇ ਦੂਜੇ ਨੰਬਰ ਦੀ ਪੋਜ਼ੀਸ਼ਨ ਅਮਰੀਕਾ ਪਾਸ ਰਹਿੰਦੀ ਹੈ । ਇਸ ਦੇ ਇਵਜ਼ਾਨੇ ਵਿਚ ਸੰਸਾਰ ਬੈਂਕ ਦੇ ਪ੍ਰਧਾਨ ਦਾ ਅਹੁਦਾ ਹਮੇਸ਼ਾਂ ਅਮਰੀਕਾ ਪਾਸ ਹੀ ਰਹਿੰਦਾ ਹੈ ।

ਵੋਟਾਂ ਤੋਂ ਬਿਨਾਂ ਅਮਰੀਕਨ ਕਰੰਸੀ ਡਾਲਰ ਦੀ ਅਹਿਮ ਪੋਜ਼ੀਸ਼ਨ, ਅਮਰੀਕਨ ਕੌਮੀ ਕਾਰਪੋਰੇਸ਼ਨ ਦਾ ਸੰਸਾਰ ਵਿਚ ਵਧ ਰਿਹਾ ਧੰਦਾ ਅਤੇ ਅਮਰੀਕਨ ਆਰਥਿਕਤਾ ਦਾ ਸਭ ਤੋਂ ਵਧ ਵਿਕਸਤ ਹੋਣਾ, ਅੰਤਰ ਰਾਸ਼ਟਰੀ ਫੰਡ ਵਿਚ ਅਮਰੀਕਨ ਪੋਜ਼ੀਸ਼ਨ ਨੂੰ ਮਜ਼ਬੂਤ ਬਣਾਉਂਦਾ ਹੈ । ਅਮਰੀਕਾ ਆਪਣੀ ਤਾਕਤ ਕਾਰਨ ਇਸ ਸੰਸਥਾ ਨੂੰ ਆਪਣੇ ਮੁਫਾਦਾਂ ਦੀ ਰਾਖੀ ਵਾਸਤੇ ਵਰਤਦਾ ਹੈ ਅਤੇ ਜਦੋਂ ਇਸ ਨੂੰ ਠੀਕ ਲਗਦਾ ਹੈ ਫ਼ੰਡ ਦੇ ਨਿਯਮਾਂ ਦੀ ਉਲੰਘਣਾ ਵੀ ਕਰਦਾ ਹੈ । ਉਹੀ ਨਿਯਮ ਘਟ ਵਿਕਸਤ ਦੇਸ਼ਾਂ ਉਪਰ ਸਖਤੀ ਨਾਲ ਲਾਗੂ ਕੀਤੇ ਜਾਂਦੇ ਹਨ ਅਤੇ ਸਾਮਰਾਜੀ ਦੇਸ਼ ਆਪਣੀ ਤਾਕਤ ਕਾਰਨ ਉਹਨਾਂ ਦੀ ਉਲੰਘਣਾ ਕਰਦੇ ਹਨ । ਰੂਸ ਅਤੇ ਪੂਰਬੀ ਯੂਰਪ ਦੇ ਦੇਸ਼ਾਂ ਦੇ ਇਸ ਸੰਸਥਾ ਦੇ ਮੈਂਬਰ ਨਾ ਹੋਣ ਕਰਕੇ ਸਮਾਜਵਾਦੀ ਦੇਸ਼ਾਂ ਦੀ ਵਿਰੋਧਤਾ ਬਹੁਤ ਘਟ ਹੈ ਜਦ ਕਿ ਪੱਛਮੀ ਸਾਮਰਾਜਵਾਦੀ ਦੇਸ਼ ਸੰਸਾਰ ਪਧਰ ਤੇ ਮਿਲਟਰੀ ਗਠਜੋੜਾਂ (Military Blocs) ਦੇ ਮੈਂਬਰ ਹਨ । ਇਸ ਕਰਕੇ ਬਹੁਤ ਸਾਰੇ ਮਸਲਿਆਂ ਤੇ ਸਾਮਰਾਜਵਾਦੀ ਦੇਸ਼ ਅਮਰੀਕਾ ਦੀ ਅਗਵਾਈ ਵਿਚ ਇਕੱਠੇ ਹੋ ਕੇ ਅੰਤਰ ਰਾਸ਼ਟਰੀ ਫੰਡ ਨੂੰ ਸਾਮਰਾਜਵਾਦ ਦੇ ਮੁਫਾਦਾਂ ਵਾਸਤੇ ਪਛੜੇ ਦੇਸ਼ਾਂ ਦੇ ਮੁਫਾਦਾਂ ਦੇ ਖਿਲਾਫ ਵਰਤਦੇ ਹਨ ।

### ਫੰਡ ਅਤੇ ਪਛੜੇ ਦੇਸ਼

ਕਾਫੀ ਲੰਮੇ ਸਮੇਂ ਤਕ ਬਸਤੀਆ ਰਹਿਣ ਕਰਕੇ ਤੀਜੀ ਦੁਨੀਆਂ ਦੇ ਦੇਸ਼ ਆਰਥਿਕ ਤੌਰ ਤੇ ਕਮਜ਼ੋਰ ਅਤੇ ਪਛੜੇ ਹਨ । ਕੁਦਰਤੀ ਜਾਂ ਆਰਥਿਕ ਕਾਰਨਾਂ ਨਾਲ ਛੋਟਾ ਝਟਕਾ ਵੀ ਇਹਨਾਂ ਦੇਸ਼ਾਂ ਵਿਚ ਅਸਥਿਰਤਾ ਪੈਦਾ

ਕਰ ਦਿੰਦਾ ਹੈ । ਇਸ ਲਈ ਇਹਨਾਂ ਦੇਸ਼ਾਂ ਦੀ ਵਿਕਸਤ ਦੇਸ਼ਾਂ ਨਾਲੋਂ ਕਰਜ਼ੇ ਦੀ ਵਧ ਲੋੜ ਰਹਿੰਦੀ ਹੈ । ਸ਼ੁਰੂ ਤੋਂ ਲੈ ਕੇ ਫੰਡ ਤੀਜੀ ਦੁਨੀਆਂ ਦੇ ਪਛੜੇ ਦੇਸ਼ਾਂ ਉਪਰ ਇਸ ਕਿਸਮ ਦੀਆਂ ਸ਼ਰਤਾਂ ਲਾਉਂਦਾ ਰਿਹਾ ਹੈ, ਜਿਸ ਨਾਲ ਉਹਨਾਂ ਵਿਚ ਆਰਥਿਕ ਅਸਥਿਰਤਾ ਅਤੇ ਉਦ-ਯੋਗੀਕਰਣ ਵਿਚ ਰੋਕਾਂ ਆਈਆਂ ਹਨ । ਫੰਡ ਅਤੇ ਸੰਸਾਰ ਬੈਂਕ ਨੇ ਮਿਲ ਕੇ ਸਾਮਰਾਜਵਾਦੀ ਦੇਸ਼ਾਂ ਦੇ ਹਥ ਠੋਕੇ ਵਜੋਂ ਕੰਮ ਕੀਤਾ ਹੈ । ਇਥੋਂ ਤਕ ਕਿ ਪਛੜੇ ਦੇਸ਼ਾਂ ਵਿਚ ਸਾਮਰਾਜਵਾਦੀ ਪੱਖੀ ਹਕੂਮਤਾਂ ਨੂੰ ਮਜ਼ਬੂਤ ਬਨਾਉਣ ਅਤੇ ਸਾਮਰਾਜਵਾਦੀ ਵਿਰੋਧੀ ਹਕੂਮਤਾਂ ਨੂੰ ਹਿਲਾਉਣ ਦਾ ਵੀ ਕੰਮ ਕੀਤਾ ਹੈ । ਇਹ ਗਲ ਸਾਰੀ ਦੁਨੀਆਂ ਨੂੰ ਹੀ ਪਤਾ ਹੈ ਕਿ ਚਿੱਲੀ ਵਿਚ ਪ੍ਰਧਾਨ ਅਲੈਂਡੇ ਦੀ ਸਰਕਾਰ ਨੂੰ ਹਿਲਾਉਣ ਵਿਚ ਸੰਸਾਰ ਬੈਂਕ ਨੇ ਪੂਰਾ ਹਿੱਸਾ ਪਾਇਆ । ਅੰਤਰਰਾਸ਼ਟਰੀ ਮੁਦਰਾ ਫੰਡ ਤੋਂ ਭਾਰਤ ਨੂੰ ਕਰਜ਼ੇ ਦਾ ਰੋਲ ਸਮਝਣ ਲਈ ਕੁਝ ਹੋਰ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਫੰਡ ਨਾਲ ਵਾਹ ਦਾ ਜਾਇਜ਼ਾ ਸਹਾਈ ਹੋਵੇਗਾ ।

ਲੰਕਾ ਨੇ 1977 ਵਿਚ ਫੰਡ ਤੋਂ 11 ਕਰੋੜ ਡਾਲਰ ਅਤੇ 1979-80 ਦੌਰਾਨ 32.5 ਕਰੋੜ ਡਾਲਰ ਕਰਜ਼ੇ ਲਏ । ਇਸ ਵਾਸਤੇ ਉਸ ਨੂੰ ਆਪਣੀ ਕਰੰਸੀ ਦਾ 46 ਪ੍ਰਤੀਸ਼ਤ ਮੁਲ ਘਟਾਉਣਾ ਪਿਆ । ਦਰਾਮਦ ਅਤੇ ਕੀਮਤ ਕੰਟਰੋਲ ਹਟਾ ਕੇ ਬਹੁ ਵਟਾਂਦਰਾ ਦਰ ਵੀ ਛੱਡਣਾ ਪਿਆ । ਲੰਕਾ ਸਰਕਾਰ ਨੇ ਫੰਡ ਦੇ ਨਿਰਦੇਸ਼ਾਂ ਹੇਠ ਖੁਰਾਕ ਤੋਂ ਸਬਸਿਡੀ ਹਟਾ ਦਿਤੀ ਅਤੇ ਵਿਦੇਸ਼ੀ ਸਰਮਾਏ ਨੂੰ ਜ਼ਿਆਦਾ ਲਗਾਉਣ ਵਾਸਤੇ ਲੋੜੀਦੀਆਂ ਰਿਆਤਾਂ ਦਿਤੀਆਂ । 1978-79 ਦੌਰਾਨ ਲੰਕਾ ਦੇ ਇਹਨਾਂ ਕਦਮਾਂ ਨੂੰ ਫੰਡ ਦੁਆਰਾ "ਸਫਲ" ਦਸਿਆ ਗਿਆ, ਪਰ ਜੁਲਾਈ 1980 ਵਿਚ ਫੰਡ ਨੇ ਇਸ ਬਾਰੇ ਆਪਣਾ ਵਿਚਾਰ ਬਦਲ ਲਿਆ ਅਤੇ ਅਗੇ ਤੋਂ ਕਰਜ਼ਾ ਰਲੀਜ਼ ਕਰਨ ਤੇ ਰੋਕ ਲਾ ਦਿਤੀ । ਇਸੇ ਦੌਰਾਨ ਲੰਕਾ ਵਿਚ 90 ਪ੍ਰਤੀਸ਼ਤ ਕੀਮਤਾਂ ਵਧ ਗਈਆਂ, ਵਿਦੇਸ਼ੀ ਸਿੱਕੇ ਦਾ ਖਪਾ 1978 ਵਿਚ 18.7 ਕਰੋੜ ਡਾਲਰ ਤੋਂ ਵਧ ਕੇ 1980 ਵਿਚ 95.7 ਕਰੋੜ ਡਾਲਰ ਹੋ ਗਿਆ ਅਤੇ ਆਮ ਲੋਕਾਂ ਦਾ ਵਧ ਰਹੀਆਂ ਕੀਮਤਾਂ ਅਤੇ ਚਾਵਲ ਸਬਸਿਡੀ ਹਟਾ ਲੈਣ ਨਾਲ ਜੀਵਨ ਪਧਰ ਹੋਰ ਥਲੇ ਚਲਾ ਗਿਆ ।

ਜੇਮੈਕਾ (Jamaica) ਦਾ ਵੀ ਫੰਡ ਨਾਲ ਇਸੇ ਤਰ੍ਹਾਂ ਦਾ ਤਜਰਬਾ ਹੈ । ਇਸ ਦੇਸ਼ ਵਿਚ 1972 ਦੌਰਾਨ ਮਾਈਕਲ ਮੈਨਲੇ ਦੀ ਅਗਵਾਈ ਵਿਚ ਪੀਪਲਜ਼ ਨੈਸ਼ਨਲ ਪਾਰਟੀ ਸੱਤਾ ਵਿਚ ਆਈ ਜਿਸ ਨੇ ਸਮਾਜਿਕ ਸੁਧਾਰ ਵਾਸਤੇ ਕੁਝ ਕਦਮ ਚੁਕੇ । ਸਰਕਾਰੀ ਆਮਦਨ ਵਿਚ ਵਾਧੇ ਵਾਸਤੇ (ਵਿਦੇਸ਼ੀ) ਬਕਸਾਇਟ ਕੰਪਨੀ ਉਪਰ 8 ਗੁਣਾਂ ਟੈਕਸ ਲਾ ਦਿਤੇ । ਜਿਸ ਨਾਲ ਕੰਪਨੀ ਨੇ ਉਤ-ਪਾਦਨ ਘਟਾ ਦਿਤਾ ਅਤੇ ਅਮਰੀਕਨ ਪ੍ਰੈਸ ਨੇ ਜੇਮੈਕਨ ਸਰਕਾਰ ਦੇ ਖਿਲਾਫ ਕਾਫ਼ੀ ਪ੍ਰਚਾਰ ਕੀਤਾ । ਜਿਸ ਨਾਲ ਜੇਮੈਕਾ ਵਿਚ ਅਮਰੀਕੀ ਸੈਲਾਨੀਆਂ ਦਾ ਨੰਬਰ ਵੀ ਕਾਫੀ ਘਟ ਗਿਆ ਅਤੇ ਇਸ ਨੂੰ ਵਿਦੇਸ਼ੀ ਸਿੱਕੇ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ । ਇਸ ਤੇ ਜੇਮੈਕਾ ਨੇ ਫੰਡ ਪਾਸ ਕਰਜ਼ੇ ਵਾਸਤੇ ਅਰਜ਼ੀ ਦਿਤੀ । ਫੰਡ ਨੇ ਕਰਜ਼ਾ ਦੇਣ ਵਾਸਤੇ ਕੁਝ ਸ਼ਰਤਾਂ ਲਾਈਆਂ ਜਿਨਾਂ ਵਿਚ ਕਰੰਸੀ ਦਾ 49 ਪ੍ਰਤੀਸ਼ਤ ਘਟਾਉਣਾ, ਹੋਰ ਅਸਿਧੇ ਟੈਕਸ ਲਾਉਣਾ (ਜਿਸ ਦਾ ਭਾਰ ਆਮ ਲੋਕਾਂ ਤੇ ਪੈਂਦਾ ਹੈ) ਕੀਮਤਾਂ ਤੇ ਕੰਟਰੋਲ ਹਟਾਉਣਾ, ਕੀਮਤਾਂ ਦਾ 40 ਪ੍ਰਤੀਸ਼ਤ ਵਧਾਉਣਾਂ ਅਤੇ ਉਜਰਤਾਂ ਵਿਚ ਕੇਵਲ 15 ਪ੍ਰਤੀਸ਼ਤ ਵਾਧਾ ਕਰਕੇ ਅਸਲੀ ਉਜਰਤਾਂ ਨੂੰ ਘਟਾਉਣਾ ਅਤੇ ਲੋਕ ਸੇਵਾਵਾਂ ਜਿਵੇਂ ਸਿਹਤ ਅਤੇ ਪੜ੍ਹਾਈ ਦੇ ਖੇਤਰ ਵਿਚ ਖਰਚ ਘਟਾਉਣਾ ਸ਼ਾਮਲ ਹਨ । ਇਹ ਸ਼ਰਤਾਂ ਮੰਨ ਲੈਣ ਤੇ ਫੰਡ ਕਰਜ਼ਾ ਦੇਣ ਤੇ ਰਾਜ਼ੀ ਹੋ ਗਿਆ । ਇਸ ਨਾਲ ਦੇਸ਼ ਦਾ ਆਰਥਿਕ ਸੰਕਟ ਹੋਰ ਵਧ ਗਿਆ ਫੰਡ ਤੋਂ ਜਦ ਹੋਰ ਕਰਜ਼ਾਂ ਮੰਗਿਆ ਗਿਆ ਤਾਂ ਉਸ ਨੇ ਦਸੰਬਰ 1979 ਵਿਚ ਜੇਮੈਕਾ ਤੇ ਹੋਰ ਕਰੜੀਆਂ ਸ਼ਰਤਾਂ ਲਾਉਣ ਦੀ ਮੰਗ ਕੀਤੀ ਪਰ ਸਰਕਾਰ ਇਹ ਕਰੜੀਆਂ ਸ਼ਰਤਾਂ ਪੂਰੀਆਂ ਨਾ ਕਰ ਸਕੀ । ਜਿਸ ਤੇ ਫੰਡ ਨਾਲ ਮਾਰਚ 1980 ਵਿਚ ਗਲਬਾਤ ਟੁਟ ਗਈ ਅਤੇ ਫੰਡ ਨੇ ਸਰਕਾਰ ਨੂੰ ਕਰਜ਼ਾ ਦੇਣ ਤੇ ਨਾਂਹ ਕਰ ਦਿਤੀ ਜਿਸ ਕਾਰਨ ਆਰਥਿਕਤਾ ਦੀ ਹਾਲਤ ਹੋਰ ਮੰਦੀ ਹੋ ਗਈ ਅਤੇ ਮੈਨਲੇ ਦੀ ਪਾਰਟੀ 1981 ਵਿਚ ਚੋਣਾਂ ਹਾਰ ਗਈ ਅਤੇ ਨਵੀਂ ਸਰਕਾਰ (ਫੰਡ ਪੱਖੀ) ਨੇ ਫੰਡ ਦੀਆਂ ਹੋਰ ਕਰੜੀਆਂ ਸ਼ਰਤਾਂ ਮੰਨ ਕੇ ਕਰਜ਼ਾ ਮਨਜ਼ੂਰ ਕਰਾ ਲਿਆ । ਪਰ ਫੰਡ ਦੀਆਂ ਨੀਤੀਆਂ ਮੰਨਣ ਦਾ ਨਤੀਜਾ ਇਹ ਨਿਕਲਿਆ ਕਿ 1979 ਦੀ ਅਖੀਰ ਤਕ ਦੇਸ਼ ਦੀ ਕੁਲ ਆਮਦਨ 1972 ਤੋਂ ਵੀ ਘਟ ਸੀ ਅਤੇ ਸਰਮਾਏ ਦੇ ਵਿਕਾਸ ਦੀ ਦਰ 1974 ਤੋਂ ਅਧੀ ਰਹਿ ਗਈ ਅਤੇ ਬੇਰੁਜ਼ਗਾਰੀ ਦੀ ਦਰ 31 ਪ੍ਰਤੀਸ਼ਤ ਤੇ ਪਹੁੰਚ ਗਈ ।

ਸਾਡੇ ਗਵਾਂਢ ਵਿਚ ਇਕ ਹੋਰ ਵੀ ਮਿਸਾਲ ਹੈ । 1980 ਵਿਚ ਬੰਗਲਾ ਦੇਸ਼ ਨੇ ਫੰਡ ਨਾਲ 90 ਕਰੋੜ ਡਾਲਰ ਦੇ ਕਰਜ਼ੇ ਦਾ ਸਮਝੌਤਾ ਕੀਤਾ । ਕਰਜ਼ੇ ਦੀ ਪਹਿਲੀ ਕਿਸ਼ਤ ਵਰਤਣ ਪਿਛੋਂ ਬੰਗਲਾ ਦੇਸ਼ ਫੰਡ ਦੀਆਂ ਲਗਾਈਆਂ ਸ਼ਰਤਾਂ ਪੂਰੀਆਂ ਨਾ ਕਰ ਸਕਿਆ । ਜਿਸ ਨਾਲ ਫੰਡ ਨੇ ਅਗਲੀ ਕਿਸ਼ਤ ਉਸ ਵਕਤ ਤਕ ਦੇਣ ਤੋਂ ਨਾਂਹ ਕਰ ਦਿੱਤੀ, ਜੱਦ ਤੱਕ ਉਸ ਦੁਆਰਾ ਲਾਈਆਂ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ । ਇਸੇ ਤਰ੍ਹਾਂ ਤੀਜੀ ਦੁਨੀਆਂ ਦੇ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਫੰਡ ਨਾਲ ਕਾਫੀ ਕੌੜਾ ਤਜਰਬਾ ਹੈ ।

ਜਿਥੇ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਫੰਡ ਦੀਆਂ

ਸਖਤ ਸ਼ਰਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਥੇ ਪਛਮੀ ਦੇਸ਼ (ਵੱਡੇ ਮੈਂਬਰ) ਫੰਡ ਦੀ ਪ੍ਰਵਾਹ ਵੀ ਨਹੀਂ ਕਰਦੇ ਸਗੋਂ ਇਸ ਉਲਟ ਚਲਦੇ ਹਨ। 1948 ਵਿਚ ਫਰਾਂਸ ਆਪਣੀ ਕਰੰਸੀ ਦਾ 44 ਪ੍ਰਤੀਸ਼ਤ ਮੁੱਲ ਘਟਾਉਣਾ ਚਾਹੁੰਦਾ ਸੀ ਪਰ ਫੰਡ ਇਸ ਦਾ ਵਿਰੋਧ ਕਰਦਾ ਸੀ। ਫਿਰ ਵੀ ਫਰਾਂਸ ਨੇ ਆਪਣੀ ਕਰੰਸੀ ਦਾ ਮੁਲ ਬਿਨਾਂ ਕਿਸੇ ਰੋਕ ਟੋਕ ਘਟਾ ਲਿਆ। 1949 ਤੋਂ ਡਾਲਰ ਦੀ ਗੰਭੀਰ ਘਾਟ ਮਹਿਸੂਸ ਹੋਣ ਲਗੀ ਪਰ ਅਮਰੀਕੀ ਦਬਾਅ ਕਾਰਨ ਫੰਡ ਨੇ ਡਾਲਰ ਨੂੰ ਥੁੜਵੀਂ ਕਰੰਸੀ ਹੋਣ ਦਾ ਐਲਾਨ ਨਾ ਕੀਤਾ ਅਤੇ ਅਮਰੀਕਾ ਨੂੰ ਕਰੰਸੀ ਦਾ ਮੁਲ ਵਧਾਉਣ ਵਾਸਤੇ ਨਾ ਕਿਹਾ। 1971 ਵਿਚ ਅਮਰੀਕਾ ਨੇ ਇਸੇ ਤਰ੍ਹਾਂ ਡਾਲਰ ਨੂੰ ਖੁਲੇ ਤੌਰ ਤੇ ਸੋਨੇ ਵਿਚ ਬਦਲਣ ਤੇ ਪਾਬੰਦੀ ਫੰਡ ਨੂੰ ਬਿਨਾ ਪੁੱਛੇ ਲਾ ਦਿੱਤੀ। ਫੰਡ ਨੂੰ ਅਮਰੀਕਾ ਦੇ ਇਸ ਫੈਸਲੇ ਬਾਰੇ ਪ੍ਰਧਾਨ ਨਿਕਸਨ ਦੇ ਟੈਲੀਵੀਜ਼ਨ ਦੇ ਐਲਾਨ ਤੋਂ ਹੀ ਪਤਾ ਚਲਿਆ। ਇਸੇ ਤਰ੍ਹਾਂ ਅਮਰੀਕਾ ਦੇ ਵਪਾਰਕ ਭੁਗਤਾਨ ਵਿਚ ਗੰਭੀਰ ਘਾਟਾ ਹੋਣ ਦੇ ਬਾਵਜੂਦ ਫੰਡ ਅਮਰੀਕਾ ਉਪਰ ਕੋਈ ਸ਼ਰਤ ਲਾਉਣ ਤੋਂ ਅਸਮਰਥ ਹੈ। ਇਸ ਸਮੇਂ ਅਮਰੀਕਾ ਦੇ ਵਪਾਰ ਦੇ ਭੁਗਤਾਨ ਦਾ ਸਲਾਨਾ ਘਾਟਾ ਤਕਰੀਬਨ 3000-3500 ਕਰੋੜ ਡਾਲਰ ਦੇ ਬਰਾਬਰ ਹੈ। ਇਸ ਤੋਂ ਇਲਾਵਾ 1979 ਤਕ ਹੋਰ ਦੇਸ਼ਾਂ ਦੇ ਕੇਂਦਰੀ ਬੈਂਕਾਂ ਪਾਸ 20,000 ਕਰੋੜ ਡਾਲਰ ਹਨ। ਅਤੇ ਵਿਦੇਸ਼ੀ ਸਿੱਕੇ ਨਾਲ ਸਬੰਧਤ ਵਪਾਰਿਕ ਬੈਂਕਾਂ ਪਾਸ ਡਾਲਰ ਦਾ ਸਟਾਕ 70,000 ਕਰੋੜ ਹੈ। ਅਮਰੀਕਾ ਦੀਆਂ ਇਤਨੀਆਂ ਜ਼ਿਆਦਾ ਬਾਹਰ ਦੇਣਦਾਰੀਆਂ (Liabilites) ਜੋ ਲਗ ਭਗ 90,000 ਕਰੋੜ ਡਾਲਰ ਤੋਂ ਵਧ ਹਨ ਦੇ ਬਾਵਜੂਦ ਫੰਡ ਉਸ ਉਪਰ ਕੋਈ ਸ਼ਰਤ ਨਹੀਂ ਲਗਾ ਰਿਹਾ। ਤੀਜੀ ਦੁਨੀਆਂ ਦੇ ਛੋਟੇ ਮੈਂਬਰਾਂ ਦੀ ਬਹੁਤ ਘਟ ਦੇਣਦਾਰੀ ਹੋਣ ਦੇ ਬਾਵਜੂਦ ਫੰਡ ਉਹਨਾਂ ਉਤੇ ਕਰੜੀਆਂ ਸ਼ਰਤਾਂ ਲਾਉਂਦਾ ਹੈ। ਜੇ ਦੇਸ਼ ਫੰਡ ਦੀਆਂ ਸ਼ਰਤਾਂ ਨਾ ਮੰਨੇ ਤਾਂ ਸੰਸਾਰ ਬੈਂਕ ਅਤੇ ਹੋਰ ਅੰਤਰ ਰਾਸ਼ਟਰੀ ਬੈਂਕਾਂ ਦੇ ਕਲਬ (Consortium of International Banks) ਫੰਡ ਦੀ ਸਲਾਹ ਨਾਲ ਉਸ ਦੇਸ਼ ਨੂੰ ਕਰਜ਼ਾ ਦੇਣਾ ਬੰਦ ਕਰ ਦਿੰਦੇ ਹਨ। ਇਹ ਜ਼ਾਹਰਾ ਤੌਰ ਤੇ ਜੇਮੇਕਾ ਨਾਲ 1977 ਵਿਚ ਵਾਪਰਿਆ।

ਫੰਡ ਦਾ ਵਤੀਰਾ ਤੀਜੀ ਦੁਨੀਆਂ ਦੇ ਖਿਲਾਫ ਵਿਤਕਰੇ ਭਰਿਆ ਕਿਉਂ ਹੈ? ਇਹ ਇਕ ਅਹਿਮ ਸਵਾਲ ਹੈ ਇਸ ਦਾ ਮੁਖ ਕਾਰਨ ਜਿਵੇਂ ਉਪਰ ਦਸਿਆ ਜਾ ਚੁਕਾ ਹੈ ਕਿ ਫੰਡ ਦੇ ਪ੍ਰਬੰਧ ਉਪਰ ਅਮਰੀਕਾ ਅਤੇ ਹੋਰ ਸਾਮਰਾਜੀ ਪਛਮੀ ਦੇਸ਼ਾਂ ਦਾ ਪੂਰਾ ਕੰਟਰੋਲ ਹੈ। ਫੰਡ ਦਾ ਹੈਡ ਕੁਆਰਟਰ ਵਾਸ਼ਿੰਗਟਨ ਵਿਖੇ ਹੋਣ ਨਾਲ ਅਮਰੀਕਾ ਦਾ ਇਸ ਤੇ ਹੋਰ ਕੰਟਰੋਲ ਵਧ ਜਾਂਦਾ ਹੈ। ਰੂਸ (ਅਤੇ ਪੂਰਬੀ ਯੂਰਪ ਅਤੇ ਰੂਸ ਬਲਾਕ ਦੇ ਦੇਸ਼) ਇਸ ਦੇ ਮੈਂਬਰ ਨਾ ਹੋਣ ਕਰਕੇ ਫੰਡ ਦੇ ਪ੍ਰਬੰਧਕੀ ਬੋਰਡ ਵਿਚ ਅਮਰੀਕਾ ਅਤੇ ਉਸ ਦੇ ਹਮਾਇਤੀਆਂ ਦਾ ਵਿਰੋਧ ਬਹੁਤ ਘਟ ਹੈ। ਤੀਜੀ ਦੁਨੀਆਂ ਦੇ ਦੇਸ਼ ਰਲ ਕੇ ਵੀ ਸਾਮਰਾਜਵਾਦੀਆਂ ਦਾ ਵਿਰੋਧ ਕਰਨ ਲਈ ਤਿਆਰ ਨਹੀਂ ਹਨ। ਪਰ ਇਕਲੇ ਇਕਲੇ ਕੋਈ ਵੀ ਦੇਸ਼ ਫੰਡ ਵਿਚ ਇਤਨਾ ਤਕੜਾ ਨਹੀਂ ਹੈ ਕਿ ਸਾਮਰਾਜ ਵਾਦੀਆਂ ਦੀ ਵਿਰੋਧ ਕਰ ਸਕੇ। ਇਸ ਕਰਕੇ ਅਮਰੀਕਾ ਅਤੇ ਉਸ ਦੇ ਹਮਾਇਤੀ ਜੋ ਕੰਮ ਸਿੱਧੇ ਰੂਪ ਵਿਚ ਤੀਜੀ ਦੁਨੀਆਂ ਨਾਲ ਨਹੀਂ ਕਰ ਸਕਦੇ – ਉਹ ਅੰਤਰ ਰਾਸ਼ਟਰੀ ਫੰਡ ਅਤੇ ਸੰਸਾਰ ਬੈਂਕ ਰਾਹੀਂ ਕਰਾਉਂਦੇ ਹਨ। ਤੀਜੀ ਦੁਨੀਆਂ ਦੇ ਦੇਸ਼ ਫੰਡ ਅਤੇ ਸੰਸਾਰ ਬੈਂਕ ਦੇ ਮੈਂਬਰ ਹੋਣ ਕਰਕੇ ਇਹਨਾਂ ਦੀਆਂ ਸ਼ਰਤਾਂ ਦਾ ਸ਼ਿਕਾਰ ਹੁੰਦੇ ਹਨ। ਬਹੁਤ ਸਾਰੇ ਲੋਕ ਇਹਨਾਂ ਸੰਸਥਾਵਾਂ ਦੇ ਨਿਰਪੱਖ ਹੋਣ ਬਾਰੇ ਟਪਲਾ ਖਾ ਜਾਂਦੇ ਨ।

## ਭਾਰਤ ਨੂੰ 500 ਕਰੋੜ ਰੁਪਏ ਕਰਜ਼ਾ

ਭਾਰਤ ਦੇ ਕੇਂਦਰੀ ਵਿੱਤ ਮੰਤਰੀ ਆਰ ਵੈਂਕਟਰਾ-ਮਨ ਦੀ ਦਰਖਾਸਤ ਤੇ ਅੰਤਰ ਰਾਸ਼ਟਰੀ ਮੁਦਰਾ ਫੰਡ ਨੇ ਭਾਰਤ ਨੂੰ 5000 ਕਰੋੜ ਰੁਪਏ ਦਾ ਕਰਜ਼ਾ ਦਿਤਾ। ਏਨਾ ਵੱਡਾ ਕਰਜ਼ਾ ਫੰਡ ਨੇ ਆਪਣੇ 36 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਦੇਸ਼ ਨੂੰ ਦਿਤਾ ਹੈ। ਇਹ ਕਰਜ਼ਾ ਭਾਰਤ ਨੂੰ 1981-84 ਦੇ ਦੌਰਾਨ ਮਿਲਣਾ ਹੈ। ਫੰਡ ਦੇ ਫੈਸਲੇ ਅਨੁਸਾਰ ਭਾਰਤ ਨੂੰ 30 ਜੂਨ 1982 ਤਕ 900 ਕਰੋੜ ਰੁਪਏ, 30 ਜੂਨ 1983 ਤਕ ਹੋਰ 1800 ਕਰੋੜ ਰੁਪਏ ਅਤੇ ਬਾਕੀ 2300 ਕਰੋੜ ਰੁਪਏ 30 ਜੂਨ 1984 ਤਕ ਉਧਾਰ ਮਿਲ ਜਾਣਗੇ। ਫੰਡ ਨੇ ਇਸ ਕਰਜ਼ੇ ਦਾ ਇੰਤਜ਼ਾਮ ਦੋ ਸਾਧਨਾਂ ਤੋਂ ਕੀਤਾ ਹੈ।

1. ਫੰਡ ਦੇ ਆਪਣੇ ਸਾਧਨਾ ਤੋਂ 48 ਪ੍ਰਤੀਸ਼ਤ ਦੇ ਕਰੀਬ ਅਤੇ (2) 52 ਪ੍ਰਤੀਸ਼ਤ ਦੇ ਕਰੀਬ ਕਰਜ਼ਾ ਫੰਡ ਉਧਾਰ ਲੈ ਕੇ ਭਾਰਤ ਨੂੰ ਦੇਵੇਗਾ। ਇਹ ਮੁਖ ਤੌਰ ਤੇ ਸੌਦੀ ਅਰਬ ਤੋਂ ਲਿਆ ਜਾਵੇਗਾ। ਫੰਡ ਦੇ ਆਪਣੇ ਸਾਧਨਾਂ ਤੋਂ ਲਏ ਕਰਜ਼ੇ ਤੇ ਵਿਆਜ ਦੀ ਦਰ 5 ਪ੍ਰਤੀਸ਼ਤ ਹੋਵੇਗੀ। ਜਦ ਕਿ ਉਧਾਰ ਲਏ ਕਰਜ਼ੇ ਤੇ ਦਰ 20 ਪ੍ਰਤੀਸ਼ਤ ਹੋਵੇਗੀ। ਇਸ ਤਰ੍ਹਾਂ ਵਿਆਜ ਦੀ ਔਸਤਨ ਦਰ 10 ਪ੍ਰਤੀਸ਼ਤ ਤੋਂ ਰਤਾ ਵਧ ਹੀ ਹੋਵੇਗੀ।

ਭਾਰਤ ਨੂੰ ਕਰਜ਼ਾ ਲੈਣ ਤੇ ਫੰਡ ਵਲੋਂ ਕੁਝ ਸਖਤ ਸ਼ਰਤਾਂ ਲਾਈਆਂ ਗਈਆਂ ਹਨ। ਇਹਨਾਂ

ਸ਼ਰਤਾਂ ਨਾਲ ਭਾਰਤ ਦੀ ਖੁਦ-ਮੁਖਤਿਆਰੀ ਅਤੇ ਆਜ਼ਾਦੀ ਉਪਰ ਅਸਰ ਪਿਆ ਹੈ । ਖਾਸ ਗਲ ਇਹ ਹੈ ਕਿ ਸਮਝੌਤਾ ਕਰਨ ਤੋਂ ਪਹਿਲਾਂ ਅਤੇ ਸਮਝੌਤੇ ਸਮੇਂ ਭਾਰਤ ਦੇ ਲੋਕਾਂ ਨੂੰ ਅਤੇ ਪਾਰਲੀਮੈਂਟ ਨੂੰ ਹਨੇਰੇ ਵਿਚ ਰਖਿਆ ਗਿਆ । ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਸਮੇਂ ਇਹ ਮਸਲਾ ਵਿਰੋਧੀ ਮੈਂਬਰਾਂ ਵਲੋਂ ਉਠਾਇਆ ਗਿਆ । ਉਹਨਾਂ ਦਾ ਖਿਆਲ ਸੀ ਕਿ ਫੰਡ ਕਰਜ਼ੇ ਸਬੰਧੀ ਚਲ ਰਹੀ ਗਲਬਾਤ ਅਤੇ ਸ਼ਰਤਾਂ ਬਾਰੇ ਪਾਰਲੀਮੈਂਟ ਅਤੇ ਦੇਸ਼ ਦੇ ਲੋਕਾਂ ਨੂੰ ਵਿਸ਼ਵਾਸ਼ ਵਿਚ ਲੈਣਾ ਚਾਹੀਦਾ ਹੈ । ਪਰ ਸਰਕਾਰ ਨੇ ਇਹ ਕਿਹਾ ਕਿ ਸਮਝੌਤਾ ਗੁਪਤ ਹੈ, ਅਤੇ ਇਸ ਬਾਰੇ ਦਸਣ ਤੋਂ ਇਨਕਾਰ ਕਰ ਦਿਤਾ । ਦੁਬਾਰਾ ਪਾਰਲੀਮੈਂਟ ਦੇ ਸਰਦੀਆਂ ਦੇ ਸੈਸ਼ਨ ਵਿਚ ਮਸਲਾ ਉਠਾਉਣ ਤੇ ਸਰਕਾਰ ਨੇ ਗੋਲ ਮੋਲ ਜਵਾਬ ਵਿਚ ਇਹ ਕਹਿ ਦਿਤਾ ਕਿ ਫੰਡ ਨੇ ਭਾਰਤ ਤੇ ਕੋਈ ਖ਼ਾਸ ਸ਼ਰਤਾਂ ਨਹੀਂ ਲਾਈਆਂ । ਇਥੇ ਖ਼ਾਸ ਵਰਨਣ ਯੋਗ ਗੱਲ ਇਹ ਹੈ ਕਿ ਇਸ ਕਿਸਮ ਦੀ ਗੱਲ ਸਿਰਫ ਭਾਰਤ ਵਿਚ ਹੀ ਹੋਈ ਹੈ । ਬਰਤਾਨੀਆਂ ਨੇ 1977 ਵਿਚ ਅੰਤਰ-ਰਾਸ਼ਟਰੀ ਫੰਡ ਤੋਂ ਕਰਜ਼ਾ ਲੈਣ ਤੋਂ ਪਹਿਲਾਂ ਸਾਰਾ ਮਾਮਲਾ ਆਪਣੀ ਪਾਰਲੀਮੈਂਟ ਵਿਚ ਰਖਿਆ ਅਤੇ ਵਿਸਥਾਰ ਪੂਰਵਕ ਬਹਿਸ ਤੋਂ ਬਾਅਦ ਫੰਡ ਦੇ ਪ੍ਰਬੰਧਕੀ ਡਾਇਰੈਕਟਰਾਂ ਸਾਹਮਣੇ ਪਾਸ ਕਰਨ ਲਈ ਪੇਸ਼ ਕੀਤਾ । ਇਸੇ ਤਰ੍ਹਾਂ ਇਟਲੀ ਦੇ ਕੇਸ ਵਿਚ ਹੋਇਆ । ਪਰ ਭਾਰਤ ਦੀ ਸਰਕਾਰ ਨੇ ਫੰਡ ਨਾਲ ਸਮਝੌਤੇ ਬਾਰੇ ਦੇਸ਼ ਦੀ ਪਾਰਲੀਮੈਂਟ ਅਤੇ ਲੋਕਾਂ ਨੂੰ ਹਨੇਰੇ ਵਿਚ ਰਖਿਆ ।

## ਕਰਜ਼ੇ ਦੀਆਂ ਸ਼ਰਤਾਂ

5000 ਕਰੋੜ ਰੁਪਏ ਦੇ ਕਰਜ਼ੇ ਦੀਆਂ ਸ਼ਰਤਾਂ ਬਾਰੇ ਭਾਰਤ ਸਰਕਾਰ ਨੇ ਲੋਕਾਂ ਨੂੰ ਦੱਸਣ ਤੋਂ ਨਾਂਹ ਕਰ ਦਿਤੀ ਪਰ ਤੀਜੀ ਦੁਨੀਆਂ ਦੇ ਇਕ ਪ੍ਰਬੰਧਕੀ ਡਾਇਰੈਕਟਰ ਨੇ ਵਾਸ਼ਿੰਗਟਨ ਰਹਿੰਦੇ ਇਕ ਭਾਰਤੀ ਅਖ਼ਬਾਰ ਨੁਮਾਇੰਦੇ ਐਨ. ਰਾਮ ਨੂੰ ਇਹਨਾਂ ਬਾਰੇ ਸਾਰੀ ਜਾਣਕਾਰੀ ਦੇ ਦਿਤੀ । ਉਸ ਡਾਇਰੈਕਟਰ ਦਾ ਇਹ ਕਹਿਣਾ ਹੈ ਕਿ ਉਹ ਭਾਰਤ ਨੂੰ ਕਰਜ਼ੇ ਦੇ ਖਿਲਾਫ ਨਹੀਂ ਪਰ ਕਿਸੇ ਵੀ ਸਰਕਾਰ ਨੂੰ ਆਪਣੇ ਲੋਕਾਂ ਅਤੇ ਉਹਨਾਂ ਦੇ ਨੁਮਾਇੰਦਿਆਂ ਨੂੰ ਵਿਸ਼ਵਾਸ ਵਿਚ ਲੈਣਾ ਜ਼ਰੂਰੀ ਹੈ ਤਾਂ ਕਿ ਦੇਸ਼ ਵਿਚ ਇਸ ਮਸਲੇ ਤੇ ਖੁਲ੍ਹ ਕੇ ਬਹਿਸ ਹੋ ਸਕੇ । ਕਰਜ਼ੇ ਬਾਰੇ ਸ਼ਰਤਾਂ ਦੋ ਅਹਿਮ ਦਸਤਾਵੇਜ਼ਾਂ ਵਿਚੋਂ ਮਿਲਦੀਆਂ ਹਨ । ਇਕ ਦਸਤਾਵੇਜ਼ ਉਹ ਹੈ ਜਿਹੜਾ ਭਾਰਤ ਦੇ ਕੇਂਦਰੀ ਵਿੱਤ ਮੰਤਰੀ ਵਲੋਂ ਫੰਡ ਨੂੰ 28 ਸਤੰਬਰ 1981 ਵਿਚ ਪੱਤਰ ਲਿਖਿਆ ਗਿਆ । ਇਸ ਪੱਤਰ ਨਾਲ ਇਕ 1[illegible] ਸਫੇ ਲੰਮਾ ਮੈਮੋਰੰਡਮ ਲਾਇਆ ਗਿਆ ਜਿਸ ਦਾ ਨਾਂ ਹੈ "ਆਰਥਿਕ ਨੀਤੀਆਂ ਦਾ ਚਿੱਠਾ"(Statement of economic policies) ਇਸ ਚਿੱਠੇ ਵਿਚ ਭਾਰਤ ਦੀ ਆਰਥਿਕਤਾ ਬਾਰੇ ਕੁਝ ਐਸੇ ਤੱਥ ਵੀ ਪੇਸ਼ ਕੀਤੇ ਹਨ ਜੋ ਕਿ ਅਜੇ ਤਕ ਭਾਰਤ ਵਿਚ ਛਾਪੇ ਹੀ ਨਹੀਂ ਗਏ ਅਤੇ ਲੋਕਾਂ ਨੂੰ ਪਤਾ ਵੀ ਨਹੀਂ । ਇਸ ਵਿਚ ਆਉਣ ਵਾਲੇ ਤਿੰਨ ਸਾਲਾਂ ਵਿਚ ਅਪਣਾਈਆਂ ਜਾਣ ਵਾਲੀਆਂ ਨੀਤੀਆਂ ਨੂੰ ਬਿਆਨਿਆਂ ਗਿਆ ਹੈ । ਦੂਸਰਾ ਦਸਤਾਵੇਜ਼ ਅੰਤਰ-ਰਾਸ਼ਟਰੀ ਮੁਦਰਾ ਫੰਡ ਦੇ ਸਟਾਫ ਵਲੋਂ ਭਾਰਤ ਦੀ ਆਰਥਿਕਤਾ ਬਾਰੇ ਜਾਇਜ਼ਾ ਰਿਪੋਰਟ ਹੈ ਇਸ ਨੂੰ ਤਿਆਰ ਕਰਨ ਵਿਚ ਸੰਸਾਰ ਬੈਂਕ ਨੇ ਫੰਡ ਦੀ ਮਦਦ ਕੀਤੀ । ਇਹ ਦਸਤਾਵੇਜ਼ ਫੰਡ ਦੇ ਏਸ਼ੀਆਈਆਂ ਵਟਾਂਦਰਾ ਅਤੇ ਵਪਾਰ ਸਬੰਧ ਵਿਭਾਗ Asian exchange and trade relations deptt ਵਲੋਂ ਭਾਰਤ ਸਰਕਾਰ ਨਾਲ ਗਲਬਾਤ ਤੋਂ ਬਾਅਦ ਸਮਝੌਤੇ ਦੇ ਅਧਾਰ ਤੇ ਤਿਆਰ ਕੀਤਾ ਗਿਆ । ਇਸ 48 ਸਫ਼ੇ ਦੇ ਦਸਤਾਵੇਜ਼ ਵਿਚ ਭਾਰਤ ਦੁਆਰਾ ਮੰਨੀਆਂ ਗਈਆਂ ਸ਼ਰਤਾਂ ਦਾ ਵਿਸਥਾਰ ਪੂਰਬਕ ਬਿਆਨ ਹੈ । ਇਸੇ ਦੇ ਅਧਾਰ ਤੇ ਹੀ ਭਾਰਤ ਨੂੰ ਫੰਡ ਦੇ ਡਾਇਰੈਕਟਰਾਂ ਦੀ 9 ਨਵੰਬਰ ਦੀ ਮੀਟਿੰਗ ਵਿਚ ਕਰਜ਼ਾ ਮਨਜ਼ੂਰ ਕੀਤਾ ਗਿਆ । 28 ਸਤੰਬਰ 1981 ਨੂੰ ਲਿਖੇ ਆਪਣੇ ਪੱਤਰ ਵਿਚ ਭਾਰਤ ਦੇ ਵਿੱਤ ਮੰਤਰੀ ਨੇ ਫੰਡ ਦੇ ਮੈਨੇਜਿੰਗ ਡਾਇਰੈਕਟਰ ਨੂੰ ਹੇਠ ਲਿਖੇ ਸ਼ਬਦਾਂ ਵਿਚ ਫੰਡ ਦੀਆਂ ਸ਼ਰਤਾਂ ਮੰਨਣ ਦਾ ਵਾਅਦਾ ਦਿਤਾ —

"ਭਾਰਤ ਸਰਕਾਰ ਦਾ ਇਹ ਯਕੀਨ ਹੈ ਕਿ 1981-82 ਵਿਚ ਅਪਨਾਉਣ ਵਾਲੀਆਂ ਨੀਤੀਆਂ (ਜੋ ਮੈਮੋਰੰਡਮ ਵਿਚ ਦਿਤੀਆਂ ਹਨ) ਫੰਡ ਦੇ ਪ੍ਰੋਗਰਾਮ ਪੂਰ ਕਰਨ ਲਈ ਕਾਫੀ ਹਨ ਫਿਰ ਵੀ ਸਰਕਾਰ ਯੋਗ ਉਪਾਅ ਕਰਨ ਵਾਸਤੇ ਫੰਡ ਨਾਲ ਸਲਾਹ ਕਰੇਗੀ । ਪਰ ਇਹ ਉਪਾਅ ਦੇਸ਼ ਦੀਆਂ ਕੌਮੀ ਨੀਤੀਆਂ ਜੋ ਪਾਰਲੀਮੈਂਟ ਨੇ ਮੰਨੀਆਂ ਹਨ । ਉਹਨਾਂ ਨਾਲ ਮੇਲ ਖਾਂਦੇ ਹੋਣ । ਪ੍ਰੋਗਰਾਮਾਂ ਨੂੰ ਲਾਗੂ ਕਰਨ ਵਾਸਤੇ ਸਰਕਾਰ ਫੰਡ ਨਾਲ ਸਲਾਹ ਮਸ਼ਵਰਾ ਜਾਰੀ ਰਖਣ ਦੀ ਮਦ ਹੇਠ ਹਰ ਸਾਲ ਦੇ ਮਧ ਵਿਚ ਸਲਾਹ ਮਸ਼ਵਰਾ ਕਰਿਆ ਕਰੇਗੀ । ਇਸ ਸਬੰਧ ਵਿਚ 25 ਮਾਰਚ 198[illegible] ਤੋਂ ਪਹਿਲਾਂ ਪਹਿਲਾਂ ਸਰਕਾਰ ਫੰਡ ਨਾਲ ਗੱਲਬਾਤ ਕਰੇਗੀ ਤਾਂ ਕਿ ਮੈਮੋਰੰਡਮ ਵਿਚ ਦਿਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਠੀਕ ਕਦਮ ਚੁਕੇ ਜਾਣ.. "

ਇਸ ਪੱਤਰ ਵਿਚ ਜਿਹੜਾ ਕੌਮੀ ਨੀਤੀਆਂ ਦੇ ਦੇਸ਼ ਦੀ ਪਾਰਲੀਮੈਂਟ ਵਲੋਂ ਪ੍ਰਵਾਨ ਹੋਣ ਦਾ ਹਵਾਲਾ ਆਉਂਦਾ ਹੈ ਉਸ ਦੀ ਵਿਆਖਿਆ ਦਿੰਦੇ ਹੋਏ ਭਾਰਤ ਦੇ ਫੰਡ ਵਿਚ ਪ੍ਰਬੰਧਕੀ ਡਾਇਰੈਕਟਰ ਐਮ.ਨਾਰਸਿੰਮ-ਹਾਮ (M.Narsimham) ਨੇ ਆਖਿਆ ਕਿ ਇਸ

ਦਾ ਅਰਥ "ਕਿਸੇ ਵੀ ਤਰ੍ਹਾਂ (ਭਾਰਤ ਦੀਆਂ) ਨੀਤੀਆਂ ਨੂੰ ਗਲਬਾਤ ਦੇ ਖੇਤਰ ਤੋਂ ਬਾਹਰ ਨਹੀਂ ਲਿਜਾਣਾ ਜਿਨ੍ਹਾਂ ਨੂੰ ਫੰਡ ਪ੍ਰੋਗਰਾਮ ਦੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਸਮਝਦਾ ਹੋਵੇ।

"that the intention was not in any way to exclude any of the policies from 'consultation' with the Fund." ਇਸ ਤਰ੍ਹਾਂ ਭਾਰਤ ਸਰਕਾਰ ਦੇ ਨੁਮਾਇੰਦਿਆਂ ਨੇ ਗਲਬਾਤ ਸਮੇਂ ਇਹ ਸਾਫ਼ ਤੌਰ ਤੇ ਜ਼ਾਹਿਰ ਕਰ ਦਿਤਾ ਕਿ ਸਰਕਾਰ ਫੰਡ ਵਲੋਂ ਦਸੀਆਂ ਨੀਤੀਆਂ ਅਨੁਸਾਰ ਹੀ ਦੇਸ਼ ਦੀ ਆਰਥਿਕਤਾ ਨੂੰ ਚਲਾਵੇਗੀ, ਦੇਸ਼ ਦੀ ਪਾਰਲੀਮੈਂਟ ਜਾਂ ਦੇਸ਼ ਦੇ ਲੋਕ ਭਾਵੇਂ ਹੋਰ ਤਰ੍ਹਾਂ ਸੋਚਦੇ ਹੋਣ। ਫੰਡ ਦੀਆਂ 5000 ਕਰੋੜ ਰੁਪਏ ਦੇ ਕਰਜ਼ੇ ਨਾਲ ਲਗੀਆਂ ਸ਼ਰਤਾਂ ਨੂੰ ਹੇਠ ਲਿਖੇ ਦਸ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ।

1. ਮੁਦਰਾ ਨੀਤੀਆਂ — ਭਾਰਤ ਵਿਚ ਕੁਲ ਤਰਲਤਾ (Liquidity) ਦਾ ਵਾਧਾ 1981-82 ਦੌਰਾਨ 15-7 ਪ੍ਰਤੀਸ਼ਤ ਤੋਂ ਜ਼ਿਆਦਾ ਨਹੀਂ ਕੀਤਾ ਜਾਵੇਗਾ। ਇਸ ਦੇ ਵਾਧੇ ਦੀ ਸੀਮਾਂ 1982-83 ਦੌਰਾਨ 14-5 ਪ੍ਰਤੀਸ਼ਤ ਅਤੇ 1983-84 ਦੌਰਾਨ 14 ਪ੍ਰਤੀਸ਼ਤ ਰਖੀ ਗਈ ਹੈ। ਇਸ ਅਨੁਸਾਰ ਮੁਦਰਾ ਦੇ ਵਹਿਣ (Circulation) ਵਿਚ ਵਾਧੇ ਦੀ ਸੀਮਾਂ ਕਰਮਵਾਰ ਤਿੰਨ ਸਾਲਾਂ ਦੌਰਾਨ 11-3 ਪ੍ਰਤੀਸ਼ਤ, 11 ਪ੍ਰਤੀਸ਼ਤ ਅਤੇ 11 ਪ੍ਰਤੀਸ਼ਤ ਰਖੀ ਗਈ। ਇਸੇ ਕਰਕੇ ਰਿਜ਼ਰਵ ਬੈਂਕ ਨੂੰ ਹਦਾਇਤ ਕੀਤੀ ਕਿ ਉਹ ਦੇਸ਼ ਵਿਚ ਮੁਦਰਾ ਅਤੇ ਕਰਜ਼ੇ ਦੇ ਫੈਲਾਅ ਨੂੰ ਰੋਕਣ ਵਾਸਤੇ ਯੋਗ ਕਦਮ ਚੁਕੇ।

2. ਵਿੱਤ ਅਤੇ ਬਜਟ ਨੀਤੀਆਂ — ਖ਼ਰਚ ਵਾਸਤੇ ਸਰਕਾਰ ਆਪਣੇ ਸਾਧਨ ਵਧਾਏ। ਬੈਂਕ ਕਰਜ਼ੇ ਅਤੇ ਪ੍ਰਾਈਵੇਟ ਖੇਤਰ ਤੋਂ ਉਧਾਰ ਨੂੰ ਘਟਾਇਆ ਜਾਵੇ। 1981-82 ਦੌਰਾਨ ਸਰਕਾਰ ਦੀ ਆਮਦਨ 17200 ਕਰੋੜ ਰੁਪਏ ਹੋਵੇਗੀ ਜੋ 1980-81 ਨਾਲੋਂ 17 ਪ੍ਰਤੀਸ਼ਤ ਜ਼ਿਆਦਾ ਹੈ। ਇਸ ਨਾਲ ਸਰਕਾਰ ਦੇ ਬਜਟ ਦਾ ਘਾਟਾ ਥੋੜ੍ਹਾ ਰਹਿ ਜਾਵੇਗਾ।

3. ਅੰਦਰੂਨੀ ਸਾਧਨਾਂ ਦਾ ਇਕੱਠੇ ਕਰਨਾ — ਐਸੇ ਨਵੇਂ ਟੈਕਸ ਲਗਾਉਣਾ ਜਿਸ ਨਾਲ ਦੇਸ਼ ਵਿਚ ਨਿੱਜੀ ਬਚਤਾਂ ਅਤੇ ਨਿੱਜੀ ਸਰਮਾਏ ਦੇ ਵਿਕਾਸ ਤੇ ਕੋਈ ਬੁਰਾ ਅਸਰ ਨਾ ਪਵੇ। ਪਬਲਿਕ ਸੈਕਟਰ ਦੇ ਅਦਾਰਿਆਂ ਵਿਚ ਸਬਸਿਡੀ ਕਾਫੀ ਘਟਾ ਦਿਤੀ ਜਾਵੇਗੀ ਅਤੇ ਕੀਮਤਾਂ ਦੀ ਨੀਤੀ ਇਸ ਤਰ੍ਹਾਂ ਅਪਣਾਈ ਜਾਵੇਗੀ ਜਿਸ ਨਾਲ ਪਬਲਿਕ ਅਦਾਰਿਆਂ ਦੇ ਮੁਨਾਫ਼ੇ ਵਧ ਜਾਣ। ਪਬਲਿਕ ਖੇਤਰ ਵਿਚ ਬਚਤਾਂ ਦਾ ਅੱਧਾ ਹਿੱਸਾ ਨਵੇਂ ਸਾਧਨਾਂ ਰਾਹੀਂ ਪੈਦਾ ਕੀਤਾ ਜਾਵੇਗਾ। ਨਾਲ ਦੀ ਨਾਲ ਨਿੱਜੀ ਬਚਤਾਂ ਵਧਾਉਣ ਵਲ ਵੀ ਕਦਮ ਪੁਟੇ ਜਾਣਗੇ। ਇਸ ਸਬੰਧ ਵਿਚ ਵਿਆਜ ਦੀ ਦਰ ਮੁਲਾਂਕਣ (Review) ਅਧੀਨ ਰਖੀ ਜਾਵੇਗੀ।

4. ਸਨਅਤ ਨੀਤੀ— ਸਾਰੇ ਪ੍ਰੋਗਰਾਮ ਦੀ ਵਿਉਂਤ-ਬੰਦੀ ਦਾ ਕੇਂਦਰੀ ਧੁਰਾ ਨਿਜੀ ਸਨਅਤ ਵਿਚ ਸਰਮਾਏ ਦਾ ਵਿਕਾਸ ਕਰਨਾ ਅਤੇ ਸਨਅਤ ਦੀ ਕਾਰਗੁਜ਼ਾਰੀ ਵਿਚ ਸੁਧਾਰ ਕਰਨਾ ਹੈ। ਮੌਜੂਦਾ ਉਤਪਾਦਨ ਸ਼ਕਤੀ ਤੋਂ ਵਧ ਤੋਂ ਵਧ ਪੈਦਾ ਕਰਨਾ ਅਤੇ ਤਕਨੀਕੀ ਵਿਕਾਸ ਅਤੇ ਨਵੀਨਕਰਨ ਤੇ ਜ਼ੋਰ ਦੇਣਾ ਹੈ। ਇਸ ਸਬੰਧ ਵਿਚ ਬਰਾਮਦਾਂ ਵਾਸਤੇ ਪੈਦਾ ਕਰਨ ਅਤੇ ਬਾਹਰੋਂ ਨਵੀਂ ਟੈਕਨੋਲੋਜੀ ਨੂੰ ਮੰਗਾਉਣ ਤੇ ਜ਼ੋਰ ਦੇਣਾ ਸ਼ਾਮਲ ਹੈ।

ਬਿਦੇਸ਼ੀ ਭਾਈਵਾਲੀ ਅਤੇ ਮਾਲਕੀ ਹੱਕ ਖਾਤਰ (Royality) ਅਦਾਇਗੀ ਦੀ ਵਿਧੀ ਨੂੰ ਸੌਖਾ ਬਣਾਉਣਾ ਅਤੇ ਕੀਮਤਾਂ ਦੀ ਨੀਤੀ ਨੂੰ ਲਚਕਦਾਰ ਬਣਾਉਣਾ ਤਾਂ ਕਿ ਇਸ ਨਾਲ ਨਵੀਂ ਤਕਨੀਕ ਨੂੰ ਅਪਨਾਉਣ ਵਾਸਤੇ ਉਤਸ਼ਾਹ ਪੈਦਾ ਹੋਵੇ। ਫੰਡ ਦੇ ਸਟਾਫ ਵਲੋਂ ਸਰਕਾਰ ਵਲੋਂ ਸ਼ੁਰੂ ਕੀਤੀਆਂ ਗਈਆਂ ਨੀਤੀਆਂ ਦੀ ਇਸੇ ਦਿਸ਼ਾ ਵਿਚ ਤਬਦੀਲੀ ਵੀ ਨੋਟ ਕੀਤੀ ਗਈ ਹੈ।

5. ਖੇਤੀ ਨੀਤੀ — ਖੇਤੀ ਵਿਚ ਪਹਿਲਾਂ ਹੋਏ ਵਿਕਾਸ ਨੂੰ ਹੋਰ ਪਕਿਆਂ ਕਰਨਾ ਹੈ। ਤਕਨੀਕ ਦੇ ਨਵੀਨਕਰਨ ਤੇ ਜ਼ੋਰ ਨੂੰ ਜਾਰੀ ਰਖਣ ਵਾਸਤੇ ਸਿੰਜਾਈ ਹੇਠਾਂ ਹੋਰ ਜ਼ਮੀਨ ਲਿਆਉਣਾ, ਖਾਦਾਂ ਅਤੇ ਨਵੇਂ ਬੀਜਾਂ ਦੀ ਵਰਤੋਂ ਵਧਾਉਣ ਤੇ ਜ਼ੋਰ ਦੇਣਾ ਵੀ ਇਸ ਵਿਚ ਸ਼ਾਮਲ ਹੈ।

ਅਨਾਜ ਦੀ ਵਸੂਲੀ ਦੀ ਨੀਤੀ ਜਾਰੀ ਰਖੀ ਜਾਵੇਗੀ ਪਰ ਕੀਮਤਾਂ ਵਿਚ ਤਬਦੀਲੀ ਇਸ ਤਰ੍ਹਾਂ ਕੀਤੀ ਜਾਵੇਗੀ ਕਿ ਅਨਾਜ ਕੀਮਤਾਂ ਸੰਸਾਰ ਮੰਡੀ ਦੇ ਪੱਧਰ ਤੇ ਜ਼ਿਆਦਾ ਪ੍ਰਤਿਯੋਗੀ ਬਨਾਉਣਾ ਬਣ ਜਾਣ।

6. ਕੀਮਤ ਸੁਧਾਰ — ਕੰਟਰੋਲ ਕੀਮਤਾਂ ਦੀ ਨੀਤੀ ਵਿਚ ਵਾਧਾ ਹੋਵੇ ਅਤੇ ਸਾਧਨਾਂ ਦੀ ਵਰਤੋਂ ਵਿਚ ਜ਼ਿਆਦਾ ਕਾਰਜ ਕੁਸ਼ਲਤਾ ਆਵੇ। ਪਹਿਲਾਂ ਹੀ ਸਰਕਾਰ ਕੁਝ ਅਹਿਮ ਤਬਦੀਲੀਆਂ ਇਸੇ ਦਿਸ਼ਾ ਵਿਚ ਸ਼ੁਰੂ ਕਰ ਚੁਕੀ ਹੈ। ਲੋਹਾ ਅਤੇ ਸਟੀਲ, ਅਲਮੀਨੀਅਮ, ਰੇਲ ਆਵਾਜਾਈ, ਖਾਦ ਅਤੇ ਸੀਮਿੰਟ ਇਸ ਸਬੰਧ ਵਿਚ ਨਾਜ਼ਕ ਖੇਤਰ ਹਨ। ਕੇਂਦਰ ਅਤੇ ਰਾਜ ਸਰਕਾਰਾਂ ਪਬਲਿਕ ਖੇਤਰ ਦੀਆਂ ਕੀਮਤਾਂ ਨੂੰ ਤਬਦੀਲ ਕਰਕੇ ਲਾਗਤ ਕੀਮਤਾਂ ਦੇ ਨੇੜੇ ਪੁਚਾ ਦੇਣਗੀਆਂ। ਹੋਰ ਖੇਤਰ ਜਿਥੇ ਇਹਨਾਂ ਤਬਦੀਲੀਆਂ ਨੂੰ ਲਿਆਂਦਾ ਜਾ ਸਕਦਾ ਹੈ ਉਹ ਹਨ ਕੋਲਾ ਅਤੇ ਬਿਜਲੀ ਦੀਆਂ ਦਰਾਂ। ਇਹਨਾਂ ਤਬਦੀਲੀਆਂ ਨੂੰ ਲਿਆਉਣ ਵਾਸਤੇ ਫੰਡ ਦਾ ਸਟਾਫ ਸੰਸਾਰ ਬੈਂਕ

ਭਾਰਤ ਨੂੰ ਕਰਜ਼ੇ ਦੇ ਰਿਹਾ ਹੈ।

7. ਵਿਦੇਸ਼ੀ ਸਰਮਾਇਆ ਨੀਤੀ – ਵਿਦੇਸ਼ੀ ਭਾਈਵਾਲਤਾ ਅਤੇ ਟੈਕਨਾਲੋਜੀ ਨੂੰ ਭਾਰਤ ਆਉਣ ਦੀ ਜ਼ਿਆਦਾ ਖੁਲ੍ਹ ਦਿਤੀ ਜਵੇਗੀ। 1981 ਦੇ ਤਿੰਨ ਮਹੀਨਿਆਂ ਦੌਰਾਨ ਵਿਦੇਸ਼ੀ ਭਾਈਵਾਲਤਾ ਸਮਝੌਤੇ 1980 ਦੇ ਮੁਕਾਬਲੇ 85 ਪ੍ਰਤੀਸ਼ਤ ਵਧ ਹੋਏ ਹਨ। ਇਹਨਾਂ ਵਿਚੋਂ ਅੱਧ ਦੇ ਕਰੀਬ ਬਿਜਲੀ ਦਾ ਸਮਾਨ, ਸਨਅਤੀ ਮਸ਼ੀਨਰੀ ਅਤੇ ਰਸਾਇਣਕ ਸਨਅਤਾਂ ਵਿਚ ਹਨ।

ਵਿਦੇਸ਼ੀ ਟੈਕਨਾਲੋਜੀ, ਮਾਲਕੀ ਹੱਕ ਅਦਾਇਗੀ ਅਤੇ ਵਿਦੇਸ਼ੀ ਹਿੱਸੇਦਾਰੀ ਸਬੰਧੀ ਨੀਤੀਆਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਬਜਾਏ ਇਹਨਾਂ ਵਿਚ ਪਹਿਲਾਂ ਨਾਲੋਂ ਢਿੱਲ ਵਰਤੀ ਜਾ ਰਹੀ ਹੈ। ਵਿਦੇਸ਼ੀ ਸਰਮਾਏ ਦੇ ਆਉਣ ਦੀ ਵਿਧੀ ਸੁਖਾਲੀ ਬਣਾਈ ਜਾ ਰਹੀ ਹੈ ਅਤੇ ਹੋਰ ਵੀ ਸੁਖਾਲੀ ਬਣਾਈ ਜਾਵੇਗੀ।

## ਬਰਾਮਦ ਅਤੇ ਦਰਾਮਦ ਨੀਤੀ

(ੳ) ਬਰਾਮਦ ਨੀਤੀ: ਪਿਛਲੇ ਦਸਾਂ ਸਾਲਾਂ ਤੋਂ ਬਰਾਮਦ ਨੀਤੀ ਨੂੰ ਆਮ ਆਰਥਿਕ ਅਤੇ ਵਿਤ ਨੀਤੀ ਨਾਲ ਜੋੜਿਆ ਜਾ ਰਿਹਾ ਹੈ ਅਤੇ ਭਾਰਤ ਵਿਚ ਉਤਪਾਦਨ ਤੁਲਨਾਤਮਕ ਲਾਭ ਦੇ ਸਿਧਾਂਤ ਅਨੁਸਾਰ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇਹ ਸਿਧਾਂਤ ਛੇਵੀਂ ਪੰਜ ਸਾਲਾਂ ਯੋਜਨਾਂ ਵਿਚ ਵੀ ਸ਼ਾਮਲ ਕੀਤੇ ਹਨ। ਭਾਰਤ ਸਰਕਾਰ ਦਾ ਅਨੁਮਾਨ ਹੈ ਕਿ ਬਰਾਮਦਾਂ 9 ਪ੍ਰਤੀਸ਼ਤ ਦੀ ਦਰ ਤੇ ਵਧਣਗੀਆਂ। ਛੇਵੀਂ ਯੋਜਨਾ ਦੌਰਾਨ ਸਰਕਾਰ ਦੀ ਨੀਤੀ ਬਰਾਮਦਾਂ ਵਧਾਉਣ ਦੇ ਹੱਕ ਵਿਚ ਬਦਲੇਗੀ। ਸਰਕਾਰ ਦੀ ਨੀਤੀ ਬਰਾਮਦ ਦੇ ਰਸਤੇ ਵਿਚ ਅੰਦਰੂਨੀ ਟੈਕਸ ਅਤੇ ਸਨਅਤੀ ਕੰਟਰੋਲ ਰਾਹੀਂ ਪੈਦਾ ਕੀਤੀਆਂ ਰੁਕਾਵਟਾਂ ਨੂੰ ਦੂਰ ਕਰਨ ਵਲ ਹੋਵੇਗੀ। ਐਸੀਆਂ ਸਨਅਤਾਂ ਜਿਨਾਂ ਵਿਚ ਬਰਾਮਦ ਵਧਾਉਣ ਦੀ ਸੰਭਾਵਨਾ ਹੈ ਉਹਨਾਂ ਦੀ ਪਛਾਣ ਕਰਕੇ ਵਧ ਸਹੂਲਤਾਂ ਦਿਤੀਆਂ ਜਾਣਗੀਆਂ। ਫੰਡ ਨੇ ਨੋਟ ਕੀਤਾ ਕਿ ਸਰਕਾਰ ਪਹਿਲਾਂ ਹੀ ਇਸ ਦਿਸ਼ਾ ਵਿਚ ਕਦਮ ਪੁਟ ਰਹੀ ਹੈ।

ਹੋਰ ਵਧੇਰੇ ਸਹੂਲਤਾਂ ਉਹਨਾਂ ਸਨਅਤਾਂ ਨੂੰ ਵੀ ਦਿਤੀਆਂ ਜਾਣਗੀਆਂ ਜਿਹੜੀਆਂ 100 ਪ੍ਰਤੀਸ਼ਤ ਤੋਂ ਘਟ ਉਤਪਾਦਨ ਬਰਾਮਦ ਵਾਸਤੇ ਕਰਦੀਆਂ ਹਨ। ਸਰਕਾਰ ਐਸੀਆਂ ਨੀਤੀਆਂ ਨੂੰ ਵਾਪਸ ਲਵੇਗੀ ਜਿਸ ਨਾਲ ਦੇਸ਼ ਦੀ ਅੰਦਰੂਨੀ ਮੰਡੀ ਦੇਸੀ ਸਨਅਤਕਾਰਾਂ ਲਈ ਵਧ ਲਾਹੇਵੰਦ ਹੁੰਦੀ ਹੈ।

(ਅ) ਦਰਾਮਦਾਂ ਦੀ ਖੁਲ: ਫੰਡ ਦਰਾਮਦਾਂ ਤੇ ਕੰਟਰੋਲ ਅਤੇ ਰੋਕਾਂ ਲਾਉਣ ਦੀ ਸਰਕਾਰ ਨੂੰ ਸਖਤ ਮਨਾਹੀ ਕਰਦਾ ਹੈ। ਜੇ ਸਰਕਾਰ ਇਸ ਤੋਂ ਬਾਜ਼ ਨਹੀਂ ਆਉਂਦੀ ਤਾਂ ਫੰਡ ਨਾਲ ਸਮਝੌਤਾ ਟੁਟ ਜਾਵੇਗਾ ਅਤੇ ਸਰਕਾਰ ਨੂ ਕਰਜ਼ਾ ਨਹੀਂ ਮਿਲੇਗਾ। ਇਸ ਦੇ ਉਲਟ ਫੰਡ ਇਸ ਗਲ ਦੀ ਆਸ ਕਰਦਾ ਹੈ ਕਿ 1982-83 ਅਤੇ 1983-84 ਦੇ ਦੌਰਾਨ ਸਰਕਾਰ ਠੋਸ ਕਦਮ ਚੁਕ ਕੇ ਦਰਾਮਦਾਂ ਉਪਰ ਕੰਟਰੋਲ ਅਤੇ ਰੋਕਾਂ ਹਟਾਏਗੀ।

9. ਵਿਦੇਸ਼ੀ ਕਰਜ਼ਾ–ਵਿਦੇਸ਼ੀ ਕਰਜ਼ੇ ਬਾਰੇ ਭਾਰਤ ਦੀ ਸ਼ਾਖ ਚੰਗੀ ਹੈ ਪਰ ਵਿਦੇਸ਼ੀ ਵਪਾਰਿਕ ਬੈਂਕਾਂ ਤੋਂ ਕਰਜ਼ਾ ਲੈਣ ਬਰੇ ਭਾਰਤ ਸੰਜਮ ਵਰਤੇਗਾ।

10. ਵਟਾਂਦਰਾ ਨੀਤੀ–ਇਸ ਨੀਤੀ ਨੂੰ ਲਗਾਤਾਰ ਵਿਚਾਰ ਅਧੀਨ ਰਖਿਆ ਜਾਵੇਗਾ ਤਾਂ ਕਿ ਵਿਦੇਸ਼ੀ ਸਿੱਕੇ ਦੇ ਸੰਕਟ ਦਾ ਸਾਹਮਣਾ ਕਰਨ ਲਈ ਜ਼ਰੂਰੀ ਤਬਦੀਲੀਆਂ ਕੀਤੀਆਂ ਜਾ ਸਕਣ।

ਇਹਨਾਂ ਸ਼ਰਤਾਂ ਤੋਂ ਬਿਨਾਂ ਫੰਡ ਨੇ ਭਵਿੱਖ ਵਿਚ ਦੋਪਾਸਾ ਅਦਾਇਗੀ ਸਮਝੌਤਿਆਂ (Bilateral Payment Agreement) ਤੇ ਰੋਕ ਲਾ ਦਿਤੀ ਹੈ। ਭਾਰਤ ਦਾ ਪੂਰਬੀ ਯੂਰਪ ਦੇ ਦੇਸ਼ਾਂ ਨਾਲ ਸਾਰਾ ਵਪਾਰ ਇਸ ਤੇ ਆਧਾਰਤ ਹੈ। ਇਸ ਸ਼ਰਤ ਨਾਲ ਭਾਰਤ ਇਹਨਾ ਦੇਸ਼ਾਂ ਨਾਲ ਨਵੇਂ ਸਮਝੌਤਾ ਕਰਕੇ ਆਪਣਾ ਵਪਾਰ ਨਹੀਂ ਵਧਾ ਸਕਦਾ।

ਇਹਨਾਂ ਆਰਥਿਕ ਨੀਤੀਆਂ ਤੋਂ ਬਿਨਾਂ ਫੰਡ ਨਾਲ ਕਰਜ਼ੇ ਦੀਆਂ ਹੇਠਲੀਆਂ ਦੋ ਧਾਰਾਵਾਂ ਭਾਰਤ ਤੇ ਲਗੀਆਂ ਸ਼ਰਤਾਂ ਨੂੰ ਹੋਰ ਸਖਤ ਬਣਾਉਂਦੀਆਂ ਹਨ:

1. ਕਾਰਗੁਜ਼ਾਰੀ ਧਾਰਾ (Performance Clause) ਫੰਡ ਦੇ ਕਰਜ਼ੇ ਨਾਲ ਭਾਰਤ ਨੂੰ ਕਾਰਗੁਜ਼ਾਰੀ ਧਾਰਾ ਵੀ ਮਿਲੀ ਹੈ। ਇਸ ਧਾਰਾ ਨਾਲ ਭਾਰਤ ਦੀ ਆਰਥਿਕਤਾ ਅਤੇ ਆਰਥਿਕ ਨੀਤੀਆਂ ਉਪਰ ਫੰਡ ਦੇ ਪ੍ਰਭਾਵ ਲਈ ਇਕ ਵੱਡਾ ਲੀਵਰ ਪੈਦਾ ਹੋ ਜਾਂਦਾ ਹੈ। ਇਸ ਅਧੀਨ ਫੰਡ ਨੇ ਭਾਰਤ ਨੂੰ 1981-82 ਦੌਰਾਨ ਸਮੇਂ ਪ੍ਰਬੰਧ ਹੇਠ ਦਿਤਾ ਪ੍ਰੋਗਰਾਮ ਦਿਤਾ ਹੈ:

(1) ਅੰਦਰੂਨੀ ਕਰਜ਼ੇ ਦੀ ਉਪਰਲੀ ਸੀਮਾਂ ਅਤੇ ਉਸ ਨਾਲ ਸਰਕਾਰੀ ਕਰਜ਼ੇ ਤੇ ਵੀ ਸੀਮਾਂ ਨਿਰਧਾਰਤ ਕੀਤੀ ਹੈ।

(2) ਵਿਦੇਸ਼ੀ ਕਰਜ਼ੇ ਜਿਨਾਂ ਦੀ ਮਿਆਦ 1 ਤੋਂ 12 ਸਾਲ ਤਕ ਹੈ ਉਹਨਾਂ ਦੀ ਉਪਰਲੀ ਸੀਮਾਂ ਅਤੇ ਨਾਲ ਹੀ ਉਹਨਾਂ ਕਰਜ਼ਿਆਂ ਦੀ ਉਪਰਲੀ ਸੀਮਾਂ ਜਿਨਾਂ ਦੀ ਮਿਆਦ 1 ਤੋਂ 5 ਸਾਲ ਤੱਕ ਨਿਰਧਾਰਤ ਕੀਤੀ ਹੈ।

(3) 25 ਮਾਰਚ 1982 ਨੂੰ ਫੰਡ ਭਾਰਤ ਦੀਆਂ ਨੀਤੀਆਂ ਦਾ ਮੁਲਾਂਕਣ ਕਰੇਗਾ ਅਤੇ ਅਗੇ ਵਾਸਤੇ ਇਸ ਦੀ ਨਿਧਾਰਤਾ ਕਰੇਗਾ।

(4) 1982-83 ਅਤੇ 1983-84 ਦੇ ਸਮੇਂ ਵਾਸਤੇ ਫੰਡ ਕਾਰਗੁਜ਼ਾਰੀ ਧਾਰਾ ਅਧੀਨ ਆਪਣੇ ਮੁਲਾਂਕਣ ਅਤੇ

ਗਲਬਾਤ ਨਾਲ ਭਾਰਤ ਵਾਸਤੇ ਨਿਸਚਤ ਪ੍ਰੋਗਰਾਮ ਨਿਰਧਾਰਤ ਕਰੇਗਾ । ਇਸ ਕੰਮ ਵਾਸਤੇ ਫੰਡ ਨੇ ਗਲਬਾਤ ਦੀ ਵਿਧੀ (Consultative Mechanism) ਮਿਥੀ ਹੈ ।

2. ਗਲਬਾਤ ਦੀ ਵਿਧੀ : ਕਰਜ਼ੇ ਦੇ ਤਿੰਨ ਸਾਲ ਦੇ ਸਮੇਂ ਦੌਰਾਨ ਫੰਡ ਭਾਰਤ ਸਰਕਾਰ ਨਾਲ ਲਗਾਤਾਰ ਸਲਾਹ ਮਸ਼ਵਰਾ ਕਰਦਾ ਰਹੇਗਾ । ਭਾਰਤ ਸਰਕਾਰ ਵਾਸਤੇ ਇਹ ਸ਼ਰਤ ਲਾਈ ਗਈ ਹੈ ਕਿ ਉਹ ਮਾਰਚ 25, 1982 ਤੋਂ ਪਹਿਲਾਂ ਪਹਿਲਾਂ ਆਪਣੀਆਂ 1982-83 ਦੀਆਂ ਆਰਥਿਕ ਨੀਤੀਆਂ ਬਾਰੇ ਫੰਡ ਨਾਲ ਗਲਬਾਤ ਕਰੇ ।

ਫੰਡ ਸੰਸਾਰ ਬੈਂਕ ਦੇ ਸਟਾਫ ਦੀ ਮਦਦ ਨਾਲ ਭਾਰਤ ਦੀ ਆਰਥਿਕਤਾ ਦਾ ਮੁਲਾਂਕਣ ਕਰੇਗਾ ਅਤੇ ਆਪਣੇ ਵਿਚਾਰ ਭਾਰਤ ਸਰਕਾਰ ਸਾਹਮਣੇ ਮੰਨਣ ਵਾਸਤੇ ਪੇਸ਼ ਕਰੇਗਾ। ਇਸ ਦੇ ਇਲਾਵਾ ਜਦੋਂ ਵੀ ਫੰਡ ਚਾਹੇ ਭਾਰਤ ਸਰਕਾਰ ਨਾਲ ਗਲਬਾਤ ਸ਼ੁਰੂ ਕਰਕੇ ਇਥੇ ਦੀਆਂ ਆਰਥਿਕ ਨੀਤੀਆਂ ਦੀ ਪਰਖ ਕਰਕੇ ਉਹਨਾਂ ਨੂੰ ਬਦਲਨ ਦਾ ਸੁਝਾਅ ਦੇ ਸਕਦਾ ਹੈ । ਸਰਕਾਰ ਫੰਡ ਨਾਲ ਗਲਬਾਤ ਤੋਂ ਨਾਂਹ ਨਹੀਂ ਕਰ ਸਕਦੀ ।

## ਸ਼ਰਤਾਂ ਨਾਲ ਭਾਰਤ ਦੀ ਆਰਥਿਕਤਾ ਤੇ ਅਸਰ

ਫੰਡ ਤੋਂ ਕਰਜ਼ੇ ਨਾਲ ਸਖਤ ਸ਼ਰਤਾਂ ਮੰਨ ਕੇ ਸਰਕਾਰ ਨੇ ਭਾਰਤ ਦੀ ਆਰਥਿਕ ਨੀਤੀਆਂ ਦਾ ਕੇਂਦਰ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਖਾਸ ਕਰਕੇ ਪਾਰਲੀਮੈਂਟ ਅਤੇ ਉਸਦੇ ਸਥਾਪਤ ਅਦਾਰਿਆਂ ਤੋਂ ਹੱਟਾ ਕੇ ਫੰਡ ਦੇ ਹੈਡਕੁਆਟਰ ਵਾਸ਼ਿੰਗਟਨ ਵਿਚ ਚਲਾ ਗਿਆ ਹੈ । ਕਰਜ਼ਾ ਦੇ ਕੇ ਫੰਡ ਨੇ ਇਹ ਅਧਿਕਾਰ ਹਾਸਲ ਕਰ ਲਿਆ ਹੈ। ਫੰਡ, ਭਾਰਤ ਦੀ ਕਿਸੇ ਵੀ ਆਰਥਿਕ ਨੀਤੀ ਨੂੰ ਗ਼ਲਤ ਦਸ ਕੇ ਉਸ ਨੂੰ ਤਬਦੀਲ ਕਰਵਾਉਣ ਵਾਸਤੇ ਦਬਾਅ ਪਾ ਸਕਦਾ ਹੈ। ਭਾਰਤ ਨੇ ਇਹ ਲਿਖ ਕੇ ਮੰਨ ਲਿਆ ਹੈ ਕਿ ਉਹ ਦੇਸ਼ ਦੀ ਹਰ ਆਰਥਿਕ ਨੀਤੀ ਉਪਰ ਫੰਡ ਨਾਲ ਵਿਚਾਰ ਕਰਨ ਨੂੰ ਤਿਆਰ ਹੈ। ਜੇ ਫੰਡ ਦੀ ਸਲਾਹ ਭਾਰਤ ਨੇ ਨਾ ਮੰਨਣੀ ਹੋਵੇ ਤਾਂ ਇਸ ਨਾਲ ਫੰਡ ਭਾਰਤ ਨੂੰ ਅਗਲੇ ਕਰਜ਼ੇ ਦੀ ਵੱਡੀ ਕਿਸ਼ਤ ਦੇਣ ਤੋਂ ਇਨਕਾਰ ਕਰ ਸਕਦਾ ਹੈ । ਇਥੇ ਇਹ ਨੋਟ ਕਰਨ ਵਾਲੀ ਗਲ ਹੈ ਕਿ ਫੰਡ ਦੀ ਦੂਜੀ ਕਿਸ਼ਤ ਪਹਿਲੀ ਨਾਲੋਂ ਵੱਡੀ ਹੈ ਅਤੇ ਤੀਜੀ ਕਿਸ਼ਤ ਦੂਜੀ ਨਾਲੋਂ ਵੱਡੀ ਹੈ। ਫੰਡ ਨੇ ਕਰਜ਼ੇ ਦਾ ਵੱਡਾ ਹਿੱਸਾ ਆਪਣੇ ਕੋਲ ਰਖਕੇ ਅਤੇ ਥੋੜ ਹਿੱਸੇ ਨੂੰ ਦੇ ਕੇ ਸਰਕਾਰ ਤੋਂ ਦੇਸ਼ ਦੀ ਆਰਥਿਕਤਾ ਗਹਿਣੇ ਕਰਵਾ ਲਈ ਹੈ । ਸਰਕਾਰ ਨੇ ਆਪਣੀ ਮਰਜ਼ੀ ਨਾਲ ਦੇਸ਼ ਦੇ ਲੋਕਾਂ ਤੋਂ ਪੁਛਣ ਤੋਂ ਬਿਨਾਂ ਹੀ ਆਰਥਿਕਤਾ ਨੂੰ ਗਹਿਣੇ ਰਖ ਦਿਤਾ । ਇਥੇ ਵਰਨਣ ਯੋਗ ਗਲ ਇਹ ਹੈ ਕਿ ਇਸ ਸਮਝੌਤੇ ਨਾਲ ਭਾਰਤ ਦੇ ਅਜਾਰੇਦਾਰ ਪੂੰਜੀਪਤੀਆਂ ਦੀ ਪੂਰੀ ਸਹਿਮਤੀ ਹੈ। ਉਨ੍ਹਾਂ ਦੀ ਨੁਮਾਇੰਦਾ ਫੈਡਰੇਸ਼ਨ ਆਫ ਇੰਡੀਅਨ ਚੈਬਰਜ਼ ਆਫ ਕਾਮਰਸ ਐਂਡ ਇੰਡਸਟਰੀਜ਼ (F.I.C.C.I.) ਦੇ ਚੇਅਰਮੈਨ ਨੇ ਇਸ ਕਰਜ਼ੇ ਨੂੰ ਠੀਕ ਹੀ ਨਹੀਂ ਦਸਿਆ, ਸਗੋਂ ਜੀ ਆਇਆਂ ਆਖਿਆ ਹੈ । ਇਸ ਤਰ੍ਹਾਂ ਇਕਨਾਮਿਕ ਟਾਈਮਜ (The Economic Times) ਦੇ ਐਡੀਟਰ ਨੇ ਫੰਡ ਦੇ ਕਰਜ਼ੇ ਨੂੰ ਭਾਰਤੀ ਆਰਥਿਕਤਾ ਲਈ ਜੀਵਨ ਰੇਖਾ (Life Line) ਦਸਿਆ ਹੈ। ਇਸ ਤਰ੍ਹਾਂ ਸਰਕਾਰ ਨੇ ਭਾਰਤ ਦੀ ਹਾਕਮ ਜਮਾਤ ਨਾਲ ਰਲਕੇ ਹੀ ਆਰਥਿਕਤਾ ਨੂੰ ਗਹਿਣੇ ਧਰਿਆ ਹੈ । ਇਸ ਜਮਾਤ ਦੀ ਸਮਝ ਫੰਡ ਦੇ ਸਟਾਫ ਵਾਲੀ ਹੀ ਹੈ । ਇਹੋ ਹੀ ਕਾਰਨ ਕਿ ਵਿੱਤ ਮੰਤਰੀ ਆਰ ਵੈਂਕਟਾਰਮਨ ਵਲੋਂ ਆਪਣੇ ਪਤਰ ਨਾਲ ਲਾਏ ਮੈਮੋਰੰਡਮ ਵਿਚ ਪੇਸ਼ ਕੀਤੇ ਵਿਚਾਰ ਅਤੇ ਫੰਡ ਵਲੋਂ ਭਾਰਤ ਦੀ ਆਰਥਿਕਤਾ ਦੇ ਮੁਲਾਂਕਣ ਵਿਚ ਕੋਈ ਖਾਸ ਫਰਕ ਨਹੀਂ ਹੈ । ਪ੍ਰਧਾਨ ਮੰਤਰੀ ਅਤੇ ਵਿਤ ਮੰਤਰੀ ਫੰਡ ਵਲੋਂ ਲਾਈਆਂ ਗਈਆਂ ਸ਼ਰਤਾਂ ਨੂੰ ਸ਼ਰਤਾਂ ਹੀ ਨਹੀਂ ਮੰਨਦੇ । ਅਸਲ ਵਿਚ ਇਹ ਸ਼ਰਤਾਂ ਬਹੁਤ ਸਖਤ ਅਤੇ ਗੰਭੀਰ ਹਨ । ਇਹਨਾਂ ਦੇ ਸਿੱਟੇ ਆਰਥਿਕ ਅਤੇ ਸਿਆਸੀ ਤੌਰ ਤੇ ਗੰਭੀਰ ਹਨ । ਸਿਆਸੀ ਤੌਰ ਤੇ ਮੁਸ਼ਕਲ ਨਾਲ ਹਾਸਲ ਕੀਤੀ ਆਜ਼ਾਦੀ ਗਹਿਣੇ ਰਖ ਦਿਤੀ ਗਈ ਹੈ । ਇਹ ਭਾਰਤ ਦੇ ਲੋਕਾਂ ਵਾਸਤੇ ਬੜੀ ਖਤਰਨਾਕ ਗਲ ਹੋਈ ਹੈ ।

ਭਾਰਤ ਦੇ ਸਿਰ ਅਜੇ ਪਹਿਲਾਂ ਹੀ 15000 ਕਰੋੜ ਰੁਪਏ ਦੇ ਬਰਾਬਰ ਕਰਜ਼ਾ ਹੈ । ਇਸ ਨਾਲ ਇਹ ਵਧ ਕੇ 20,000 ਕਰੋੜ ਰੁਪਏ ਦੇ ਬਰਾਬਰ ਹੋ ਜਾਵੇਗਾ । ਪਹਿਲਾ ਕਰਜ਼ਾ ਭਾਰਤ ਦੀ ਰਾਸ਼ਟਰੀ ਆਮਦਨ ਦਾ 11 ਪ੍ਰਤੀਸ਼ਤ ਸੀ ਹੁਣ ਵਧ ਕੇ 15 ਪ੍ਰਤੀਸ਼ਤ ਹੋ ਜਾਵੇਗਾ । ਇਸ ਕਰਜ਼ੇ ਦੀਆਂ ਸ਼ਰਤਾਂ ਤੇ ਆਰਥਿਕ ਨੀਤੀਆਂ ਵਿਚ ਤਬਦੀਲੀ ਲਿਆਉਣ ਨਾਲ ਦੇਸ਼ ਦੀਆਂ ਆਰਥਿਕ ਸਮਸਿਆਵਾਂ ਹਲ ਹੋਣ ਦੀ ਬਜਾਏ ਵਧਣਗੀਆਂ । 23 ਉਘੇ ਅਰਥ ਸ਼ਾਸਤਰੀਆਂ ਜਿਨਾਂ ਵਿਚ ਅਮਿਤ ਭਾਦੁਰੀ, ਕਰਿਸ਼ਨਾ ਭਾਰਦਵਾਜ, ਪ੍ਰਭਾਤ ਪਟਨੈਕ, ਰਣਜੀਤ ਬਾਊ, ਅਮੀਆ ਬਾਗਚੀ, ਨਿਰਮਲ ਚੰਦਰਾ, ਕਿਸ਼ਨ ਰਾਜ, ਐਨ. ਕੇ. ਕ੍ਰਿਸ਼ਨਨ ਅਤੇ ਆਈ. ਐਸ. ਗੁਲਾਟੀ ਮੁਖ ਨਾਮ ਹਨ) ਨੇ ਅਗਸਤ 1981 ਵਿਚ ਬਿਆਨ ਜਾਰੀ ਕੀਤਾ ਸੀ । ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕਰਜ਼ੇ ਦੇ ਭਾਰਤ ਦੀ ਆਰਥਿਕਤਾ ਲਈ ਮਾਰੂ ਨਤੀਜੇ ਨਿਕਲਨਗੇ । ਫੰਡ ਦੀਆਂ ਦਸੀਆਂ ਆਰਥਿਕ ਨੀਤੀਆਂ ਨਾਲ ਭਾਰਤ ਦੀਆਂ ਦਰਾਮਦਾਂ ਉਸ ਤਰ੍ਹਾਂ ਨਹੀਂ ਵਧਣਗੀਆਂ । ਬਾਹਰੋਂ ਆਈਆਂ ਬਹੁ-ਕੌਮੀ ਕੰਪਨੀਆਂ ਦਾ ਕੰਟਰੋਲ ਆਰਥਿਕਤਾ

ਤੇ ਵਧ ਜਾਵੇਗਾ । ਮਾਲਕੀ ਹੱਕ ਅਤੇ ਹਿੱਸੇਦਾਰਾਂ ਦੇ ਮੁਨਾਫੇ ਦੀ ਅਦਾਇਗੀ ਦੇ ਨਿਯਮ ਢਿਲੇ ਕਰਨ ਨਾਲ ਦੇਸ਼ ਵਿਚੋਂ ਵਿਦੇਸ਼ੀ ਸਰਮਾਏ ਕਰਕੇ ਬਾਹਰ ਜਾਣ ਵਾਲੀ ਰਕਮ ਵਿਚ ਭਾਰੀ ਵਾਧਾ ਹੋ ਜਾਵੇਗਾ ਜਿਸ ਨੂੰ ਪੂਰਾ ਕਰਨਾ ਦੇਸ਼ ਵਾਸਤੇ ਸੰਭਵ ਨਹੀਂ ਰਹੇਗਾ । ਇਸ ਨੂੰ ਹੱਲ ਕਰਨ ਵਾਸਤੇ ਤਿੰਨ ਸਾਲਾਂ ਬਾਦ ਭਾਰਤ ਨੂੰ ਜ਼ਿਆਦਾ ਕਰਜ਼ੇ ਦੀ ਲੋੜ ਪਵੇਗੀ । ਜੋ ਕਿ ਫੰਡ ਤੋਂ ਹੀ ਲਿਆ ਜਾਵੇਗਾ ਅਤੇ ਫੰਡ ਹੋਰ ਕਰੜੀਆਂ ਸ਼ਰਤਾਂ ਦੇਸ਼ ਉਪਰ ਲਾਵੇਗਾ । ਦੂਜੇ ਪਛੜੇ ਦੇਸ਼ਾਂ ਦਾ ਵੀ ਇਹ ਤਜਰਬਾ ਹੈ ਕਿ ਜੇ ਫੰਡ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕੀਤਾ ਜਾਵੇ ਤਾਂ ਫੰਡ, ਸੰਸਾਰ ਬੈਂਕ ਅਤੇ ਵਪਾਰਿਕ ਬੈਂਕਾਂ ਦੇ ਕਲੱਬ ਤੋਂ ਵੀ ਕਿਸੇ ਨੂੰ ਕਰਜ਼ਾ ਨਹੀਂ ਲੈਣ ਦਿੰਦਾ । ਇਸ ਕਰਕੇ ਭਾਰਤ ਕਿਸੇ ਹੋਰ ਤੋਂ ਵੀ ਏਡੀ ਵੱਡੀ ਪੱਧਰ ਤੇ ਕਰਜ਼ਾ ਹਾਸਲ ਨਹੀਂ ਕਰ ਸਕੇਗਾ । ਭਾਵ ਕਰਜ਼ੇ ਦੇ ਜਾਲ (Debt Trap) ਵਿਚ ਫਸ ਜਾਏਗਾ ਅਤੇ ਦੇਸ਼ ਦੀ ਅਜ਼ਾਦੀ ਹੋਰ ਵੀ ਘਟ ਜਾਵੇਗੀ ।

ਫੰਡ ਦੀ ਸਲਾਹ ਤੇ ਚਲਦਿਆਂ ਹੋਇਆਂ ਪਬਲਿਕ ਖੇਤਰ ਦੀਆਂ ਸਨਅਤਾਂ ਨੂੰ ਵਪਾਰਿਕ ਰਾਹਾਂ ਤੇ ਚਲਾਇਆ ਜਾਵੇਗਾ । ਜ਼ਿਆਦਾ ਮੁਨਾਫੇ ਕਮਾਉਣ ਨਾਲ ਅਤੇ ਅਨਾਜ ਖਾਦ ਅਤੇ ਪਬਲਿਕ ਸੇਵਾਵਾਂ ਤੋਂ ਸਬਸਿਡੀ ਹਟਾ ਲੈਣ ਨਾਲ ਇਹਨਾਂ ਦੀਆਂ ਕੀਮਤਾਂ ਵਿਚ ਹਰ ਵਾਧਾ ਹੋਵੇਗਾ । ਇਸੇ ਤਰ੍ਹਾਂ ਨਿਜੀ ਅਤੇ ਵਿਦੇਸ਼ੀ ਸਰਮਾਏ ਨੂੰ ਖੁਲ੍ਹ ਦੇਣ ਨਾਲ ਅਤੇ ਉਹਨਾਂ ਤੇ ਕੰਟਰੋਲ ਘਟਾਉਣ ਨਾਲ ਉਹ ਵੀ ਮਨ ਮਰਜ਼ੀ ਦੀਆਂ ਕੀਮਤਾਂ ਰਖਣਗੇ । ਇਸ ਨਾਲ ਦੇਸ਼ ਵਿਚ ਕੀਮਤਾਂ ਵਿਚ ਹੋਰ ਵਾਧਾ ਹੋਵੇਗਾ । ਇਹ ਭਾਰਤ ਦਾ ਕੋਈ ਅਨੋਖਾ ਤਜਰਬਾ ਨਹੀਂ ਹੋਵੇਗਾ । ਪਹਿਲਾਂ ਹੀ ਲੰਕਾ, ਪੀਰੂ, ਜਮੈਕਾ ਅਤੇ ਹੋਰ ਕਈ ਦੇਸ਼ਾਂ ਦਾ ਐਸਾ ਹੀ ਤਜਰਬਾ ਹੈ ।

ਇਸ ਤੋਂ ਬਿਨਾਂ ਇਹਨਾਂ ਨੀਤੀਆਂ ਦਾ ਸਮਾਜ ਦੇ ਕਮਜ਼ੋਰ ਤਬਕੇ ਤੇ ਬੁਰਾ ਅਸਰ ਪਵੇਗਾ । ਅਨਾਜ ਅਤੇ ਜ਼ਰੂਰੀ ਵਸਤਾਂ ਤੋਂ ਕੰਟਰੋਲ ਘਟਾਉਣ ਅਤੇ ਸਬਸਿਡੀ ਹਟਾ ਲੈਣ ਨਾਲ ਇਹਨਾਂ ਦੀਆਂ ਕੀਮਤਾਂ ਵਧ ਜਾਣਗੀਆਂ ਤੇ ਇਹ ਗਰੀਬ ਆਦਮੀ ਦੀ ਪਹੁੰਚ ਤੋਂ ਹੋਰ ਬਾਹਰ ਹੋ ਜਾਣਗੀਆਂ, ਦੇਸ਼ ਵਿਚ ਕਰਜ਼ੇ ਤੇ ਰੁਕਾਵਟਾਂ ਲਾਉਣ ਨਾਲ ਛੋਟੇ ਸਨਅਤਕਾਰਾਂ ਅਤੇ ਛੋਟੇ ਕਿਸਾਨਾਂ ਉਪਰ ਇਸ ਦਾ ਬੁਰਾ ਅਸਰ ਪਵੇਗਾ । ਇਸ ਨਾਲ ਛੋਟੇ ਸਨਅਤਕਾਰਾਂ ਅਤੇ ਕਿਸਾਨਾਂ ਨੂੰ ਉਹਨਾਂ ਦੀਆਂ ਜਿਨਸਾਂ ਦੀ ਅਦਾਇਗੀ ਵੱਡੇ ਵਪਾਰੀ ਦੇਰ ਨਾਲ ਕਰਨਗੇ । ਯਾਦ ਰਹੇ ਪਹਿਲਾਂ ਵੀ ਉਹ ਇਹ ਤਰੀਕੇ ਵਰਤਦੇ ਹਨ ਜਿਸ ਨੂੰ ਜਬਰੀ ਉਧਾਰ (Forced Credit) ਕਿਹਾ ਜਾਂਦਾ ਹੈ । ਇਸਦੇ ਇਲਾਵਾ ਫੰਡ ਦੀਆਂ ਨੀਤੀਆਂ ਦੇ ਤਹਿਤ ਸਰਕਾਰ ਆਪਣੇ ਆਪ ਜ਼ਿਆਦਾ ਸਾਧਨ ਇਕੱਠੇ ਕਰੇਗੀ । ਇਹ ਸਾਧਨ ਟੈਕਸ ਰਾਹੀਂ ਇਸ ਤਰ੍ਹਾਂ ਇਕੱਠੇ ਕੀਤੇ ਜਾਣੇ ਹਨ ਜਿਸ ਨਾਲ ਨਿੱਜੀ ਬਚਤਾਂ ਵਿਚ ਫਰਕ ਨਾ ਪਵੇ । ਭਾਵ ਜਿਨ੍ਹਾਂ ਲੋਕਾਂ ਪਾਸ ਪਹਿਲਾਂ ਹੀ ਧਨ ਜ਼ਿਆਦਾ ਹੈ ਅਤੇ ਬਚਤ ਕਰਦੇ ਹਨ ਉਹਨਾਂ ਉਪਰ ਨਵੇਂ ਟੈਕਸਾਂ ਦਾ ਭਾਰ ਨਹੀਂ ਪਾਇਆ ਜਾਵੇਗਾ । ਸਾਫ਼ ਹੈ ਕਿ ਨਵੇਂ ਟੈਕਸਾਂ ਦਾ ਭਾਰ ਗਰੀਬਾਂ ਉਪਰ ਹੀ ਪਾਇਆ ਜਾਵੇਗਾ । ਇਸ ਦੇ ਇਲਾਵਾ ਸਰਕਾਰ ਦੇਸ਼ ਵਿਚ ਇਸ ਤਰ੍ਹਾਂ ਦਾ ਵਾਤਾਵਰਨ ਪੈਦਾ ਕਰੇਗੀ, ਜਿਸ ਨਾਲ ਦੇਸ ਵਿਚ ਮੁਨਾਫੇ ਵਧਣ ਤਾਂ ਕਿ ਨਿੱਜੀ ਸਰਮਾਏ ਦਾ ਵਿਕਾਸ ਹੋਵੇ । ਇਸ ਵਾਸਤੇ ਸਰਕਾਰ ਮਜ਼ਦੂਰ ਜਮਾਤ ਨੂੰ ਜਬਤ ਵਿਚ ਰਖਣ ਦੇ ਯਤਨ ਕਰੇਗੀ । ਯਾਦ ਰਹੇ ਪਹਿਲਾਂ ਹੀ ਸਰਕਾਰ ਨੇ ਕੌਮੀ ਸੁਰਖਿਆ ਐਕਟ (National Security ACT) ਅਤੇ ਜ਼ਰੂਰੀ ਸੇਵਾਵਾਂ ਐਕਟ (Essential Services Maintenance ACT) ਵਰਗੇ ਕਾਲੇ ਕਾਨੂੰਨ ਮਜ਼ਦੂਰ ਜਮਾਤ ਨੂੰ ਕੁਚਲਣ ਵਾਸਤੇ ਪਾਸ ਕਰ ਰਖੇ ਹਨ । ਇਹ ਕਾਨੂੰਨ ਉਸ ਵਕਤ ਪਾਸ ਕੀਤੇ ਗਏ ਜਦੋਂ ਭਾਰਤ ਸਰਕਾਰ ਫੰਡ ਨਾਲ ਕਰਜ਼ੇ ਵਾਸਤੇ ਗਲ ਬਾਤ ਕਰ ਰਹੀ ਸੀ । ਅਸਲ ਵਿਚ ਇਹ ਕਾਨੂੰਨ ਫੰਡ ਨੂੰ ਇਹ ਯਕੀਨ ਦੁਆਉਣ ਵਾਸਤੇ ਪਾਸ ਕੀਤੇ ਗਏ ਕਿ ਭਾਰਤ ਸਰਕਾਰ ਫੰਡ ਦੀਆਂ ਜਾਣੂ ਨੀਤੀਆਂ ਤੇ ਪਹਿਲਾਂ ਹੀ ਚਲ ਰਹੀ ਹੈ । ਇਨ੍ਹਾਂ ਦਾ ਮਤਲਬ ਭਾਰਤ ਵਾਸਤੇ ਫੰਡ ਤੋਂ ਕਰਜ਼ੇ ਨੂੰ ਯਕੀਨੀ ਬਣਾਉਣਾ ਸੀ ।

ਫੰਡ ਦੀਆਂ ਦਸੀਆਂ ਨੀਤੀਆਂ ਦਾ ਅਸਲ ਭਾਰ ਦੇਸ਼ ਦੀਆਂ ਮਿਹਨਤਕਸ਼ ਜਮਾਤਾਂ ਤੇ ਪਵੇਗਾ ਅਤੇ ਇਹ ਗਲ ਹਾਕਮ ਜਮਾਤਾਂ ਦੇ ਹੱਕ ਵਿਚ ਜਾਵੇਗੀ । ਜੇ ਇਹ ਗੱਲ ਨਾ ਹੁੰਦੀ ਤਾਂ ਤਨਜ਼ਾਨੀਆਂ (ਜੋ ਭਾਰਤ ਨਾਲੋਂ ਕਾਫ਼ੀ ਛੋਟਾ ਹੈ) ਦੀ ਤਰ੍ਹਾਂ ਭਾਰਤ ਦੀ ਸਰਕਾਰ ਵੀ ਫੰਡ ਦੀਆਂ ਸ਼ਰਤਾਂ ਅਤੇ ਕਰਜ਼ੇ ਨੂੰ ਠੁਕਰਾ ਕੇ ਦੇਸ਼ ਨੂੰ ਜ਼ਲੀਲ ਨਾ ਕਰਾਉਂਦੀ ।

## ਕਰਜ਼ੇ ਦੀ ਲੋੜ

ਫੰਡ ਤੋਂ ਲਏ ਕਰਜ਼ੇ ਦੀ ਚਰਚਾ ਕਰਦੇ ਸਮੇਂ ਇਹ ਬਹੁਤ ਜ਼ਰੂਰੀ ਬਣਦਾ ਹੈ ਕਿ ਇਸ ਗੱਲ ਤੇ ਵਿਚਾਰ ਕਰੀਏ ਕਿ ਭਾਰਤ ਨੂੰ ਏਡੇ ਵੱਡੇ ਕਰਜ਼ੇ ਦੀ ਲੋੜ ਕਿਉਂ ਪਈ ? ਇਥੇ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਦੀ ਪਾਰਲੀਮੈਂਟ ਵਿਚ ਕੀਤੀ ਇਹ ਗੱਲ ਕਿ ਸ਼ਾਇਦ ਕਰਜ਼ੇ ਦੀ ਆਖਰੀ ਕਿਸ਼ਤ (ਜੋ ਕਿ 2300 ਕਰੋੜ ਰੁਪਏ ਹੈ) ਦੀ ਲੋੜ ਨਾ ਪਵੇ, ਗਲਤ ਲਗਦੀ ਹੈ । ਜੇ ਆਖਰੀ ਕਿਸ਼ਤ ਦੀ ਲੋੜ ਜ਼ਰੂਰੀ ਨਹੀਂ ਤਾਂ 5300 ਕਰੋੜ ਰੁਪਏ

ਦੀ ਬਜਾਏ 2700 ਕਰੋੜ ਰੁਪਏ ਦੇ ਬਰਾਬਰ ਕਰਜ਼ੇ ਦਾ ਸਮਝੌਤਾ ਕਿਉਂ ਨਾ ਕੀਤਾ ? ਜੇ ਇਹ ਗੱਲ ਠੀਕ ਹੁੰਦੀ ਤਾਂ ਥੋੜਾ ਕਰਜ਼ਾ ਲੈ ਕੇ ਭਾਰਤ ਨੂੰ ਘਟ ਸਖਤ ਸ਼ਰਤਾਂ ਦਾ ਸਾਹਮਣਾ ਕਰਨਾ ਪੈਂਦਾ । ਸਾਫ ਹੈ ਕਿ ਸਰਕਾਰ ਨੂੰ ਲੰਬ ਤੇ ਵੱਡੇ ਕਰਜ਼ੇ ਦੀ ਹੀ ਪਈ ਹੈ ।

ਆਰ ਵੈਂਕਟਾਰਮਨ ਨੇ ਫੰਡ ਨੂੰ ਲਿਖੇ ਆਪਣੇ 28 ਦਸੰਬਰ 1981 ਦੇ ਪੱਤਰ ਵਿਚ ਇਸ ਕਰਜ਼ੇ ਦੇ ਦੋ ਮੁੱਖ ਕਾਰਨ ਦਸੇ ਹਨ । ਪਹਿਲਾ ਕਾਰਨ ਇਹ ਹੈ ਕਿ ਪਟਰੋਲ ਬਰਾਮਦ ਕਰਨ ਵਾਲੇ ਦੇਸ਼ਾਂ ਨੇ 1979 ਵਿਚ ਪੈਟਰੋਲ ਅਤੇ ਪੈਟਰੋਲ ਦੀਆਂ ਵਸਤਾਂ ਦੀਆਂ ਕੀਮਤਾਂ ਕਾਫੀ ਵਧਾ ਦਿਤੀਆਂ ਜਿਸ ਕਰਕੇ ਭਾਰਤ ਦੇ ਤੇਲ ਦਰਾਮਦ ਦੇ ਬਿਲ ਵਿਚ ਕਾਫੀ ਵਾਧਾ ਹੋ ਗਿਆ । ਦੂਸਰੇ ਭਾਰਤ ਦੀਆਂ ਬਰਾਮਦਾਂ ਵਿਚ ਵਾਧਾ ਬੜੀ ਥੋੜੀ ਦਰ ਤੇ ਹੋ ਰਿਹਾ ਹੈ । ਇਸ ਦਾ ਕਾਰਨ ਇਹਨਾਂ ਵਸਤਾਂ ਦੀ ਦੇਸ਼ ਦੀ ਥੋੜੀ ਸਪਲਾਈ ਅਤੇ ਵਿਦੇਸ਼ੀ ਮੰਡੀ ਵਿਚ ਇਹਨਾਂ ਤੇ ਲਗੀਆਂ ਰੋਕਾਂ ਹਨ । ਜਿਸ ਨਾਲ ਵਿਦੇਸ਼ੀ ਸਿੱਕੇ ਦੀ ਕਮਾਈ ਵਿਚ ਵਾਧਾ ਘਟ ਤੇਜ਼ੀ ਨਾਲ ਹੋਇਆ ਜਦ ਕਿ ਖਰਚ ਵਿਚ ਵਾਧਾ ਬਹੁਤ ਤੇਜ਼ੀ ਨਾਲ ਹੋਣ ਕਰਕੇ ਭਾਰਤ ਨੂੰ ਵਿਦੇਸ਼ੀ ਸਿੱਕੇ ਦੀ ਘਾਟ ਦਾ ਸਾਹਮਣਾ ਆਣ ਪਿਆ ਹੈ । ਵਿੱਤ ਮੰਤਰੀ ਦਾ ਕਹਿਣਾ ਹੈ ਕਿ ਸਰਕਾਰ ਇਸਦੇ ਹਲ ਵਾਸਤੇ ਲੋੜੀਂਦੇ ਕਦਮ ਪੁਟ ਰਹੀ ਹੈ । ਪਰ ਇਹਨਾਂ ਦਾ ਅਸਰ ਹੁੰਦਿਆਂ ਕੁਝ ਸਮਾਂ ਲਗ ਜਾਵੇਗਾ । ਇਸ ਵਾਸਤੇ ਜਿੰਨਾ ਚਿਰ ਸਰਕਾਰੀ ਕਦਮਾਂ ਦਾ ਅਸਰ ਠੋਸ ਰੂਪ ਵਿਚ ਸਾਹਮਣੇ ਨਹੀਂ ਆਉਂਦਾ ਉਨੀ ਦੇਰ ਤਕ ਭਾਰਤ ਫੰਡ ਤੋਂ ਕਰਜ਼ਾ ਲੈ ਕੇ ਵਿਦੇਸ਼ੀ ਸਿੱਕੇ ਦੀ ਘਾਟ ਨੂੰ ਪੂਰਾ ਕਰੇਗਾ । ਇਸ ਤਰ੍ਹਾਂ ਵਿੱਤ ਮੰਤਰੀ ਅਨੁਸਾਰ ਫੰਡ ਤੋਂ ਕਰਜ਼ਾ ਲੈਣਾ ਥੋੜੇ ਹੀ ਸਮੇਂ ਦੀ ਗਲ ਹੈ । ਪਰ ਵਿੱਤ ਮੰਤਰੀ ਦੀ ਇਹ ਗਲ ਠੀਕ ਨਹੀਂ ਲਗਦੀ । ਜੇ ਕਰਜ਼ਾ ਥੋੜੇ ਸਮੇਂ ਦੀ ਹੀ ਗਲ ਹੈ ਤਾਂ ਇਸ ਕਰਜ਼ੇ ਨਾਲ ਭਾਰਤ ਫੰਡ ਦੀਆਂ ਉਹ ਸਾਰੀਆਂ ਸ਼ਰਤਾਂ ਕਿਉਂ ਮੰਨ ਰਿਹਾ ਹੈ ਜਿਸ ਦਾ ਅਸਰ ਦੇਸ਼ ਦੀ ਆਰਥਿਕਤਾ ਉਪਰ ਲੰਮੇ ਸਮੇਂ ਲਈ ਹੋਵੇਗਾ । ਅਰਥਾਤ ਫੰਡ ਦੇ ਕਹਿਣ ਉਪਰ ਦੇਸ਼ ਦੀਆਂ ਆਰਥਿਕ ਵਿਕਾਸ ਦੀਆਂ ਨੀਤੀਆਂ ਵਿਚ ਤਬਦੀਲੀ ਕਿਉਂ ਲਿਆਂਦੀ ਜਾ ਰਹੀ ਹੈ ? ਇਸ ਤਬਦੀਲੀ ਸਦਕਾ ਦੇਸ਼ ਨੂੰ ਲੰਮੇ ਸਮੇਂ ਲਈ ਫੰਡ ਉਪਰ ਨਿਰਭਰ ਹੋਣਾ ਪਵੇਗਾ ਅਤੇ ਉਸ ਅੱਗੇ ਗੋਡੇ ਟੇਕਣੇ ਪੈਣਗੇ । ਅਸਲ ਵਿਚ ਵਿੱਤ ਮੰਤਰੀ ਆਰਥਿਕਤਾ ਦੇ ਡੂੰਘੇ ਸੰਕਟ ਦੇ ਸਹੀ ਕਾਰਨਾ ਨੂੰ ਅੱਖੋਂ ਉਹਲੇ ਕਰਕੇ ਦੇਸ਼ ਨੂੰ ਤਬਾਹੀ ਵਲ ਲਿਜਾਅ ਰਹੇ ਹਨ ।

ਇਸ ਸੰਕਟ ਦੇ ਅਸਲੀ ਕਾਰਨ ਤਾਂ ਪਿਛਲੇ 34 ਸਾਲਾਂ ਤੋਂ ਆਪਣਾਈਆਂ ਜਾ ਰਹੀਆਂ ਆਰਥਿਕ ਨੀਤੀਆਂ ਹਨ । ਦੇਸ਼ ਦੇ ਆਰਥਿਕ ਵਿਕਾਸ ਦਾ ਜੋ ਰਾਹ ਚੁਣਿਆ ਹੈ, ਅਜੋਕਾ ਸੰਕਟ ਉਸੇ ਦਾ ਇਕ ਸਿੱਟਾ ਹੈ । ਪੈਟਰੋਲ ਦੀਆਂ ਕੀਮਤਾਂ ਵਿਚ ਵਾਧੇ ਬਾਰੇ ਚਿਤਾਵਨੀ 1973 ਵਿਚ ਮਿਲ ਗਈ ਸੀ ਜਦੋਂ ਪੈਟਰੋਲ ਪੈਦਾ ਅਤੇ ਬਰਾਮਦ ਕਰਨ ਵਾਲੇ ਦੇਸ਼ਾਂ ਨੇ ਪੈਟਰੋਲ ਦੀਆਂ ਕੀਮਤਾਂ ਕਈ ਗੁਣਾ ਵਧਾ ਦਿਤੀਆਂ ਸਨ । ਇਸ ਬਾਰੇ ਭਾਰਤ ਸਰਕਾਰ ਨੂੰ ਉਸ ਵਕਤ ਹੀ ਕੋਈ ਠੋਸ ਕਦਮ ਪੁਟਣੇ ਚਾਹੀਦੇ ਸਨ । 1979 ਵਿਚ ਜੋ ਪੈਟਰੋਲ ਦੀਆਂ ਕੀਮਤਾਂ ਵਧੀਆਂ ਇਹ ਕੋਈ ਨਵੀਂ ਗਲ ਨਹੀਂ । 1978 ਤੋਂ ਲੈ ਕੇ 1980 ਦੇ ਸ਼ੁਰੂ ਤਕ ਪੈਟਰੋਲ ਦੀਆਂ ਕੀਮਤਾਂ ਵਿਚ ਔਸਤ ਵਾਧਾ 120 ਪ੍ਰਤੀਸ਼ਤ ਹੋਇਆ । ਪਰ ਪੈਟਰੋਲ ਦੀ ਦਰਾਮਦ ਦਾ ਬਿਲ 1677 ਕਰੋੜ ਰੁਪਏ 1978-79 ਤੋਂ 1979-80 ਵਿਚ 5600 ਕਰੋੜ ਰੁਪਏ ਹੋ ਗਿਆ । ਇਹ ਵਾਧਾ 333 ਪ੍ਰਤੀਸ਼ਤ ਬਣਦਾ ਹੈ ਜਦ ਕਿ ਕੀਮਤਾਂ ਵਿਚ ਵਾਧਾ 120 ਪ੍ਰਤੀਸ਼ਤ ਸੀ । ਅਸਲ ਵਿਚ ਕੀਮਤਾਂ ਦੇ ਵਾਧੇ ਦੇ ਨਾਲ ਨਾਲ ਦੇਸ਼ ਵਿਚ ਪੈਟਰੋਲ ਦੀ ਵਧ ਰਹੀ ਖਪਤ ਨੂੰ ਕੰਟਰੋਲ ਕਰਨ ਵਾਸਤੇ ਸਰਕਾਰ ਨੇ ਕੋਈ ਉਪਾਅ ਨਹੀਂ ਕੀਤੇ ।

ਦੂਸਰੇ ਭਾਰਤ ਦੇਸ਼ ਦੀਆਂ ਬਰਾਮਦਾਂ ਵਿਚ ਵਾਧਾ ਘਟ ਰਫਤਾਰ ਨਾਲ ਹੋਣਾ ਕੋਈ ਨਵੀਂ ਗੱਲ ਨਹੀਂ ਹੈ । 1972-73 ਤੋਂ 1976-77 ਤਕ ਬਰਾਮਦਾਂ ਤੋਂ ਵਿਦੇਸ਼ੀ ਸਿੱਕੇ ਦੀ ਕਮਾਈ ਵਿਚ ਸਲਾਨਾ ਵਾਧਾ ਲਗਾਤਾਰ 20 ਪ੍ਰਤੀਸ਼ਤ ਹੋਇਆ । ਪਰ ਇਸ ਤੋਂ ਬਾਦ ਇਹ ਵੀ ਘਟ ਗਿਆ । ਇਹ ਵਾਧਾ ਇਕ ਦਿਨ ਨਹੀਂ ਘਟਿਆ ਵਿੱਤ ਮੰਤਰੀ ਅਨੁਸਾਰ ਇਸ ਦਾ ਇਕ ਕਾਰਨ ਦੇਸ਼ ਵਿਚ ਬਰਾਮਦਾਂ ਦੀ ਸਪਲਾਈ ਵਿਚ ਘਟ ਰਫਤਾਰ ਨਾਲ ਵਾਧਾ ਹੈ ਅਤੇ ਦੂਸਰਾ ਵਿਦੇਸ਼ਾਂ ਵਿਚ ਸਾਡੀਆਂ ਬਰਾਮਦਾਂ ਉਪਰ ਰੁਕਾਵਟਾਂ ਹਨ । ਵਿਦੇਸ਼ੀ ਰੁਕਾਵਟਾਂ ਦੂਰ ਕਰਨ ਵਾਸਤੇ ਤਾਂ ਅਸੀਂ ਕੁਝ ਕਰ ਨਹੀਂ ਰਹੇ ਅਤੇ ਨਾ ਹੀ ਕਰ ਸਕਦੇ ਹਾਂ । ਪਰ ਅੰਦਰੂਨੀ ਕਾਰਨ ਵੀ ਕੋਈ ਨਵੇਂ ਪੈਦਾ ਨਹੀਂ ਹੋਏ । ਇਸ ਦਾ ਮੁਖ ਕਾਰਨ ਕੋਈ ਬਰਾਮਦਾਂ ਨੂੰ ਉਤਸ਼ਾਹ ਦੀ ਘਾਟ ਨਹੀਂ । ਸਗੋਂ 1966 ਦੇ ਸਿੱਕੇ ਦੇ ਮੁੱਲ ਘਟਾਉਣ ਤੋਂ ਬਾਅਦ, ਭਾਰਤ ਲਗਾਤਾਰ ਬਰਾਮਦਾਂ ਵਾਸਤੇ ਸੰਸਾਰ ਬੈਂਕ ਅਤੇ ਅੰਤਰ-ਰਾਸ਼ਟਰੀ ਫੰਡ ਦੀ ਨਸੀਹਤ ਅਧੀਨ ਬਰਾਮਦਾਂ ਵਧਾਉਣ ਦੀ ਕੋਸ਼ਿਸ਼ ਕਰਦਾ ਹੈ । ਜਿਸ ਕਿਸਮ ਦੀਆਂ ਨੀਤੀਆਂ ਹੁਣ ਭਾਰਤ ਤੇ ਜ਼ਿਆਦਾ ਜ਼ੋਰ ਨਾਲ ਠੋਸੀਆਂ ਜਾ ਰਹੀਆਂ ਹਨ, ਇਹਨਾਂ ਉਪਰ ਸਰਕਾਰ 1966 ਤੋਂ ਬਾਅਦ ਲਗਾਤਾਰ ਜ਼ੋਰ ਦਿੰਦੀ ਆ ਰਹੀ ਹੈ । 1975-76 ਵਿਚ ਦੇਸ਼ ਵਿਚ ਐਮਰਜੈਂਸੀ ਲਾਉਣ ਤੋਂ ਬਾਦ ਸਰਕਾਰ ਨੇ ਸੰਸਾਰ ਬੈਂਕ ਦੀਆਂ ਹਦਾਇਤਾਂ ਅਨੁਸਾਰ ਇਹਨਾਂ ਨੀਤੀਆਂ ਤੇ ਕਾਫੀ ਜ਼ੋਰ ਦਿਤਾ । ਦਰਾਮਦਾਂ ਉਪਰ ਰੋਕਾਂ

ਹਟਾਈਆਂ ਗਈਆਂ, ਬਰਾਮਦਾਂ ਨੂੰ ਵਧਾਉਣ ਵਾਸਤੇ ਕਾਫੀ ਰਿਆਇਤਾਂ ਦਾ ਐਲਾਨ ਕੀਤਾ ਗਿਆ, ਵਿਦੇਸ਼ੀ ਸਰਮਾਏ (ਖਾਸ ਕਰ ਬਹੁਕੌਮੀ ਕੰਪਨੀਆਂ) ਉਪਰ ਲਗੀਆਂ ਰੋਕਾਂ ਨੂੰ ਘਟਾਇਆ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬਰਾਮਦਾਂ ਦੇ ਅੰਦਰੂਨੀ ਉਤਪਾਦਨ ਵਿਚ ਚਾਹਿਤ ਵਾਧਾ ਨਾ ਹੋਇਆ ਅਤੇ ਬਰਾਮਦਾਂ ਦੇ ਵਾਧੇ ਦੀ ਦਰ ਸਗੋਂ ਘਟ ਗਈ। ਇਸੇ ਦਾ ਨਤੀਜਾ ਹੀ ਅਜੋਕਾ ਵਿਦੇਸ਼ੀ ਸਿੱਕੇ ਦਾ ਸੰਕਟ ਹੈ।

ਅਸਲ ਵਿਚ 1947 ਤੋਂ ਬਾਅਦ ਭਾਰਤ ਦੀਆਂ ਹਾਕਮ ਜਮਾਤਾਂ ਨੇ ਵਿਦੇਸ਼ੀ ਸਰਮਾਏ ਦੇ ਖਿਲਾਫ਼ ਲੜਨ ਦੀ ਬਜਾਏ ਉਸ ਨਾਲ ਭਿਆਲੀ ਪਾ ਲਈ, ਕੌਮੀ ਆਜ਼ਾਦੀ ਦੀ ਲਹਿਰ ਦੇ ਦਬਾਅ ਹੇਠ ਸ਼ੁਰੂ ਵਿਚ ਵਿਦੇਸ਼ੀ ਸਰਮਾਏ ਤੇ ਕੁਝ ਰੋਕਾਂ ਲਾਈਆਂ ਗਈਆਂ। ਪਰ ਜਿਉਂ ਜਿਉਂ ਅੰਦਰੂਨੀ ਸੰਕਟ ਵਧਦਾ ਗਿਆ ਅਤੇ ਹਾਕਮਾਂ ਦੀ ਸਰਦਾਰੀ ਦੀ ਲੋਕਾਂ ਵਲੋਂ ਵਿਰੋਧਤਾ ਵਧਦੀ ਗਈ, ਵਿਦੇਸ਼ੀ ਸਰਮਾਏ ਨਾਲ ਭਿਆਲੀ ਵਧਦੀ ਗਈ। ਇਸ ਦੇ ਨਾਲ ਹੀ ਵਿਦੇਸ਼ੀ ਸਰਮਾਏ ਨੂੰ ਵਧ ਰਿਆਇਤਾਂ ਮਿਲਦੀਆਂ ਗਈਆਂ। ਇਸ ਨਾਲ ਵਿਦੇਸ਼ੀ ਸਰਮਾਏ ਦਾ ਪਲੜਾ ਭਾਰੀ ਹੁੰਦਾ ਗਿਆ। ਅੰਤ ਵਿਚ ਜੂਨ 1966 ਨੂੰ ਵਿਦੇਸ਼ੀ ਸਰਮਾਏ ਦੇ ਦਬਾਅ ਹੇਠ ਭਾਰਤ ਨੂੰ ਆਪਣੇ ਸਿੱਕੇ ਦਾ ਵਿਦੇਸ਼ੀ ਮੁਲ ਘਟਾਉਣਾ ਪਿਆ। ਇਸ ਨਾਲ ਦੇਸ਼ ਦਾ ਸਵੈਮਾਨ ਘਟਿਆ ਅਤੇ ਖੁਦ-ਮੁਖਤਿਆਰੀ ਨੂੰ ਡੂੰਘੀ ਸਟ ਵਜੀ। ਵਿਦੇਸ਼ੀ ਸਰਮਾਏ ਨੂੰ ਜ਼ਿਆਦਾ ਰਿਆਇਤਾਂ ਦੇਣ ਨਾਲ ਅਤੇ ਉਸ ਦੀ ਖਾਹਿਸ਼ ਤਹਿਤ ਆਰਥਿਕ ਨੀਤੀਆਂ ਬਦਲਣ ਨਾਲ ਭਾਰਤ ਦਾ ਵਿਦੇਸ਼ੀ ਸਿੱਕੇ ਦਾ ਸੰਕਟ ਡੂੰਘਾ ਹੁੰਦਾ ਗਿਆ। 1976-77 ਅਤੇ 1977-78 ਦੇ ਸਾਲ ਛਡਕੇ ਭਾਰਤ 1955-56 ਤੇ ਵਿਦੇਸ਼ੀ ਸਿੱਕੇ ਦੇ ਸੰਕਟ ਦਾ ਸ਼ਿਕਾਰ ਰਿਹਾ ਹੈ। ਜਿਵੇਂ ਜਿਵੇਂ ਸਾਲ ਬੀਤਦੇ ਗਏ ਹਨ ਇਹ ਸੰਕਟ ਵੀ ਵਧਦਾ ਗਿਆ ਹੈ। ਹੁਣ ਜਦ ਦੇਸ਼ ਦੀ ਆਰਥਿਕਤਾ ਨੂੰ ਗਹਿਣੇ ਧਰ ਕੇ ਸਰਕਾਰ ਨੇ ਲਿਖਤੀ ਰੂਪ ਵਿਚ ਫੰਡ ਨੂੰ ਦੇ ਦਿਤਾ ਹੈ ਕਿ ਉਸ ਦੀਆਂ ਦੱਸੀਆਂ ਆਰਥਿਕ ਨੀਤੀਆਂ ਹੀ ਦੇਸ਼ ਵਿਚ ਅਪਣਾਈਆਂ ਜਾਣਗੀਆਂ ਤਾਂ ਆਉਣ ਵਾਲੇ ਸਮਿਆਂ ਵਿਚ ਇਹ ਸੰਕਟ ਹੋਰ ਵੀ ਡੂੰਘਾ ਹੋਣ ਦੀ ਸੰਭਾਵਨਾ ਹੈ, ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਿਨ੍ਹਾਂ ਆਰਥਿਕ ਨੀਤੀਆਂ ਨੇ ਅਜੋਕਾ ਸੰਕਟ ਪੈਦਾ ਕੀਤਾ ਹੈ ਉਹਨਾਂ ਨੂੰ ਵਧੇਰੇ ਜ਼ੋਰ ਨਾਲ ਲਾਗੂ ਕਰਨ ਲਈ ਸਰਕਾਰ ਵਚਨ-ਬੱਧ ਹੋ ਗਈ ਹੈ।

ਇਹ ਗੱਲ ਤਾਂ ਸਰਕਾਰ ਨੂੰ ਵੀ ਪਤਾ ਹੈ ਭਾਵੇਂ ਉਹ ਲੋਕਾਂ ਵਿਚ ਨਾ ਮੰਨੇ। ਜੇ ਸਰਕਾਰ ਨੂੰ ਇਸ ਗੱਲ [illegible] ਗੱਲ ਹੈ ਤਾਂ ਉਸ ਨੂੰ ਜ਼ਲਾਲਤ ਵਾਲੀਆਂ ਸ਼ਰਤਾਂ ਮੰਨਣ ਦੀ ਕੀ ਲੋੜ ਸੀ? ਉਸ ਹਾਲਤ ਵਿਚ ਸਰਕਾਰ ਵਿਦੇਸ਼ੀ ਵਪਾਰਕ ਬੈਂਕਾਂ ਤੋਂ ਇਹੋ ਕਰਜ਼ਾ ਲੈ ਸਕਦੀ ਸੀ। ਫਰਕ ਸਿਰਫ ਏਨਾ ਹੀ ਹੋਣਾ ਸੀ ਕਿ ਇਹਨਾਂ ਤੋਂ ਲਿਆ ਕਰਜ਼ਾ ਜ਼ਿਆਦਾ ਵਿਆਜ ਦਰ ਤੇ ਮਿਲਣਾ ਸੀ। ਦੇਸ਼ ਦੀ ਆਜ਼ਾਦੀ ਕਾਇਮ ਰਖਣ ਵਾਸਤੇ ਇਹ ਕੋਈ ਜ਼ਿਆਦਾ ਮੁਲ ਨਹੀਂ ਸੀ। ਮੌਜੂਦਾ ਆਰਥਿਕ ਸੰਕਟ ਭਾਰਤ ਵਿਚ ਪਿਛਲੇ 34 ਸਾਲਾਂ ਤੋਂ ਅਪਣਾਏ ਜਾ ਰਹੇ ਸਮਾਜਿਕ ਅਤੇ ਆਰਥਿਕ ਵਿਕਾਸ ਦੇ ਚੁਣੇ ਰਾਹ ਦਾ ਹੀ ਸਿੱਟਾ ਹੈ। ਦੇਸ਼ ਦੀਆਂ ਹਾਕਮ ਜਮਾਤਾਂ ਨੇ ਦੇਸ਼ ਨੂੰ ਸਰਮਾਏਦਾਰੀ ਵਿਕਾਸ ਦੇ ਰਾਹ ਤੇ ਲਿਜਾਣ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਲੋਕਾਂ ਨੂੰ ਭੁਲੇਖਾ ਪਾਉਣ ਵਾਸਤੇ ਸਮਾਜਵਾਦ ਅਤੇ ਸਮਾਜਵਾਦੀ ਢਾਂਚੇ ਦੀ ਉਸਾਰੀ ਦੀ ਗਲ ਹਾਕਮ ਜਮਾਤਾਂ ਸ਼ੁਰੂ ਤੋਂ ਕਰਦੀਆਂ ਆਈਆਂ ਹਨ ਪਰ ਅਸਲ ਵਿਚ ਵਿਕਾਸ ਦਾ ਮੂਲ ਮੁੱਦਾ ਸਰਮਾਏ-ਦਾਰੀ ਉਸਾਰਨ ਵਲ ਹੀ ਰਿਹਾ ਹੈ।

ਲੰਮੇਂ ਸਮੇਂ ਤਕ ਬਸਤੀ ਰਹਿਣ ਕਰਕੇ ਸਾਮ-ਰਾਜਵਾਦੀਆਂ ਨੇ ਭਾਰਤ ਦੀ ਆਰਥਿਕਤਾ ਦਾ ਆਧਾਰ ਤੋੜ ਕੇ ਉਸ ਨੂੰ ਬਸਤੀਵਾਦੀ ਬਣਾ ਦਿਤਾ। ਬਸਤੀਵਾਦੀ ਆਰਥਿਕਤਾ ਸਾਮਰਾਜੀਆਂ ਵਾਸਤੇ ਕੱਚੇ ਮਾਲ ਦਾ ਸੋਮਾ ਅਤੇ ਪੱਕੇ ਮਾਲ ਦੀ ਮੰਡੀ ਤੇ ਉਸਾਰੀ ਗਈ। 1947 ਤੋਂ ਬਾਅਦ ਜਦ ਭਾਰਤ ਦੀਆਂ ਹਾਕਮ ਜਮਾਤਾਂ ਨੇ ਇਸ ਆਧਾਰ ਤੇ ਸਰਮਾਏਦਾਰੀ ਦੇ ਵਿਕਾਸ ਦਾ ਰਾਹ ਅਪਣਾਇਆ ਤਾਂ ਉਹਨਾਂ ਪਾਸ ਸਾਮਰਾਜਵਾਦ ਨਾਲ ਸਮਝੌਤਾ ਕਰਨਾ ਲਾਜ਼ਮੀ ਹੋ ਗਿਆ। ਦੂਜੇ ਪਾਸੇ ਸਰ-ਮਾਏਦਾਰ ਜਮਾਤ ਨੇ ਜਾਗੀਰਦਾਰੀ ਨੂੰ ਖ਼ਤਮ ਕਰਨ ਦੀ ਬਜਾਏ ਉਸ ਨਾਲ ਵੀ ਸਮਝੌਤਾ ਕਰ ਲਿਆ। ਕੋਸ਼ਿਸ਼ ਇਹ ਕੀਤੀ ਗਈ ਕਿ ਹੌਲੀ ਹੌਲੀ ਜਗੀਰਦਾਰਾਂ ਨੂੰ ਸਰਮਾਏਦਾਰ ਮਾਲਕ ਬਣਾ ਲਿਆ ਜਾਵੇ। ਇਸ ਦਾ ਮੁਖ ਕਾਰਨ ਦੇਸ਼ ਵਿਚ ਅਤੇ ਸੰਸਾਰ ਪੱਧਰ ਤੇ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਸਮਾਜਵਾਦ ਦੇ ਵਧ ਰਹੇ ਪ੍ਰਭਾਵ ਕਾਰਨ ਉਸ ਸਾਹਮਣੇ ਮਜ਼ਦੂਰ ਜਮਾਤ ਦੀ ਤਾਕਤ ਮੁਖ ਖਤਰਾ ਬਣ ਗਈ। ਇਸ ਤਰ੍ਹਾਂ ਸਰਮਾਏਦਾਰ ਜਮਾਤ ਦੇ ਦੋਪਾਸਾ ਸਮਝੌਤੇ (ਸਾਮਰਾਜਵਾਦ ਅਤੇ ਜਗੀਰਦਾਰੀ) ਨਾਲ ਭਾਰਤ ਵਿਚ ਤਿੰਨ ਵਿਰੋਧੀ ਜਮਾਤਾਂ ਦੀ ਭਾਈਵਾਲੀ ਪੈ ਗਈ ਅਤੇ ਇਹਨਾਂ ਦੀ ਦੇਸ਼ ਵਿਚ ਹਕੂਮਤ ਬਣ ਗਈ। ਇਹਨਾਂ ਦੇ ਆਪਸੀ ਵਿਰੋਧੀ ਮੁਫਾਦ ਹੋਣ ਕਰਕੇ ਭਾਰਤ ਵਿਚ ਸਰਮਾਏਦਾਰੀ ਦੇ ਵਿਕਾਸ ਵਿਚ ਸ਼ੁਰੂ ਤੋਂ ਹੀ ਸੰਕਟ ਆ ਗਿਆ। ਆਰਥਿਕ ਵਿਕਾਸ ਵਾਸਤੇ ਥੋੜੇ ਬਹੁਤ ਸੁਧਾਰ ਵੀ ਸਮੇਂ ਸਮੇਂ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਇਹਨਾਂ ਸੁਧਾਰਾਂ

ਨੂੰ ਲਾਗੂ ਕਰਨ ਸਮੇਂ ਭਾਰਤ ਦੀਆਂ ਹਾਕਮ ਜਮਾਤਾਂ ਆਪਣੇ ਗਠਜੋੜ ਦੇ ਸੰਤੁਲਨ ਵਿਚ ਕੋਈ ਤਬਦੀਲੀ ਕਰਨ ਨੂੰ ਤਿਆਰ ਨਾ ਹੋਈਆਂ। ਇਸ ਕਰਕੇ ਸਮੇਂ ਸਮੇਂ ਤੋਂ ਸਰਕਾਰ ਦੁਆਰਾ ਨਿਯੁਕਤ ਕੀਤੀਆਂ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਵੀ ਅਮਲੀ ਰੂਪ ਨਾ ਦਿਤਾ ਜਾ ਸਕਿਆ। ਇਹੋ ਹੀ ਕਾਰਨ ਹੈ ਮੌਜੂਦਾ ਸੰਕਟ ਦੇ ਹੱਲ ਸਬੰਧੀ ਸਰਕਾਰ ਦੀਆਂ ਦੋ ਕਮੇਟੀਆਂ ਦੇ ਸੁਝਾਅ ਸਰਕਾਰ ਪਾਸ ਪਏ ਹੋਣ ਦੇ ਬਾਵਜੂਦ ਇਸਨੇ ਫੰਡ ਤੋਂ ਕਰਜ਼ ਲੈਣ ਬਾਰੇ ਹੀ ਸੋਚਿਆ ਹੈ। ਪੈਟਰੋਲ ਬਚਾਉ ਗਰੁਪ ਨੇ ਸਰਕਾਰ ਨੂੰ ਸੁਝਾਅ ਦਿਤਾ ਕਿ ਸਨਅਤੀ ਸ਼ਕਤੀ (ਬਾਲਣ) ਵਿਚ 33 ਪ੍ਰਤੀਸ਼ਤ ਬਚਤ ਕੀਤੀ ਜਾ ਸਕਦੀ ਹੈ ਅਤੇ ਲੋਕਲ ਸ਼ਕਤੀ ਦੇ ਸਾਧਨ ਜਿਵੇਂ ਕੋਲਾ ਆਦਿ ਵਰਤਿਆ ਜਾਵੇ ਤਾਂ ਪੈਟਰੋਲ ਦੀ 1/5 ਦਰਾਮਦ ਘਟਾਈ ਜਾ ਸਕਦੀ ਹੈ। ਜਿਸ ਨਾਲ ਸਲਾਨਾ 1000 ਕਰੋੜ ਰੁਪਏ ਤੋਂ ਵਧ ਦਾ ਵਿਦੇਸ਼ੀ ਸਿੱਕਾ ਬਚਾਇਆ ਜਾ ਸਕਦਾ ਹੈ।

ਜਨਵਰੀ 1981 ਵਿਚ ਟੰਡਨ ਕਮੇਟੀ ਦੀ ਰਿਪੋਰਟ ਨਾਲ ਮਤਭੇਦ ਦੇ ਨੋਟ ਵਿਚ ਪ੍ਰੋਫੈਸਰ ਅਮਿਤ ਭਾਦੁਰੀ ਅਤੇ ਡਾਕਟਰ ਡੀ.ਕੇ. ਰੰਗਨੇਕਰ ਨੇ ਲਿਖਿਆ ਹੈ ਕਿ ਸਰਕਾਰ 1000 ਕਰੋੜ ਰੁਪਏ ਦੇ ਬਰਾਬਰ ਸਲਾਨਾ ਵਿਦੇਸ਼ੀ ਸਿੱਕੇ ਦੀ ਬਚਤ ਕਰ ਸਕਦੀ ਹੈ ਜੇਕਰ ਅੰਦਰੂਨੀ ਉਤਪਾਦਨ ਸ਼ਕਤੀ ਦਾ ਵਧ ਪ੍ਰਯੋਗ ਕਰਕੇ ਬਾਹਰੋਂ ਸਟੀਲ, ਸੀਮਿੰਟ, ਪੇਪਰ ਅਤੇ ਹੋਰ ਵਸਤਾਂ ਦੀ ਦਰਾਮਦ ਘਟਾ ਦੇਵੇ। ਇਹਨਾਂ ਦਰਾਮਦਾਂ ਨਾਲ ਦੇਸ਼ ਦੇ ਉਤਪਾਦਨ ਤੇ ਕੋਈ ਬੁਰਾ ਨਹੀਂ ਸਗੋਂ ਚੰਗਾ ਅਸਰ ਪਵੇਗਾ। ਇਸ ਤਰ੍ਹਾਂ ਜੇ ਸਿਰਫ ਇਹਨਾਂ ਦੋਹਾਂ ਕਮੇਟੀਆਂ ਦੀਆਂ ਸਿਫਾਰਸ਼ਾਂ ਹੀ ਸਰਕਾਰ ਮੰਨ ਲੈਂਦੀ ਤਾਂ ਸਲਾਨਾ 2000 ਕਰੋੜ ਰੁਪਏ ਦਾ ਵਿਦੇਸ਼ੀ ਸਿੱਕਾ ਬਚਾ ਸਕਦੀ ਹੈ ਜੋ ਕਿ ਤਿੰਨ ਸਾਲਾਂ ਵਿਚ 6000 ਕਰੋੜ ਰੁਪਏ ਹੁੰਦਾ ਜਿਹੜਾ ਫੰਡ ਦੇ ਦਿਤੇ ਕਰਜ਼ੇ ਤੋਂ ਵੀ 1000 ਕਰੋੜ ਵਧ ਹੁੰਦਾ। ਇਸ ਨਾਲ ਦੇਸ਼ ਦਾ ਸਵੈਮਾਨ ਵੀ ਕਾਇਮ ਰਹਿੰਦਾ ਅਤੇ ਭਵਿਖ ਵਿਚ ਠੂਠਾ ਲੈ ਕੇ ਕਰਜ਼ਾ ਮੰਗਣ ਦੀ ਵੀ ਭਾਰਤ ਨੂੰ ਘਟ ਲੋੜ ਰਹਿੰਦੀ। ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਹਾਕਮ ਜਮਾਤਾਂ ਅਤੇ ਉਹਨਾਂ ਦੇ ਹੱਕਾਂ ਦੀ ਰਖਵਾਲੀ ਸਰਕਾਰ ਮੌਜੂਦਾ ਸਮਾਜਿਕ ਅਤੇ ਆਰਥਿਕ ਢਾਂਚੇ ਵਿਚ ਕੋਈ ਹੋਰ ਸੁਧਾਰ ਕਰਨ ਦੇ ਕਾਬਲ ਹੋਣ। ਸਰਕਾਰ ਨੂੰ ਇਹ ਬਹੁਤ ਚੰਗੀ ਤਰ੍ਹਾਂ ਪਤਾ ਹੈ ਕਿ ਮੌਜੂਦਾ ਸਰਮਾਏਦਾਰ ਢਾਂਚੇ ਵਿਚ ਸੰਕਟ ਨੂੰ ਹਲ ਕਰਨ ਵਾਸਤੇ ਹੋਰ ਕੋਈ ਚਾਰਾ ਨਹੀਂ। ਇਸੇ ਕਰਕੇ ਇਹ ਫੰਡ ਦੀਆਂ ਉਹ ਨੀਤੀਆਂ ਸਖ਼ਤੀ ਨਾਲ ਲਾਗੂ ਕਰਨ ਨੂੰ ਤਿਆਰ ਹੋ ਗਈ ਹੈ ਜਿਨ੍ਹਾਂ ਦਾ ਨਤੀਜਾ ਮੌਜੂਦਾ ਸੰਕਟ ਹੈ। ਸਰਕਾਰ ਨੂੰ ਪਤਾ ਹੈ ਕਿ ਮੌਜੂਦਾ ਸੰਕਟ ਹੋਰ ਡੂੰਘਾ ਹੋਵੇਗਾ ਅਤੇ ਇਸ ਵਾਸਤੇ ਹੋਰ ਕਰਜ਼ਿਆਂ ਦੀ ਜ਼ਰੂਰਤ ਪਵੇਗੀ। ਇਸੇ ਵਾਸਤੇ ਹੀ ਸਰਕਾਰ ਨੇ ਜ਼ਲਾਲਤ ਭਰੀਆਂ ਸ਼ਰਤਾਂ ਮੰਨ ਕੇ ਫੰਡ ਤੇ ਕਰਜ਼ਾ ਲੈਣਾ ਮੰਨ ਲਿਆ ਹੈ। ਭਾਰਤ ਦੀਆਂ ਹਾਕਮ ਜਮਾਤਾਂ ਆਪਣੇ ਵਡੇ ਭਾਈਵਾਲ ਅਤੇ ਸ਼ਾਹਾਂ ਦੀ ਗੱਲ ਕਿਵੇਂ ਮੋੜ ਸਕਦੀਆਂ ਹਨ।

ਮੌਜੂਦਾ ਸੰਕਟ ਦਾ ਹੱਲ ਤਾਂ ਦੇਸ਼ ਵਿਚ ਇਨਕਲਾਬੀ ਤਬਦੀਲੀਆਂ ਨਾਲ ਹੀ ਹੋ ਸਕਦਾ ਹੈ। ਇਸ ਨਾਲ ਦੇਸ਼ ਦੇ ਵਿਕਾਸ ਦਾ ਰਾਹ ਬਦਲਣ ਦੀ ਲੋੜ ਹੈ। ਦੇਸ਼ ਨੂੰ ਸਰਮਾਏਦਾਰੀ ਵਿਕਾਸ ਦੇ ਰਾਹ ਤੋਂ ਹਟਾ ਕੇ ਸਮਾਜਵਾਦ ਦੀ ਉਸਾਰੀ ਵਿਚ ਹੀ ਦੇਸ਼ ਦੀਆਂ ਮੌਜੂਦਾ ਸਮਸਿਆਵਾਂ ਹੱਲ ਹੋ ਸਕਦੀਆਂ ਹਨ। ਇਹ ਕੰਮ ਮੌਜੂਦਾ ਹਾਕਮ ਜਮਾਤਾਂ ਅਤੇ ਉਹਨਾਂ ਦੀ ਸਰਕਾਰ ਕਰਨ ਦੇ ਕਾਬਲ ਨਹੀਂ। ਇਹ ਕੰਮ ਤਾਂ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਸਮਾਜਵਾਦੀ ਤਾਕਤਾਂ ਦੇ ਸੱਤਾ ਉਪਰ ਕਾਬਜ਼ ਹੋਣ ਨਾਲ ਹੀ ਹੋ ਸਕਦਾ ਹੈ।

## ਫੰਡ, ਭਾਰਤੀ ਹਾਕਮ ਅਤੇ ਲੋਕ

ਅੰਤਰ-ਰਾਸ਼ਟਰੀ ਮੁਦਰਾ ਫੰਡ ਸਾਮਰਾਜਵਾਦੀ ਦੇਸ਼ਾਂ ਰਾਹੀਂ ਕੰਟਰੋਲ ਕੀਤਾ ਜਾਂਦਾ ਹੈ ਅਤੇ ਉਹਨਾਂ ਦੇ ਮੁਫਾਦਾਂ ਦੀ ਹੀ ਰਖਿਆ ਕਰਦਾ ਹੈ। ਭਾਰਤ ਦੀਆਂ ਹਾਕਮ ਜਮਾਤਾਂ ਨੇ ਸਾਮਰਾਜਵਾਦ ਨਾਲ ਭਿਆਲੀ ਪਾਈ ਹੋਈ ਹੈ। ਇਸ ਭਿਆਲੀ ਵਿਚ ਦੋਵੇਂ ਧਿਰਾਂ ਬਰਾਬਰ ਨਹੀਂ ਹਨ। ਸਾਮਰਾਜਵਾਦ ਨਿਸਚੇ ਹੀ ਵੱਡਾ ਭਾਈਵਾਲ ਹੈ। ਸਾਮਰਾਜਵਾਦ ਦੀ ਸਰਦਾਰੀ ਅਤੇ ਰੋਲ ਭਾਰਤ ਵਿਚ 1956-57 ਤੋਂ ਬਾਅਦ ਕਾਫੀ ਵਧ ਰਿਹਾ ਹੈ। ਪਰ 1966 ਵਿਚ ਇਸ ਦੇ ਰੋਲ ਨੇ ਵਡਾ ਕਦਮ ਪੁਟਿਆ ਅਤੇ ਦੇਸ਼ ਦੇ ਸਿੱਕੇ ਦਾ ਮੁਲ ਘਟਾਉਣਾ ਭਾਰਤ ਸਿਰ ਮੜ੍ਹ ਦਿਤਾ ਗਿਆ। ਇਸ ਨਾਲ ਸਾਮਰਾਜਵਾਦ ਨੇ ਆਪਣੇ ਪੱਖੀ ਆਰਥਿਕ ਨੀਤੀਆਂ ਵਿਚ ਤਬਦੀਲੀ ਕਰਵਾ ਲਈ। 9 ਨਵੰਬਰ 1981 ਦੇ ਫੰਡ ਨਾਲ ਕਰਜ਼ੇ ਦੇ ਸਮਝੌਤੇ ਵਜੋਂ ਸਾਮਰਾਜਵਾਦ ਦੀ ਭਾਰਤ ਉਪਰ ਸਰਦਾਰੀ ਦਾ ਪ੍ਰਤੱਖ ਸਬੂਤ ਮਿਲ ਗਿਆ ਹੈ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਸਾਮਰਾਜ ਵਾਸਤੇ ਸਿੱਧੇ ਤੌਰ ਤੇ ਬਸਤੀਆਂ ਰਖਣੀਆਂ ਸੰਭਵ ਨਹੀਂ ਰਿਹਾ। ਇਸ ਤਰ੍ਹਾਂ ਵੀਅਤਨਾਮ ਦੀ ਜੰਗ ਤੋਂ ਬਾਅਦ ਸਾਮਰਾਜਵਾਦੀ ਦੇਸ਼ਾਂ ਨੇ ਇਹ ਮਹਿਸੂਸ ਕਰ ਲਿਆ ਹੈ ਕਿ ਕਿਸੇ ਵੀ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਫੌਜ ਦੀ ਮਦਦ ਨਾਲ ਸਿੱਧੇ ਦਖ਼ਲ ਦੇਣ ਤੋਂ ਵਿਰੋਧ ਵਧ ਹੁੰਦਾ ਹੈ। ਇਸ ਵਾਸਤੇ ਹੁਣ ਸਾਮਰਾਜਵਾਦ ਅਸਿੱਧੇ ਢੰਗ ਨਾਲ ਤੀਜੀ ਦੁਨੀਆਂ ਤੇ ਕੰਟਰੋਲ ਵਧਾਉਣ ਦੀ ਵਿਧੀ ਅਪਣਾ ਰਿਹਾ ਹੈ। ਜਿਸ ਨੂੰ ਨਵ-ਬਸਤੀਵਾਦ ਕਿਹਾ ਜਾਂਦਾ ਹੈ। ਨਿੱਜੀ ਤੌਰ ਤੇ

ਜੋ ਕੰਮ ਸਾਮਰਾਜਵਾਦੀ ਦੇਸ਼ ਨਹੀਂ ਕਰ ਸਕਦੇ ਉਹ ਕੰਮ ਇਹ ਅੰਤਰ-ਰਾਸ਼ਟਰੀ ਸੰਸਥਾਵਾਂ (ਜਿਨ੍ਹਾਂ ਦਾ ਰੂਪ "ਗੈਰ-ਸਿਆਸੀ" ਅਤੇ "ਨਿਰਪੱਖ" ਹੋਵੇ) ਤੋਂ ਕਰਵਾਉਂਦੇ ਹਨ। ਜੇ ਸਿੱਧੇ ਤੌਰ ਤੇ ਇਹ ਨੀਤੀਆਂ ਅਮਰੀਕਾ ਭਾਰਤ ਉਪਰ ਲਾਗੂ ਕਰਵਾਏ ਤਾਂ ਇਹਨਾਂ ਦਾ ਵਿਰੋਧ ਵਧ ਹੋਵੇਗਾ। ਪਰ ਫੰਡ ਵਰਗੀਆਂ ਸੰਸਥਾਵਾਂ ਆਪਣੇ ਸਮਝੌਤੇ ਗੁਪਤ ਰਖਦੀਆਂ ਹਨ ਅਤੇ ਕਿਸੇ ਨੂੰ ਵੀ ਜਵਾਬ ਦੇਹ ਨਹੀਂ ਹਨ। ਉਹ ਇਹ ਕੰਮ ਕਿਸੇ ਦੀ ਸਾਮਰਾਜ-ਵਾਦੀ ਦੇਸ਼ ਨਾਲੋਂ ਸੌਖਾ ਕਰ ਸਕਦੀਆਂ ਹਨ ਅਤੇ ਕਰ ਵੀ ਰਹੀਆਂ ਹਨ। ਭਾਰਤ ਦੇ ਕੇਸ ਵਿਚ ਫੰਡ ਨੇ ਸਾਮਰਾਜਵਾਦ ਦੇ ਹਿੱਤ ਪੂਰਨ ਲਈ ਇਹ ਦਖ਼ਲ ਅੰਦਾਜ਼ੀ ਕੀਤੀ ਹੈ। ਪਰ ਇਹ ਦਖਲ ਅੰਦਾਜ਼ੀ, ਭਾਰਤ ਦੇ ਹਾਕਮਾਂ ਦੀ ਮਰਜ਼ੀ ਨਾਲ ਹੈ ਅਤੇ ਉਹਨਾਂ ਨੂੰ ਕਬੂਲ ਵੀ ਹੈ। ਉਹ ਇਸ ਕਰਕੇ ਕਿ ਇਹ ਭਾਰਤ ਦੇ ਮਿਹਨਤ-ਕਸ਼ ਲੋਕਾਂ ਨੂੰ ਸਾਮਰਾਜਵਾਦ ਦੀ ਅਗਵਾਈ ਹੇਠ ਲੁਟ ਰਹੀਆਂ ਹਨ। ਜੇਕਰ ਇਹਨਾਂ ਦਾ ਸਾਮਰਾਜਵਾਦ ਨਾਲ ਤਿੱਖਾ ਵਿਰੋਧ ਹੋਵੇ ਤਾਂ ਇਹਨਾਂ ਨੂੰ ਭਾਰਤ ਦੇ ਲੋਕਾਂ ਨੂੰ ਨਾਲ ਲੈਣ ਦੀ ਲੋੜ ਹੁੰਦੀ ਜਿਵੇਂ ਕਿ ਕੌਮੀ ਆਜ਼ਾਦੀ ਦੀ ਲੜਾਈ ਸਮੇਂ 1947 ਤੋਂ ਪਹਿਲਾਂ ਸੀ। ਪਰ ਹੁਣ ਭਾਰਤ ਦੀਆਂ ਹਾਕਮ ਜਮਾਤਾਂ ਸਾਮਰਾਜਵਾਦ ਦਾ ਵਿਰੋਧ ਵਿਚ ਨਹੀਂ ਬਲਕਿ ਉਸ ਦੀ ਅਗਵਾਈ ਹੇਠ (ਜੋ ਲਿਖ ਕੇ ਮੰਨੀ ਹੈ) ਭਾਰਤ ਦੇ ਮਿਹਨਤਕਸ਼ ਲੋਕਾਂ ਦੇ ਵਿਰੋਧ ਵਿਚ ਖੜੀਆਂ ਹਨ। ਆਉਣ ਵਾਲੇ ਸਮੇਂ ਵਿਚ ਇਹਨਾਂ ਦੀ ਸਰਕਾਰ ਦੀਆਂ ਬਣਾਈਆਂ ਆਰਥਿਕ ਨੀਤੀਆਂ ਰਾਹੀਂ ਭਾਰਤ ਦੇ ਲੋਕਾਂ ਉਪਰ ਸੰਕਟ ਦਾ ਭਾਰ ਹੋਰ ਵੀ ਜ਼ਿਆਦਾ ਪਵੇਗਾ ਅਤੇ ਉਹਨਾਂ ਦੀ ਲੁਟ ਵਿਚ ਵਾਧਾ ਹੋਵੇਗਾ।

ਜਿਥੇ ਲੋਟੂ ਜਮਾਤਾਂ ਦਾ ਗਠਜੋੜ ਮਿਹਨਤ-ਕਸ਼ ਲੋਕਾਂ ਉਪਰ ਆਪਣੀ ਲੁਟ ਦਾ ਭਾਰ ਵਧਾਉਣ ਲਈ ਵਾਰ ਕਰ ਰਿਹਾ ਹੈ ਅਤੇ ਕਾਫ਼ੀ ਸੰਗਠਤ ਹੋਈ ਫਿਰਦਾ ਹੈ ਉਥੇ ਭਾਰਤ ਦੇ ਮਿਹਨਤ-ਕਸ਼ ਲੋਕ ਇਸ ਬਾਰੇ ਨਾ ਤਾਂ ਇਤਨੇ ਚੇਤੰਨ ਹਨ ਅਤੇ ਨਾ ਮੁਕਾਬਲੇ ਵਿਚ ਜਥੇਬੰਦ ਹਨ। ਇਸੇ ਕਰਕੇ ਹੀ ਹਾਕਮ ਜਮਾਤਾਂ ਦੇ ਗਠਜੋੜ ਨੇ ਦੇਸ਼ ਨੂੰ ਅੰਤਰ-ਰਾਸ਼ਟਰੀ ਮੁਦਰਾ ਫੰਡ ਕੋਲ ਗਹਿਣੇ ਧਰਨ ਬਾਰੇ ਪਾਰਲੀਮੈਂਟ ਅਤੇ ਲੋਕਾਂ ਨੂੰ ਵਿਸ਼-ਵਾਸ਼ ਵਿਚ ਲੈਣਾ ਵੀ ਉਚਿਤ ਨਹੀਂ ਸਮਝਿਆ। ਸਰਕਾਰ ਨੂੰ ਐਸਾ ਕਰਨ ਦਾ ਹੌਸਲਾ ਹੀ ਤਾਂ ਪਿਆ ਹੈ ਕਿ ਲੋਕ ਸ਼ਕਤੀ ਚੇਤੰਨ ਰੂਪ ਵਿਚ ਇਸ ਸਮੇਂ ਸਰਕਾਰ ਦਾ ਵਿਰੋਧ ਕਰਨ ਲਈ ਕਾਫ਼ੀ ਨਹੀਂ ਹੈ। ਬਲਕਿ ਗੱਲ ਤਾਂ ਇਥੋਂ ਤਕ ਹੈ ਕਿ ਜਿਨ੍ਹਾਂ ਉਪਰ ਕਰਜ਼ੇ ਦਾ ਹੋਰ ਭਾਰ ਪੈਣਾ ਹੈ ਉਹਨਾਂ ਵਿਚੋਂ ਬਹੁਤਿਆਂ ਨੂੰ ਤਾਂ ਇਸ ਗਲ ਦੀ ਖ਼ਬਰ ਵੀ ਨਹੀਂ ਹੈ।

ਮੌਜੂਦਾ ਸੰਕਟ ਦਾ ਹੱਲ ਤਾਂ ਲੋਕ ਅਤੇ ਉਹਨਾਂ ਦੀ ਸ਼ਕਤੀ ਹੀ ਕਰ ਸਕਦੇ ਹਨ। ਲੋਕਾਂ ਦੀ ਸੰਗਠਤ ਤੇ ਵਿਸ਼ਾਲ ਸ਼ਕਤੀ ਹੀ ਸਾਮਰਾਜਵਾਦ ਤੋਂ ਦੇਸ਼ ਨੂੰ ਮੁਕਤੀ ਦੁਆ ਕੇ ਉਹਨਾਂ ਦੀ ਲੁਟ ਨੂੰ ਠੱਲ੍ਹ ਪਾ ਸਕਦੀ ਹੈ। ਉਹ ਸਰਕਾਰ ਜਿਸ ਦੀ ਟੇਕ ਲੋਕਾਂ ਉਪਰ ਹੋਵੇ (ਨਾ ਕਿ ਸਾਮਰਾਜਵਾਦ ਉਪਰ) ਉਹੀ ਦੇਸ਼ ਨੂੰ ਬਚਾਅ ਸਕਦੀ ਹੈ। ਉਹ ਦੇਸ਼ ਦੀਆਂ ਆਰਥਿਕ ਨੀਤੀਆਂ ਲੋਕ ਹਿਤਾਂ ਵਾਸਤੇ ਘੜ ਕੇ ਅਤੇ ਮੌਜੂਦਾ ਆਰਥਿਕ ਢਾਂਚੇ ਵਿਚ ਬੁਨਿਆਦੀ ਤਬਦੀਲੀ ਕਰਕੇ ਦੇਸ਼ ਦੀ ਸਾਮਰਾਜ-ਵਾਦ ਤੋਂ ਬੰਦ ਖ਼ਲਾਸੀ ਕਰਵਾ ਸਕਦੀ ਹੈ। ਇਸ ਦੀ ਅਣਹੋਂਦ ਵਿਚ ਦੇਸ਼ ਦਾ ਸੰਕਟ ਹੋਰ ਡੂੰਘਾ ਹੋ ਜਾਵੇਗਾ ਤੇ ਥੋੜੀ ਬਹੁਤ ਖੁਲ੍ਹ ਜੋ ਅਜ ਨਜ਼ਰ ਵੀ ਆਉਂਦੀ ਹੈ ਲੋਕਾਂ ਤੋਂ ਖੋਹ ਲਈ ਜਾਵੇਗੀ। ਫੰਡ ਦੇ ਕਰਜ਼ੇ ਦੇ ਸਮਝੌਤੇ ਤੋਂ ਇਹੀ ਸਿੱਟਾ ਕਢਿਆ ਜਾ ਸਕਦਾ ਹੈ।

ਅਗੇ ਪੜ੍ਹਨ ਵਾਸਤੇ ਕੁਝ ਕਿਤਾਬਾਂ ਅਤੇ ਲੇਖ


1. Ismail - Sabri Abdalla, "Inadequancy and Loss of egitimacy of I.M.A." Mainstream, Oct. 31, Nov. 7 & 14, 1981.
2. Govt. of West Bengal, The IMF Loan : Facts and Issues, Nov. 1981.
3. Hannuan Ezekiel, "I.M.F. Loan: Debt Trap or Lifelone", Illustated Weekly of India Nov. 15-21, 1981.
4. I,M F.International Financial Statistics January 1981.
5. Tressa Hayter, Aid As Imperialism, Pelican books, 1972.
6. Cheryl Payer, Debt Trap, Pelican books, 1974.
7. T. Nagi Reddy, India Mortgaged, T. Negi Reddy Memorial Taust, Ananta-guaram, 1978.
8. Bo Sodersten, International Economics. 1972.
9. Stere Weisman and others (Eds.) The Trojan Horse, San Francisco, 1974.
10. Jack Woodis, An Introduction to Neo-Colonialism, New York, 1976.


o

ਹਿੰਦੀ ਕਹਾਣੀ

# ਹਿਮਾਇਤੀ

o

## ਅਰਵਿੰਦ ਗੁਪਤ

ਲੱਗਦਾ ਏ, ਚੌਧਰੀ ਭੈਰੋਂ ਨੂੰ ਛੱਡਣ ਨਹੀਂ ਲੱਗਾ। ਲੱਭ ਰਿਹਾ ਹੈ, ਉਸਦੇ ਆਦਮੀ ਵੀ ਭੈਰੋਂ ਦੀ ਭਾਲ ਵਿਚ ਏਧਰ-ਓਧਰ ਫਿਰ ਰਹੇ ਹਨ। ਪਤਾ ਨਹੀਂ, ਭੈਰੋਂ ਕਿਥੇ ਲੁਕਿਆ ਬੈਠਾ ਹੈ। ਉਸ ਨੂੰ ਲੁਕਣਾ ਨਹੀਂ ਸੀ ਚਾਹੀਦਾ। ਅਨੇਕ ਘੂਰਦੀਆਂ ਹੋਈਆਂ ਨਜ਼ਰਾਂ ਦਾ ਸਾਹਮਣਾ ਕਰਨਾ ਚਾਹੀਦਾ ਸੀ। ਜੇ ਉਸ ਲੁਕਣਾ ਹੀ ਸੀ ਤਾਂ ਫਿਰ ਮੇਰੇ ਨਾਟਕ ਕਰਨ ਦੀ ਕੀ ਲੋੜ ਸੀ ? ਪਰ ਉਸ ਨੂੰ ਇਸ ਨਾਟਕ ਦਾ ਪਤਾ ਹੋਵੇ ਤਦ ਨਾ ? ਉਹ ਤਾਂ ਕਿਤੇ ਲੁਕਿਆ ਹੋਵੇਗਾ, ਸਭ ਤੋਂ ਅੱਡ, ਜਿਥੇ ਉਸ ਨੂੰ ਕੋਈ ਵੇਖ ਨਾ ਸਕੇ ! ਉਸ ਨੂੰ ਕਿਵੇਂ ਪਤਾ ਹੋਵੇਗਾ, ਅਤੇ ਪਤਾ ਹੋਵੇ ਵੀ, ਤਾਂ ਕੀ ਚੌਧਰੀ ਅਤੇ ਦੂਸਰੇ ਬਾਬੂ ਲੋਕਾਂ ਦਾ ਡਰ ਉਸ ਨੂੰ ਆਪਣੇ ਲੁਕਣ ਦੀ ਥਾਂ ਤੋਂ ਨਿਕਲਣ ਦੇਵੇਗਾ ?

ਕਿਤੇ ਲੁਕਿਆ ਬੈਠਾ ਸੋਚ ਰਿਹਾ ਹੋਵੇਗਾ : ਕਿਸ ਤਰ੍ਹਾਂ ਜਾਵਾਂ ਲੋਕਾਂ ਦੇ ਸਾਹਮਣੇ ? ਲੋਕਾਂ ਦੀਆਂ ਨਜ਼ਰਾਂ ਵਿਚ ਚੋਰ ਬਣ ਗਿਆ ਹਾਂ। ਉਥੇ ਜਾਂਦਿਆਂ ਹੀ ਢੇਰ ਸਾਰੀਆਂ ਨਜ਼ਰਾਂ ਮੈਨੂੰ ਘੂਰਨਗੀਆਂ। ਕੋਈ ਇਹ ਨਹੀਂ ਪੁਛੇਗਾ ਕਿ ਚੋਰੀ ਕਿਉਂ ਕੀਤੀ, ਸਭ ਸਜਾਵਾਂ ਤਜਵੀਜ਼ ਕਰਨਗੇ, ਪਤਾ ਨਹੀਂ ਕੀ ਸਜ਼ਾ ਦੇਣ ? ਸਭ ਤੋਂ ਪਹਿਲਾਂ ਤਾਂ ਬਾਬੂ ਲੋਕ ਥੱਪੜਾਂ, ਲੱਤਾਂ-ਹੂਰਿਆਂ ਨਾਲ ਖੂਬ ਮੁਰੰਮਤ ਕਰਨਗੇ। ਫਿਰ, ਹੋ ਸਕਦਾ ਹੈ, ਗੱਲ ਸੁਪਰਿਟੈਂਡੈਂਟ ਤੱਕ ਜਾਵੇ, ਵਾਰਡਨ ਤਕ ਜਾਵੇ, ਵੀ. ਸੀ. ਤਕ ਜਾਵੇ। ਇਹ ਵੀ ਹੋ ਸਕਦਾ ਹੈ ਕਿ ਮੈਨੂੰ ਜੁਰਮਾਨਾ ਕੀਤਾ ਜਾਵੇ। ਇਹ ਵੀ ਹੋ ਸਕਦਾ ਹੈ ਕਿ ਮੈਨੂੰ ਜੁਰਮਾਨਾ ਕੀਤਾ ਜਾਵੇ, ਜਾਂ ਨੌਕਰੀ ਤੋਂ ਹੀ ਕੱਢ ਦਿੱਤਾ ਜਾਵੇ ... ...।

ਲੁਕਾਇਆ ਉਸ ਨੂੰ ਉਸਦੇ ਸਾਥੀਆਂ ਨੇ ਹੀ ਹੈ। ਉਸਦੇ ਸਾਥੀ ਨਹੀਂ ਚਾਹੁੰਦੇ ਕਿ ਉਹ ਕੁਟਿਆ ਜਾਵੇ। ਉਹ ਇਹ ਵੀ ਨਹੀਂ ਚਾਹੁੰਦੇ ਕਿ ਉਸ ਨੂੰ ਚੋਰ ਸਮਝਿਆ ਜਾਵੇ, ਪਰ ਆਪਣੇ ਸਾਥੀਆਂ ਤੇ ਵੀ ਉਸ ਨੂੰ ਭਰੋਸਾ ਘੱਟ ਹੀ ਹੋਵੇਗਾ। ਸੋਚ ਰਿਹਾ ਹੋਵੇਗਾ ਕਿ ਸਜ਼ਾ ਮਿਲਣ ਤੇ ਉਸ ਦੇ ਨਾਲ ਦੇ ਉਸ ਦੇ ਹੱਕ ਵਿਚ ਉੱਠ ਖਲੋਣਗੇ ਅਤੇ ਉਸ ਦੇ ਪੱਖ ਵਿਚ ਗਲ ਕਰਨ ਦੀ ਜੁਅਰੱਤ ਨਹੀਂ ਕਰਨਗੇ। ਆਖਰ ਉਸ ਦੇ ਨਾਲ ਦੇ ਵੀ ਤਾਂ ਉਸੇ ਨੈਤਿਕਤਾ ਦੇ ਸ਼ਿਕਾਰ ਹਨ ਜਿਸ ਦੇ ਬਾਬੂ ਲੋਕ। ਉਹਨਾਂ ਦੀਆਂ ਨਜ਼ਰਾਂ ਵਿਚ ਵੀ ਉਸ ਨੇ ਗ਼ਲਤ ਕੰਮ ਹੀ ਕੀਤਾ ਹੈ; ਭਾਵੇਂ ਉਹ ਉਹਨਾਂ ਹਾਲਤਾਂ ਅਤੇ ਉਸ ਨੂੰ ਇਸ ਤਰ੍ਹਾਂ ਕਰਨਾ ਪਿਆ। ਆਖਰ ਉਸ ਦੇ ਸਾਥੀ ਵੀ ਇਹਨਾਂ ਹਾਲਤਾਂ ਨਾਲ ਦੋ-ਚਾਰ ਹੁੰਦੇ ਹਨ, ਇਸ ਤਰ੍ਹਾਂ ਦੀਆਂ ਮਜਬੂਰੀਆਂ ਉਹਨਾਂ ਦੇ ਸਾਹਮਣੇ ਵੀ ਆਉਂਦੀਆਂ ਹਨ ਅਤੇ ਕਦੀ-ਕਦਾਈ ਉਹ ਵੀ ਇਸੇ ਤਰ੍ਹਾਂ ਦਾ ਕੰਮ ਕਰਦੇ ਹਨ। ਪਰ ਗਲ ਫੜੇ ਜਾਣ ਦੀ ਹੁੰਦੀ ਹੈ, ਜੋ ਫੜਿਆ ਜਾਂਦਾ ਹੈ, ਉਹੀ ਚੋਰ ਹੈ।

ਭੈਰੋਂ ਦੀ ਚੋਰੀ ਫੜੀ ਗਈ ਹੈ। ਇਸ ਲਈ ਉਹ ਇਹ ਸੋਚ ਰਿਹਾ ਹੋਵੇਗਾ ਕਿ ਉਹ ਜਦੋਂ ਫੜਿਆ ਜਾਵੇਗਾ ਅਤੇ ਬਾਬੂ ਲੋਕ ਉਸ ਨੂੰ ਕੁਟਣਗੇ ਤਾਂ ਉਸਦੇ ਸਾਥੀ ਬਾਬੂਆਂ ਦੇ ਖਿਲਾਫ ਕੁਝ ਨਹੀਂ ਬੋਲਣਗੇ, ਉਸਦੇ ਕੋਲ ਆ ਕੇ ਉਸ ਨੂੰ ਬਚਾਣ ਲਈ ਕੁਝ ਨਹੀਂ ਕਰਨਗੇ, ਭਾਵੇਂ ਦੂਰ ਖਲੋਤੇ ਲਹੂ ਦੇ ਘੁੱਟ ਪੀਂਦੇ ਰਹਿਣ ਅਤੇ ਕਦੀ ਸਮਾਂ ਆਉਣ ਤੇ ਬਦਲਾ ਲੈਣ ਬਾਰੇ ਸੋਚ ਰਹੇ ਹੋਣ। ਉਹ ਜਾਣਦਾ ਹੈ ਕਿ ਉਹਨਾਂ ਲੋਕਾਂ ਦੇ ਮਨਾਂ ਵਿਚ ਬਾਬੂ ਲੋਕਾਂ ਵਿਰੁਧ ਨਫ਼ਰਤ ਦੀ ਅਗ ਭਰੀ ਹੋਈ ਹੈ, ਜਿਸ ਵਿਚ ਉਹ ਸੜਦੇ ਰਹਿੰਦੇ ਹਨ, ਅਤੇ ਹੁਣ ਬਾਬੂਆਂ ਦੇ ਅਤਿਆਚਾਰਾਂ ਨੂੰ ਜ਼ਿਆਦਾ ਸਹਿਣ ਨਹੀਂ ਕਰਦੇ, ਲੜ ਪੈਂਦੇ ਹਨ। ਪਰ ਇਸ ਸਮੇਂ ਤਾਂ ਗਲ ਹੀ ਹੋਰ ਹੈ। ਬਾਬੂ ਲੋਕਾਂ ਦੀਆਂ ਨਜ਼ਰਾਂ ਵਿਚ ਤਾਂ ਉਹ ਗੁਨਾਹਗਾਰ ਹੈ ਹੀ, ਆਪਣਿਆਂ ਦੀਆਂ ਅਤੇ ਖੁਦ ਦੀਆਂ ਨਜ਼ਰਾਂ ਵਿਚ ਡਿੱਗ ਗਿਆ ਹੈ ਉਹ। ਇਸ ਹਾਲਤ ਵਿਚ ਕਿਵੇਂ ਸਾਹਮਣੇ ਆਵੇ ? ਅਤੇ ਸਾਥੀਆਂ ਨੂੰ ਕਿਸ ਮੂੰਹ ਨਾਲ ਆਖੇ ਕਿ ਮੇਰਾ ਸਾਥ ਦਿਓ ?

ਭੈਰੋਂ ਇਸ ਸਮੇਂ ਜਿਥੇ ਵੀ ਹੋਵੇ ਜ਼ਰੂਰ ਇਹੋ ਸੋਚ ਰਿਹਾ ਹੋਵੇਗਾ ਅਤੇ ਸੋਚ ਸੋਚ ਕੇ ਘਬਰਾ ਰਿਹਾ ਹੋਵੇਗਾ। ਪਰ ਮੈਂ ਇਸ ਤਰ੍ਹਾਂ ਨਹੀਂ ਸੋਚਦਾ। ਉਸਦੇ ਨਾਲਦੇ ਵੀ ਇਸ ਤਰ੍ਹਾਂ ਨਹੀਂ ਸੋਚਦੇ ਅਤੇ ਮੈਨੂੰ ਵਿਸ਼ਵਾਸ਼ ਹੈ ਕਿ ਮੇਰੇ ਕੁਝ ਮਿੱਤਰ ਵੀ ਇਸ ਤਰ੍ਹਾਂ ਨਹੀਂ ਸੋਚਦੇ। ਭਾਵੇਂ ਇਹ ਮੈਂ ਜਾਣਦਾ ਹਾਂ ਕਿ ਭੈਰੋਂ ਨੂੰ ਨਿਰਦੋਸ਼ ਮੰਨਣ ਵਾਲੇ ਲੋਕ ਜ਼ਿਆਦਾ ਨਹੀਂ ਹੋਣਗੇ। ਇਸ ਤਰ੍ਹਾਂ ਦੇ ਬਹੁਤ ਘੱਟ ਲੋਕ ਹੋਣਗੇ ਜੋ ਮੂੰਹ ਤੇ ਕਹਿ ਸਕਣ ਕਿ ਪ੍ਰਚਲਤ ਨੈਤਿਕਤਾ ਸਾਨੂੰ ਜਿਵੇਂ ਮਰਜ਼ੀ ਵੇਖੇ, ਅਸੀਂ ਭੈਰੋਂ ਦੇ ਨਾਲ ਹਾਂ ਅਤੇ ਨਾਲ ਹੀ ਰਹਾਂਗੇ।

ਇਸ ਯੂਨੀਵਰਸਟੀ ਵਿਚ ਪੜ੍ਹਨ ਵਾਲੇ ਤੇ ਇਸ ਹੋਸਟਲ ਵਿਚ ਰਹਿਣ ਵਾਲੇ ਬਾਬੂ ਲੋਕਾਂ ਨੂੰ ਮੈਂ ਜਾਣਦਾ ਹਾਂ। ਇਹਨਾਂ ਵਿਚੋਂ ਜ਼ਿਆਦਾ ਜਿਸ ਵਰਗ ਵਿਚੋਂ ਆਉਂਦੇ ਹਨ, ਉਸ ਵਰਗ ਦੇ ਚਰਿਤਰ ਨੂੰ ਵੀ ਮੈਂ ਜਾਣਦਾ ਹਾਂ। ਇਥੋਂ ਉੱਚੀ ਪੜ੍ਹਾਈ ਕਰਨ ਤੋਂ ਬਾਦ

ਇਹ ਕਿਸ ਵਰਗ ਦੇ ਪੈਰ ਚੱਟਦੇ ਹਨ, ਇਹ ਵੀ ਮੈਂ ਜਾਣਦਾ ਹਾਂ। ਅਤੇ ਇਹ ਤਾਂ ਜਾਣਦਾ ਹਾਂ ਕਿ ਇਥੇ ਕਿਸ ਤਰ੍ਹਾਂ ਦੀ ਤੇ ਕਿਹੜੇ ਲੋਕਾਂ ਦੀ ਸੇਵਾ ਦੇ ਲਈ ਪੜ੍ਹਾਈ ਕਰਵਾਈ ਜਾਂਦੀ ਹੈ। ਇਸ ਲਈ ਮੈਂ ਇਹ ਵੀ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਭੈਰੋਂ ਦਾ ਸਾਥ ਕਿੰਨੇ ਲੋਕ ਦੇਣਗੇ।

ਯੂਨੀਵਰਸਿਟੀ ਸ਼ਹਿਰ ਦੀ ਹਲਚਲ ਤੋਂ ਦੂਰ ਅਤੇ ਸ਼ਾਂਤ ਹੈ। ਇਥੋਂ ਦਾ ਵਾਯੂ-ਮੰਡਲ ਚੰਗਾ ਹੈ। ਪੱਛਮ ਵਲ ਦੂਰ ਤੱਕ ਫੈਲੇ ਹੋਏ ਤਾੜ ਦੇ ਰੁੱਖ ਅਤੇ ਪੂਰਬ ਵਲ ਬਣੇ ਬੁਧ-ਮੰਦਿਰ ਬੜੇ ਦਿਲਕਸ਼ ਹਨ। ਸੂਰਜ ਦਾ ਚੜ੍ਹਨਾ ਅਤੇ ਡੁੱਬਣਾ ਦੋਵੇਂ ਮਨ-ਭਾਉਣੇ ਲੱਗਦੇ ਹਨ। ਹਵਾ ਤਾਂ ਐਸੀ ਚਲਦੀ ਹੈ ਕਿ ਦਿਲੋ ਦਿਮਾਗ ਤੇ ਸਰੂਰ ਆ ਜਾਂਦਾ ਹੈ। ਇਥੇ ਦੇ ਹੋਸਟਲ ਵੀ ਬਹੁਤ ਖੂਬਸੂਰਤ ਅਤੇ ਹਵਾਦਾਰ ਹਨ। ਬਾਬੂਆਂ ਨੂੰ ਸਾਰੇ ਸੁਖ ਮਿਲਦੇ ਹਨ।

ਸਾਡਾ ਹੋਸਟਲ ਵੀ ਕੁਝ ਘੱਟ ਨਹੀਂ ਬਾਬੂ ਲੋਕਾਂ ਨੂੰ ਸੁਖ-ਆਰਾਮ ਦੇਣ ਵਿਚ। ਪਰ ਇਥੇ ਖਾਣੇ ਦਾ ਪ੍ਰਬੰਧ ਬਾਬੂ ਲੋਕਾਂ ਦੇ ਹਿੱਸੇ ਹੈ। ਯੂਨੀਵਰਸਟੀ ਦੇ ਭਾਂਡੇ ਅਤੇ ਨੌਕਰ ਮਿਲ ਜਾਂਦੇ ਹਨ। ਖਰੀਦ-ਫਰੋਖਤ ਅਤੇ ਹਿਸਾਬ-ਕਿਤਾਬ ਬਾਬੂ ਲੋਕ ਕਰਦੇ ਹਨ। ਇਸ ਤਰ੍ਹਾਂ ਵਿਦਿਆਰਥੀ ਬਾਬੂਆਂ ਦੀ ਮੈਨੇਜਰੀ ਹੇਠ ਚਾਰ-ਪੰਜ ਮੈਸ ਚਲਦੇ ਹਨ। ਸਭ ਹੋਸਟਲਾਂ ਵਿਚ ਵੀਹ-ਪੰਝੀ ਵਿਦਿਆਰਥੀ ਹਨ। ਕੁਲ ਮਿਲਾ ਕੇ ਸੌ ਕੁ ਵਿਦਿਆਰਥੀ ਬਾਬੂ ਰਹਿੰਦੇ ਹਨ।

ਬਾਬੂਆਂ ਦੀ ਸੇਵਾ ਲਈ ਅੱਠ ਨੌਕਰ ਹਨ। ਮਾਸਕ 75 ਰੁਪੈ ਵਿਚ। ਰੋਜ਼ ਦੇ ਢਾਈ ਰੁਪੈ ਦੇ ਹਿਸਾਬ ਨਾਲ ਹੀ ਇਹ ਰੋਜ਼ ਦੇ ਨੌਕਰ ਹਨ। ਕਦੀ ਬਿਮਾਰ ਪੈ ਗਏ ਜਾਂ ਨਾ ਆਏ ਤਾਂ ਉਸ ਦਿਨ ਦੇ ਪੈਸੇ ਕੱਟ ਲਏ ਜਾਣਗੇ। ਇਹਨਾਂ ਦੀ ਹਾਜ਼ਰੀ ਮੈਨੇਜਰ ਸਾਹਿਬ ਲਾਉਂਦੇ ਹਨ। ਕਦੀ ਉਹਨਾਂ ਦੇ ਮਨ-ਮਰਜ਼ੀ ਦੀ ਗਲ ਨਾ ਹੋਵੇ ਅਤੇ ਉਹ ਗੁੱਸਾ ਖਾ ਜਾਣ ਤਾਂ ਹਾਜ਼ਰੀ ਕੱਟੀ ਜਾਵੇਗੀ। ਮੈਸ ਦੀ ਪਲੇਟ ਟੁੱਟੀ, ਮਜ਼ਦੂਰੀ ਕੱਟੀ ਗਿਲਾਸ-ਗਾਇਬ ਹੋਇਆ – ਯਾਨੀ ਕਿਸੇ ਬਾਬੂ ਦੇ ਕਮਰੇ ਦੀ ਸ਼ੋਭਾ ਵਧਾਉਣ ਲੱਗਾ – ਮਜ਼ਦੂਰੀ ਕੱਟੀ। ਪਿਛਲੇ ਸੁਪਰਿਡੈਂਟ ਨੇ ਤਾਂ ਹਰੇਕ ਦੇ ਨਾਂ ਢਾਈ-ਢਾਈ ਸੌ ਰੁਪੈ ਕੱਟਣ ਲਈ ਚੜ੍ਹਾ ਦਿੱਤੇ ਸਨ।

ਇਸ ਤਰ੍ਹਾਂ ਵੀ ਕੱਟੀ ਜਾ ਰਹੇ ਹਨ ਇਹ ਜੀਵ। ਸਵੇਰੇ ਪੰਜ ਵਜੇ ਤੋਂ ਰਾਤ ਦੇ ਬਾਰਾਂ ਵਜੇ ਤਕ ਬਾਬੂਆਂ ਦੀ ਸੇਵਾ ਵਿਚ ਇਕ ਲੱਤਦੇ ਭਾਰ ਖੜ੍ਹੇ ਰਹਿੰਦੇ ਹਨ ਫਿਰ ਵੀ ਝਿੜਕਾਂ ਅਤੇ ਗਾਲਾਂ ਸੁਣਦੇ ਹਨ। ਕਦੀ – ਕਦੀ ਡੰਡਾ ਵੀ ਲੱਗ ਜਾਂਦਾ ਹੈ। ਇਹਨਾਂ ਦੇ ਰਹਿਣ ਅਤੇ ਸੌਣ ਲਈ ਇਥੇ ਕੋਈ ਥਾਂ ਨਹੀਂ ਹੈ। ਰਾਤ ਕੱਟਣ ਲਈ ਕਿਸੇ ਨੁੱਕਰ ਵਿਚ ਜਾਂ ਥੜ੍ਹੇ ਤੇ ਪਏ ਰਹਿੰਦੇ ਹਨ। ਐਨਾ ਕੁਝ ਵੇਖਦੇ ਹੋਏ ਵੀ ਕੌਣ ਇਹਨਾਂ ਦੇ ਨਾਲ ਨਹੀਂ ਹੋਵੇਗਾ? ਕਿਹਨੂੰ ਇਹਨਾਂ ਨਾਲ ਹਮਦਰਦੀ ਨਹੀਂ ਹੋਵੇਗੀ? ਆਦਮੀ ਇਸ ਤੋਂ ਵਧ ਹੋਰ ਕੀ ਮਹਾਨ ਹੋ ਸਕਦਾ ਹੈ? ਇਹਨਾਂ ਦੀ ਹਾਲਤ ਵੇਖ ਕੇ ਮੇਰਾ ਮਨ ਬੜਾ ਬੇਚੈਨ ਰਹਿੰਦਾ ਹੈ। ਆਪਣੇ ਗਰੀਬ ਕਿਸਾਨ ਪਿਤਾ ਅਤੇ ਵੱਡੇ ਭਰਾ ਅੱਖਾਂ ਸਾਹਮਣੇ ਆ ਖੜੇ ਹੁੰਦੇ ਹਨ, ਜੋ ਕੁਝ ਅੱਡ ਹਾਲਤਾਂ ਵਿਚ ਪਰ ਇਹਨਾਂ ਦੀ ਤਰ੍ਹਾਂ ਲੁੱਟੀਂਦੇ ਹਨ। ਅਤੇ ਰਹਿ ਰਹਿ ਕੇ ਮੇਰੇ ਮਨ ਵਿਚ ਇਹ ਸਵਾਲ ਉਠਿਆ ਕਰਦਾ ਹੈ: ਸਾਡੀ ਪੜ੍ਹਾਈ ਇਹਨਾਂ ਵਰਗੇ ਲੋਕਾਂ ਲਈ ਕਿਥੋਂ ਤੱਕ ਸਾਰਥਕ ਹੈ? ਸਾਰਥਕ ਹੈ ਵੀ ਨਹੀਂ?

ਕਲ੍ਹ ਦੀ ਭੈਰੋਂ ਵਾਲੀ ਘਟਨਾ ਨੇ ਤਾਂ ਮੈਨੂੰ ਬਹੁਤ ਉਦਾਸ ਕਰ ਦਿੱਤਾ ਹੈ। ਬਾਹਰੋਂ ਆ ਕੇ ਮੂੜ੍ਹੇ ਤੇ ਬੈਠਾ ਹੀ ਸਾਂ ਕਿ ਲਖਨ ਅਤੇ ਵਿਕਾਸ ਦੌੜੇ ਅਤੇ ਘਾਬਰੇ ਹੋਏ ਆਏ।

"ਗਜ਼ਬ ਹੋ ਗਿਆ ਜੀ!" ਅੰਦਰ ਆ ਕੇ ਉਹਨਾਂ ਦਰਵਾਜ਼ਾ ਬੰਦ ਕਰ ਲਿਆ।

"ਕੀ ਹੋਇਆ?" ਮੇਰਾ ਜੀਅ ਧੱਕ-ਧੱਕ ਕਰਨ ਲੱਗਾ, ਅੱਜ ਰਾਮਸਿਆ ਦੀ ਮੈਸ ਵਿਚੋਂ ਸ਼ਾਮ ਨੂੰ ਰਜੀਵ ਬਾਬੂ ਪਾਣੀ ਪੀਣ ਗਏ। ਉਥੇ ਉਹਨਾਂ ਨੇ ਇਕ ਪੋਟਲੀ ਵਿਚ ਚਾਵਲ ਰਖੇ ਹੋਏ ਵੇਖੇ। ਜਾ ਕੇ ਰਾਮਸਿਆ ਤੋਂ ਪੁਛਿਆ। ਰਾਮਸਿਆ ਨੇ ਕਹਿ ਦਿਤਾ ਕਿ ਭੈਰੋਂ ਦੇ ਹਨ। ਭੈਰੋਂ ਚੌਧਰੀ ਦੀ ਮੈਸ ਵਿਚ ਹੈ। ਉਹਨਾਂ ਦਾ ਸਟੋਰ ਵਖਰਾ ਹੈ। ਜੋ ਰਜੀਵ ਬਾਬੂ ਚੌਧਰੀ ਕੋਲ ਗਏ ਕਿ ਰਾਮਸਿਆ ਦੀ ਮੈਸ ਵਿਚ ਭੈਰੋਂ ਨੇ ਚਾਵਲ ਰਖੇ ਹਨ, ਤੁਹਾਡੇ ਸਟੋਰ ਤੋਂ ਨਹੀਂ ਲੈ ਗਿਆ। ਚੌਧਰੀ ਵੇਖਣ ਗਿਆ ਤਾਂ ਚਾਵਲ ਲੈ ਆਇਆ। ਹੁਣ ਉਹ ਕਹਿੰਦੇ ਹਨ ਕਿ ਇਹ ਚਾਵਲ ਭੈਰੋਂ ਮੈਸ ਵਿਚੋਂ ਚੋਰੀ ਕਰਕੇ ਲਿਆਇਆ ਹੈ ਅਤੇ ਘਰ ਖੜਨ ਲਈ ਰੱਖੇ ਹਨ – – – – ਹੁਣ ਉਹ ਮੈਸ ਦੇ ਚੌਲ ਤੋਲਣ ਲਈ ਤੱਕੜੀ ਲਭ ਰਹੇ ਹਨ – – – ਤਦ ਤਕ – –।

"ਕਿੰਨੇ ਚੌਲ ਹਨ?"

"ਇਹੋ ਕੋਈ ਚਾਰ ਕਿਲੋ, ਜੀ।"

"ਭੈਰੋਂ ਨੇ ਸੱਚ ਮੁੱਚ ਮੈਸ ਵਿਚੋਂ ਚੌਲ ਲਏ ਹਨ?"

ਲਖਨ ਥੋੜਾ ਜਿਹਾ ਘਬਰਾਇਆ ਪਰ ਮਿੰਤਨ ਭਰੇ ਲਹਿਜੇ ਵਿਚ ਬੋਲਿਆ, "ਉਸ ਦੇ ਘਰੋਂ ਸੁਨੇਹਾ ਆਇਆ ਸੀ, ਕਿ ਬਾਲ-ਬੱਚੇ ਕਲ੍ਹ ਤੋਂ ਭੁੱਖੇ ਹਨ ਪਰ ਤਨਖਾਹ ਮਿਲਣ ਵਿਚ ਹਫਤਾ ਪਿਆ ਹੈ, ਉਧਾਰ ਕੋਈ ਦੇਂਦਾ ਨਹੀਂ ਜੀ – – – ਮਜਬੂਰੀ ਕਰਕੇ ਭੈਰੋਂ ਇਸ ਤਰ੍ਹਾਂ ਕਰ ਬੈਠਿਆ ਹੈ – – – ਹੁਣ ਗ਼ਲਤੀ ਤਾਂ ਉਸ ਤੋਂ ਹੋ ਗਈ ਹੈ, ਤੁਸੀਂ ਉਸ ਨੂੰ ਬਚਾ ਲਵੋ ......।"

"ਅਸੀਂ ਤੁਹਾਡੇ ਕੋਲ ਏਸੇ ਲਈ ਆਏ ਹਾਂ ਕਿ ਸਿਰਫ ਤੁਸੀਂ ਹੀ ਉਸ ਲਈ ਕੁਝ ਕਰ ਸਕਦੇ ਹੋ। ਅਸੀਂ ਤੁਹਾਡਾ ਸੁਭਾਅ ਜਾਣਦੇ ਹਾਂ ਜੀ – – –।" ਲਖਨ ਨੇ ਵਿਲਾਸ ਦੀ ਗਲ ਪੂਰੀ ਕੀਤੀ।

"ਭੈਰੋਂ ਕਿਥੇ ਹੈ ?" ਮੈਂ ਸੋਚਣ ਲਗ ਪਿਆ ਚੌਧਰੀ ਉਸ ਨੂੰ ਕੁੱਟੇ ਬਿਨਾਂ ਨਹੀਂ ਛੱਡਣ ਲੱਗਾ।

"ਅਸੀਂ ਉਸ ਨੂੰ ਲੁਕਾ ਦਿੱਤਾ ਹੈ ਜੀ, ਚੌਧਰੀ ਜੀ ਉਸ ਨੂੰ ਲਭ ਰਹੇ ਹਨ – – –।" "ਚੌਧਰੀ ਨਾਲ ਜਾ ਕੇ ਗਲ ਕਰਾਂ ? ਉਸ ਨੂੰ ਸਮਝਾਵਾਂ ?" ਘਬਰਾਹਟ ਵਿਚ ਹੋਰ ਕੁਝ ਨਾ ਸੁਝਣ ਤੇ ਮੈਂ ਪੁੱਛਿਆ।

"ਨਹੀਂ ਜੀ, ਤਦ ਤਾਂ ਉਸ ਦੀ ਹਾਲਤ ਹੋਰ ਜ਼ਿਆਦਾ ਵਿਗਾੜ ਦੇਣਗੇ ਲੋਕ – – – ਇਸ ਤਰ੍ਹਾਂ ਕਰੋ ਤੁਸੀਂ, ਇਹੋ ਇਕ ਰਾਹ ਹੈ, ਕਿ ਤੁਸੀਂ ਚਾਰ ਕਿਲੋ ਚੌਲ ਸਾਨੂੰ ਦੇ ਦੇਵੋ – – – ਅਸੀਂ ਜਾ ਕੇ ਉਹਨਾਂ ਨੂੰ ਮੈਸ ਦਿਆਂ ਚੌਲਾਂ ਵਿਚ ਕਿਸੇਤਰ੍ਹਾਂ ਰਲਾ ਦੇਂਦੇ ਹਾਂ – –।"

"ਅਤੇ ਉਹ ਚੋਰੀ ਦੇ ਚੌਲ ? ਉਸਦਾ ਕੀ – – ?

"ਉਸਦੇ ਬਾਰੇ ਵੀ ਸੋਚ ਲਿਆ ਹੈ ਜੀ। ਤੁਸੀਂ ਇੰਝ ਕਰੋ ਕਿ ਉਧਰੋਂ ਭੈਰੋਂ ਨੂੰ ਬੁਲਾਕੇ ਕਹੋ ਕਿ ਮੈਂ ਕਲ੍ਹ ਚੌਲ ਲਿਆਉਣ ਲਈ ਜੋ ਰੁਪੈ ਦਿਤੇ ਸਨ, ਉਹ ਚੌਲ ਆਂਦੇ ਕਿ ਨਹੀਂ ? ਲਿਆਂਦੇ ਹਨ ਤਾਂ ਲੈ ਆ – – – ਤੁਸੀਂ, ਸਿਰਫ ਤੁਸੀਂ ਹੀ ਇਸ ਤਰ੍ਹਾਂ ਕਰ ਸਕਦੇ ਹੋ, ਕਿਉਂਕਿ ਤੁਸੀਂ ਖੁਦ ਖਾਣਾ ਪਕਾਉਂਦੇ ਹੋ। ਓਧਰ ਚੌਧਰੀ ਜੀ ਤੁਹਾਡੀ ਗਲ ਸੁਣ ਲੈਣਗੇ, ਏਧਰ ਅਸੀਂ ਆਣਕੇ ਉਹਨਾਂ ਨੂੰ ਕਹਾਂਗੇ ਕਿ ਭੈਰੋਂ ਪਤਾ ਨਹੀਂ ਕਿਥੇ ਚਲਾ ਗਿਆ ਹੈ, ਸੰਤੋਸ਼ ਬਾਬੂ ਆਪਣੇ ਚੌਲ ਮੰਗ ਰਹੇ ਹਨ – – – ਖਰੀਦਨ ਲਈ ਉਹਨਾਂ ਪੈਸੇ ਦਿਤੇ ਸੀ ਭੈਰੋਂ ਨੂੰ, ਇਹ ਚੌਲ ਉਹਨਾਂ ਦੇ ਹੀ ਹਨ, ਭੈਰੋਂ ਬਾਜ਼ਾਰੋਂ ਖਰੀਦਕੇ ਲਿਆਇਆ ਹੈ। ਅਤੇ ਜੇ ਚੌਧਰੀ ਜੀ ਮੰਨ ਗਏ ਤਾਂ ਉਹ ਚੌਲ ਚੌਧਰੀ ਜੀ ਕੋਲੋਂ ਮੰਗ ਕੇ ਅਸੀਂ ਲੈ ਆਵਾਂਗੇ – – –।"

ਲਖਨ ਦੀ ਇਹ ਗੱਲ ਮੈਨੂੰ ਜੱਚ ਗਈ। ਉਹਨਾਂ ਦੋਵਾਂ ਨੂੰ ਸੁਝ ਤੇ ਖੁਸ਼ੀ ਵੀ ਹੋਈ। ਆਖਿਆ, "ਚੌਲ ਤਾਂ ਪਏ ਹਨ ਲੈ ਲਵੋ, ਪਰ ਚਾਰ ਕਿਲੋ ਤੋਲੋਗੇ ਕਿਵੇਂ ? ਤੱਕੜੀ ਕਿਥੇ ਹੈ ?"

"ਅੰਦਾਜ਼ੇ ਨਾਲ ਹੀ ਲੈ ਜਾਵਾਂਗੇ ਜੀ – –।"

ਲਖਨ ਅਤੇ ਵਿਲਾਸ ਚੌਲ ਲੈ ਕੇ ਚਲੇ ਗਏ। ਥੋੜੀ ਦੇਰ ਬਾਅਦ ਮੈਂ ਬਾਹਰ ਬਰਾਂਡੇ ਵਿਚ ਜਾ ਕੇ ਭੈਰੋਂ ਨੂੰ ਆਵਾਜ਼ ਮਾਰੀ ਅਤੇ ਸੁਣਾ ਕੇ ਕਹਿਣ ਲਗਾ ਕਿ ਮੈਂ ਚੌਲ ਲਿਆਉਣ ਲਈ ਪੈਸੇ ਦਿੱਤੇ ਸਨ, ਸੋ ਚੌਲ ਲਿਆਂਦੇ ਹਨ ਕਿ ਨਹੀਂ ? ਯਾਰ,ਕਿੱਥੇ ਏਂ, ਜਲਦੀ ਕਰ, ਖਾਣਾ ਬਣਾਉਣਾ ਹੈ, ਬੜੀ ਤੇਜ਼ ਭੁੱਖ ਲੱਗੀ ਹੈ – –।

ਪਰ ਭੈਰੋਂ ਨਾ ਆਇਆ। ਚੌਲ ਵੀ ਨਾ ਆਏ। ਮੈਂ ਥੱਕਿਆ ਹੋਇਆ ਤਾਂ ਸੀ ਹੀ। ਜਲਦੀ-ਜਲਦੀ ਤਿੰਨ-ਚਾਰ ਰੋਟੀਆਂ ਸੇਕੀਆਂ ਅਤੇ ਭੁੱਖ ਮਿਟਾ ਲਈ। ਵਿਚੋਂ-ਵਿਚੋਂ ਮੈਨੂੰ ਆਪਣੀ ਨਾਟਕੀ ਆਵਾਜ਼ ਤੇ ਹਾਸਾ ਵੀ ਆਉਂਦਾ ਰਿਹਾ। ਅੰਦਰੋਂ ਖੁਸ਼ ਵੀ ਹੁੰਦਾ ਸਾਂ ਕਿ ਇਸ ਨਾਟਕ ਨਾਲ ਸ਼ਾਇਦ ਭੈਰੋਂ ਬਚ ਜਾਵੇ – –।

ਇਹ ਜਾਣਦੇ ਹੋਏ ਵੀ ਕਿ ਮੈਂ ਠੀਕ ਕੀਤਾ ਹੈ, ਰਹਿ-ਰਹਿਕੇ ਇਕ ਨੈਤਿਕਤਾਵਾਦੀ ਸਵਾਲ ਉੱਠਦੇ ਅੰਦਰੋਂ ਆਉਂਦਾ ਸੀ : ਮੈਂ ਗ਼ਲਤ ਤਾਂ ਨਹੀਂ ਕੀਤਾ ?ਜਦੋਂ ਤਕ ਨੀਂਦ ਨਹੀਂ ਆਈ ਇਸੇ ਸੋਚ ਵਿਚ ਪਿਆ ਰਿਹਾ ਕਦੀ ਸੋਚਦਾ, ਮੈਂ ਝੂਠ ਬੋਲਿਆ। ਫਿਰ ਇਹਖਿਆਲ ਆਉਂਦਾ ਕਿ ਮੈਂ ਭੈਰੋਂ ਨੂੰ ਬਚਾ ਲਿਆ। ਫਿਰ ਇਹ ਗਲ ਵੀ ਦਿਮਾਗ਼ ਵਿਚ ਆਉਂਦੀ ਕਿ ਇਸ ਤਰ੍ਹਾਂ ਭੈਰੋਂ ਬਚ ਤਾਂ ਸਕਦਾ ਹੈ, ਪਰ ਉਸ ਦੀ ਆਦਤ ਜੇ ਇਸੇ ਤਰ੍ਹਾਂ ਦੀ ਹੋਵੇ ਤਾਂ ਵਿਗੜ ਨਾ ਜਾਵੇਗੀ ? ਕਦੀ ਸੋਚਦਾ : ਇਸ ਤਰ੍ਹਾਂ ਦੀਆਂ ਆਦਤਾਂ ਪੈਂਦੀਆਂ ਹੀ ਕਿਉਂ ਹਨ ਆਦਮੀ ਨੂੰ ? ਪਰ ਇਕ ਦਮ ਉਸ ਦੇ ਦੋ ਦਿਨ ਤੋਂ ਭੁੱਖੇ ਪਰੀਵਾਰ ਦੀ ਯਾਦ ਆ ਜਾਂਦੀ ਅਤੇ ਮੈਂ ਫ਼ਿਰ ਇਹ ਸੋਚਦਾ ਕਿ ਨੈਤਿਕ ਪਤਨ ਦਿਆਂ ਕਾਰਨਾਂ ਨੂੰ ਦੂਰ ਕੀਤੇ ਬਿਨਾਂ ਕੀ ਲੋਕਾਂ ਤੋਂ ਨੈਤਿਕ ਬਣੇ ਰਹਿਣ ਦੀ ਦੀ ਉਮੀਦ ਕੀਤੀ ਜਾ ਸਕਦੀ ਹੈ।

ਇਹਨਾਂ ਗਲਾਂ ਵਲੋਂ ਧਿਆਨ ਮੋੜਨ ਲਈ ਪੜ੍ਹਨ ਬੈਠਾ, ਪਰ ਪੜ੍ਹਨਾ ਮੁਸ਼ਕਲ ਹੋ ਗਿਆ। ਪੁਸਤਕਾਂ ਫਾਲਤੂ ਲਗਣ ਲਗੀਆਂ। ਵਾਰ-ਵਾਰ ਆਪਣੇ ਆਪ ਨੂੰ ਪੁੱਛਦਾ : ਆਖਰ ਅਸੀਂ ਕਿਸ ਲਈ ਪੜ੍ਹ ਰਹੇ ਹਾਂ ? ਬਹੁਤੀ ਪੜ੍ਹਾਈ ਕਰਕੇ ਅਸੀਂ ਕਿਸ ਦੀ ਸੇਵਾ ਕਰਾਂਗੇ ? ਫਿਰ ਆਪ ਹੀ ਜੁਆਬ ਦੇਂਦਾ – ਆਪਣੇ ਜਿਉਂਦੇ ਰਹਿਣ ਅਤੇ ਪ੍ਰੀਵਾਰ ਨੂੰ ਜਿਉਂਦੇ ਰੱਖਣ ਲਈ ਰੋਜ਼ੀ ਚਾਹੀਦੀ ਹੈ ਅਤੇ ਰੋਜ਼ੀ ਲਈ ਡਿਗਰੀ। ਆਦਮੀ ਆਖਰ ਇਕੱਲਾ ਤਾਂ ਨਹੀਂ ਹੈ ਨਾਂ ! ਉਸ ਨੂੰ ਢਿੱਡ ਲੱਗਾ ਹੋਇਆ ਹੈ, ਢਿੱਡ ਅਤੇ ਟੱਬਰ।

ਅੱਜ ਕਲ ਜਮਾਤਾਂ ਲਗਣੀਆਂ ਬੰਦ ਹੋ ਗਈਆਂ ਹਨ। ਫਾਈਨਲ ਦਿਆਂ ਵਿਦਿਆਰਥੀਆਂ ਨੂੰ ਵਿਦਾ-ਇਗੀ ਦਿਤੀ ਜਾ ਚੁੱਕੀ ਹੈ ਅਤੇ ਇਮਤਿਹਾਨ ਦੀਆਂ ਤਿਆਰੀਆਂ ਹੋ ਰਹੀਆਂ ਹਨ। ਤਿਆਰੀਆਂ ਕੀ ਬਹੁਤ ਸਾਰੇ ਲੋਕ ਨੋਟਿਸ ਉਤਾਰਨ ਅਤੇ ਰੱਟਾ ਲਾਉਣ ਵਿਚ ਰੁਝੇ ਹੋਏ ਹਨ। ਨਾਲ ਹੀ ਨਾਲ ਅੰਦੋਲਨ ਵੀ ਚਲ ਰਿਹਾ ਹੈ। ਇਮਤਿਹਾਨਾਂ ਵਿਚ ਨਕਲ ਦੇ ਅਧਿਕਾਰ ਨੂੰ ਰਾਖਵਾਂ ਰੱਖਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਖਿਆਲ ਨੇ ਪੜ੍ਹਨਾ ਹੋਰ ਵੀ ਮੁਸ਼ਕਲ ਕਰ ਦਿੱਤਾ ਹੈ। ਪੂਰੀ ਵਿਦਿਆ ਪ੍ਰਨਾਲੀ ਨਾਲ ਨਫਰਤ ਹੋਣ ਲਗੀ ਹੈ। ਪ੍ਰੀਖਿਆ ਫਾਲਤੂ ਲਗਣ ਲੱਗੀ ਹੈ। ਅਤੇ ਮੈਂ ਬੈਠਾ-ਬੈਠਾ ਸੋਚਦਾ ਰਿਹਾ – ਅਸਲੀ ਪ੍ਰੀਖਿਆ ਸਾਡੀ

ਉਹੀ ਹੁੰਦੀ ਹੈ ਜਿਥੇ ਭੌਰੇ ਵਰਗ ਲੋਕਾਂ ਦੇ ਪੱਖ ਜਾਂ ਵਿਰੋਧ ਵਿਚ ਜਾਣ ਦਾ ਸਵਾਲ ਉਠਦਾ ਹੈ।

ਸਵੇਰੇ-ਸਵੇਰ ਚੌਧਰੀ ਨੇ ਦਰਵਾਜ਼ਾ ਖੜਕਾਇਆ। ਅੱਖਾਂ ਮਲਦਿਆਂ ਹੋਇਆ ਮੈਂ ਦਰਵਾਜ਼ਾ ਖੋਲ੍ਹਿਆ ਤਾਂ ਉਹ ਅੰਦਰ ਆ ਕੇ ਕੁਰਸੀ ਤੇ ਬੈਠ ਗਿਆ।

"ਦਸੋ ਚੌਧਰੀ ਜੀ, ਕੀ ਸੇਵਾ ਕਰਾਂ ? ਖੁਸ਼ਾਮਦੀ ਲਹਿਜ਼ੇ ਨਾਲ ਮੈਂ ਪੁਛਿਆ।

"ਤੁਸਾਂ ਭੈਰੋਂ ਨੂੰ ਰੁਪੈ ਦਿਤੇ ਸੀ ਬਾਜ਼ਾਰੋਂ ਚੌਲ ਲਿਆਉਣ ਲਈ ?"

"ਹਾਂ, ਦਿਤੇ ਤਾਂ ਸੀ। ਕਿਉਂ ਕੀ ਗਲ ਹੈ ? ਮੈਂ ਅਣਜਾਨ ਬਣਦਿਆਂ ਹੋਇਆਂ ਪੁਛਿਆ।

"ਕਿੰਨੇ ਚੌਲ ਮੰਗਵਾਏ ਸੀ ?"

"ਚਾਰ ਕਿਲੋ।"

"ਕਿੰਨੇ ਰੁਪਏ ਦਿਤੇ ਸੀ ?"

"ਇਹੋ ਕੋਈ ਦਸ-ਬਾਰਾਂ ਰੁਪਏ। ਲੇਕਿਨ ਤੁਸੀਂ ਇਹ ਸਭ ਕਿਉਂ ਪੁਛ ਰਹੇ ਹੋ।" ਮੈਂ ਵਿਖਾਵੇ ਲਈ ਪੁਛਿਆ।

"ਕੁਝ ਨਹੀਂ, ਐਵੇਂ ਹੀ – – ਨੌਕਰ ਸਾਲੇ ਸਭ ਬੜੇ ਚਾਲੂ ਹੋ ਗਏ ਹਨ। ਮੈਂ ਸੋਚਿਆ, ਇਹ ਚੌਲ ਭੈਰੋਂ ਮੇਰੀ ਮੈਸ ਵਿਚੋਂ ਚੋਰੀ ਕਰਕੇ ਘਰ ਨਾ ਲਿਜਾ ਰਿਹਾ ਹੋਵੇ – – ਇਹ ਸਭ ਬਿਲਕੁਲ ਹੀ ਚੰਗਾ ਨਹੀਂ ਹੈ। ਸਭ ਦੇ ਸਭ ਚੋਰ ਹਨ। ਇਥੇ ਮੈਸ ਵਿਚ ਤਿੰਨ ਚਾਰ ਵਾਰ ਖਾ ਕੇ ਡਕਾਰ ਮਾਰਦੇ ਹਨ। ਫਿਰ ਵੀ ਚੋਰੀ ਕੀਤੇ ਬਿਨਾਂ ਇਹਨਾਂ ਦਾ ਢਿੱਡ ਨਹੀਂ ਭਰਦਾ – – –।" ਚੌਧਰੀ ਆਪਣੇ ਅੰਦਰ ਦੇ ਕਾਲੇਪਨ ਨੂੰ ਉਗਲਾਣ ਲੱਗੇ।

"ਇਹ ਵਿਚਾਰੇ ਵੀ ਕੀ ਕਰਨ ਚਧਰੀ ਜੀ ?" ਮੈਂ ਆਵਾਜ਼ ਵਿਚ ਮਿਠਾਸ ਘੋਲਕੇ ਹੱਸਦੇ ਹੋਏ ਕਿਹਾ, "ਇਹਨਾਂ ਨੂੰ ਤਨਖਾਹ ਕਿੰਨੀ ਘੱਟ ਮਿਲਦੀ ਹੈ ! ਫਿਰ, ਇਹ ਇਕਲੇ ਤਾਂ ਹੈ ਨਹੀਂ, ਇਹਨਾਂ ਦੇ ਨਾਲ ਇਹਨਾਂ ਦਾ ਪਰੀਵਾਰ ਵੀ ਤਾਂ ਹੈ। ਜੇ ਇਹਨਾਂ ਦੇ ਟੱਬਰ ਦਾ ਢਿੱਡ ਨਾ ਭਰੇ ਤਾਂ ਇਹ ਕੀ ਕਰਨ ?"

"ਇਹਨਾਂ ਦੇ ਟੱਬਰ ਦਾ ਢਿੱਡ ਭਰਨ ਦਾ ਕਿਸੇ ਠੇਕਾ ਲਿਆ ਹੋਇਆ ਹੈ ? ਨਹੀਂ ਭਰਦਾ ਤਾਂ ਕਿਉਂ ਇਥੇ ਕੰਮ ਕਰਦੇ ਹਨ ? ਚਲੇ ਜਾਣ ਕਿਤੇ ਹੋਰ – –।"

"ਕਿਥੇ ਜਾਣ ਚੌਧਰੀ ਜੀ, ਇਹ ਲੋਕ ?" ਮੇਰੀ ਆਵਾਜ਼ ਬੜੀ ਮਿੱਠੀ ਸੀ, "ਹਰ ਪਾਸੇ ਹਨੇਰਾ ਪਿਆ ਹੈ। ਕਿਥੇ ਇਹਨਾਂ ਦੇ ਖੂਨ-ਪਸੀਨੇ ਦੀ ਕੀਮਤ ਮਿਲਦੀ ਹੈ ਇਹਨਾਂ ਨੂੰ ? ਸਵੇਰ ਤੋਂ ਰਾਤ ਦੇ ਇਕ ਵਜੇ ਤਕ ਤੁਹਾਡੀ ਸੇਵਾ ਵਿਚ ਖੜੇ ਰਹਿੰਦੇ ਹਨ, ਇਕ ਪਲ ਦੀ ਵੀ ਫੁਰਸਤ ਅਸੀਂ ਇਹਨਾਂ ਨੂੰ ਨਹੀਂ ਦੇਂਦੇ, ਅਤੇ ਇਸ ਦੇ ਬਦਲੇ ਕਿਹੜੀ ਚੰਗੀ ਤਨਖਾਹ ਮਿਲਦੀ ਹੈ ਇਹਨਾਂ ਨੂੰ ਯੂਨੀਵਰਸਟੀ ਵਲੋਂ ? 75 ਰੁਪੈ ਮਹੀਨੇ ਦੇ। ਉਹ ਕਟ-ਕੁਟ ਕੇ ਪੰਜਾਹ ਰਹਿ ਜਾਂਦੇ ਹਨ। ਅਤੇ ਤੁਹਾਨੂੰ ਇਹਨਾਂ ਨਾਲ ਕੋਈ ਹਮਦਰਦੀ – – –।"

"ਤਨਖਾਹ ਘਟ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਇਹ ਚੋਰੀ ਕਰਨ ? ਸਾਡਾ ਹੀ ਖਾਣਗੇ ਅਤੇ ਸਾਡੇ ਹੀ ਚੋਰੀ ਕਰਨਗੇ ?"

"ਉਹ ਕੀ ਚੋਰੀ ਕਰਨਗੇ ਚੌਧਰੀ ਜੀ, ਜੋ ਏਨੇ ਸਿਧੇ ਹਨ ਕਿ ਆਪਣੀ ਮਿਹਨਤ ਦੀ ਕਮਾਈ ਤੱਕ ਤੁਹਾਡੇ ਕੋਲੋਂ ਵਸੂਲ ਨਹੀਂ ਕਰ ਸਕਦੇ। ਉਹਨਾਂ ਦੀਆਂ ਮਜਬੂਰੀਆਂ ਹੁੰਦੀਆਂ ਹਨ ਕਿ – –।"

"ਤੁਸੀਂ ਅਜੀਬ ਗੱਲ ਕਰਦੇ ਹੋ ਸਾਹਿਬ ! ਤੁਸੀਂ ਚੋਰਾਂ ਦਾ ਪੱਖ ਲੈ ਰਹੇ ਹੋ।"

"ਗਲ ਚੋਰਾਂ ਦੀ ਨਹੀਂ, ਨੌਕਰਾਂ ਦੀ ਹੋ ਰਹੀ ਸੀ। ਉਹ ਤੁਹਾਡੇ ਲੋਕਾਂ ਦੀ ਸੇਵਾ ਵਿਚ ਹੀ ਖੂਨ ਸਾੜਦੇ ਹਨ ਅਤੇ ਤੁਹਾਡੀ ਸੇਵਾ ਕਰਦਿਆਂ ਹੀ ਉਹਨਾਂ ਦੀ ਲੁੱਟ ਹੁੰਦੀ ਹੈ। ਅਜ ਮਹਿੰਗਾਈ ਵਿਚ 75 ਰੁਪੈ ਕੋਈ ਤਨਖਾਹ ਹੈ ? ਪਰ ਤੁਹਾਡੇ ਵਰਗੇ ਬਾਬੂ ਲੋਕ ਕਿੰਨੇ ਹਮਦਰਦੀ ਜਾਂ ਮਦਦ ਕਰਦੇ ਹਨ ਉਹਨਾਂ ਦੀ ? ਉਲਟਾ ਉਹਨਾਂ ਨੂੰ ਹਰ ਸਮੇਂ ਝਿੜਕਾਂ ਪੈਂਦੀਆਂ ਹਨ। ਕੀ ਉਹ ਤੁਹਾਡੇ ਖ਼ਰੀਦੇ ਹੋਏ ਗੁਲਾਮ ਹਨ ?" ਕਹਿੰਦੇ-ਕਹਿੰਦੇ ਮੈਂ ਵੀ ਉਬਲਨ ਲੱਗਾ।"

" ਉਹ ਇਸ ਲਈ ਕਿ ਉਹ ਕੰਮਚੋਰ ਹਨ ਅਤੇ ਚੋਰ ਵੀ।"

"ਚੌਧਰੀ ਜੀ !" ਮੈਂ ਲਗ ਭਗ ਚੀਕਦੇ ਹੋਏ ਕਿਹਾ, ਜ਼ਰਾ ਆਪਣੇ ਅੰਦਰ ਝਾਤੀ ਮਾਰਕੇ ਵੇਖਿਓ। ਤੁਸੀਂ ਮੈਸ ਦੇ ਮੈਨੇਜਰ ਹੋ, ਪਰ ਮੈਸ ਲਈ ਕਿੰਨੇ ਕੰਮ ਕਰਦੇ ਹੋ ? ਮਹੀਨੇ ਵਿਚ ਕਿੰਨਾ ਖਰਚ ਕਰਦੇ ਹੋ ਅਤੇ ਕਿੰਨਾ ਦਸਦੇ ਹੋ ਲੋਕਾਂ ਨੂੰ ? ਅਜੇ ਉਸ ਦਿਨ ਤੁਸੀਂ ਵਰਮਾ ਜੀ ਨੂੰ ਹਾਸੇ-ਮਜ਼ਾਕ ਵਿਚ ਕਹਿ ਰਹੇ ਸੀ ਕਿ ਸ਼ਾਮ ਦੇ ਖਾਣੇ ਤੇ ਫੀ ਆਦਮੀ ਪੰਜ ਪੈਸੇ ਵਧਾ ਦਿਤੇ ਜਾਣ ਤਾਂ ਮਹੀਨੇ ਵਿਚ ਇਕ ਪਾਲਿਸਟਰ ਦੀ ਪੈਂਟ ਬਣ ਸਕਦੀ ਹੈ। ਅਤੇ ਵਰਮਾ ਜੀ ਨੇ ਕੀ ਕਿਹਾ ਸੀ ਤੁਹਾਨੂੰ ? ਇਹ ਕਿ ਪੰਜ ਪੈਸੇ ਵਧਾਉਣ ਨਾਲੋਂ ਦਸ ਪੈਸੇ ਦਾ ਮਾਲ ਘਟ ਖਵਾਓ, ਪੂਰਾ ਸੂਟ ਬਣ ਜਾਵੇਗਾ। ਕੀ ਇਹ ਚੋਰੀ ਨਹੀਂ ? ਅਤੇ ਫਿਰ ਚੋਰੀ ਹਮੇਸ਼ਾਂ ਲੁਕਾ ਕੇ ਕਰਦੇ ਹੋ, ਇਹ ਵੀ ਨਹੀਂ ? ਹੇਠਲੇ ਬਰਾਂਡੇ ਦਾ ਸਰਕਾਰੀ ਲੈਂਪ ਲਾਹ ਕੇ ਕਿਸ ਨੇ ਆਪਣੇ ਕਮਰੇ ਵਿਚ ਲਾਇਆ ਹੋਇਆ ਹੈ ? ਤੁਹਾਡੇ ਵਰਗੇ ਲੋਕ ਜਿਹੜੇ ਦਿਨ-ਦਿਹਾੜੇ ਲੁੱਟ ਕੇ ਹਜ਼ਮ ਕਰ ਜਾਂਦੇ ਹਨ, ਉਸ ਦਾ ਸੌਵਾਂ-ਹਜ਼ਾਰਵਾਂ ਹਿਸਾ ਵੀ ਨੌਕਰ ਵੀ ਨਹੀਂ ਚੁਰਾ ਸਕਦੇ ਅਤੇ ਹਜ਼ਾਰਾਂ ਤਾਂ ਖੈਰ ਕਰ ਹੀ ਨਹੀਂ ਸਕਦੇ। ਸ਼ਾਇਦ ਏਸੇ ਲਈ ਉਹ ਚੋਰ ਬਣ ਜਾਂਦੇ ਹਨ ਅਤੇ ਤੁਹਾਡੇ ਵਰਗੇ ਲੋਕ ਇਮਾਨ-

ਦਾਰ ਬਣੇ ਰਹਿੰਦੇ ਹਨ।

ਚੌਧਰੀ ਦਾ ਚਿਹਰਾ ਗੁੱਸੇ ਨਾਲ ਭਿਆਨਕ ਹੋਣ ਲਗਾ ਤਾ ਅਚਾਨਕ ਮੈਂ ਸੁਚੇਤ ਹੋਇਆ ਕਿ ਮੇਰੀਆਂ ਗੱਲਾਂ ਦਾ ਅਸਰ ਭੈਰੋਂ ਤੇ ਨਾ ਪਵੇ, ਇਸ ਲਈ ਗਲ ਉਥੇ ਹੀ ਖਤਮ ਕਰਕੇ ਹਸਦਾ ਹੋਇਆ ਬੋਲਿਆ, "ਖੈਰ ਇਹ ਦਸੋ ਕਿ ਅੱਜ ਸਵੇਰੇ-ਸਵੇਰ ਨੌਕਰਾਂ ਤੁਸੀਂ ਤੇ ਕਿਉਂ ਨਰਾਜ਼ ਹੋ? ਅਤੇ ਭੈਰੋਂ ਕਿਥੇ ਹੈ? ਪਰਸੋਂ ਉਸ ਨੂੰ ਚੌਲ ਲਿਆਉਣ ਲਈ ਪੈਸੇ ਦਿਤੇ ਸਨ ਪਰ ਅਜੇ ਤਕ ਨਹੀਂ ਆਇਆ।"

"ਉਸੇ ਹਰਾਮਖੋਰ ਨੂੰ ਤਾਂ ਲੱਭ ਰਿਹਾ ਹਾਂ। ਕਲ ਤੋਂ ਗਾਇਬ ਹੈ। ਮੈਨੂੰ ਲੱਗਦਾ ਹੈ, ਉਸ ਨੇ ਮੈਸ ਦਿਆਂ ਚੌਲਾਂ ਵਿਚ ਕੁਝ ਹੇਰਾ ਫੇਰੀ ਕੀਤੀ ਹੈ।" ਚੌਧਰੀ ਮੈਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਉਠ ਖੜਾ ਹੋਇਆ ਅਤੇ ਜਾਂਦਿਆਂ ਜਾਂਦਿਆਂ ਬੋਲਿਆ, ਇਹ ਸਭ ਜੁੱਤੀ ਦੇ ਯਾਰ ਹਨ। ਅੱਜ ਮਿਲ ਗਿਆ ਤਾਂ ਚਮੜੀ ਉਧੇੜ ਦੇਵਾਂਗਾ।"

ਮੈਨੂੰ ਚੈਨ ਨਹੀਂ ਸੀ। ਲਗਦਾ ਸੀ, ਮੇਰੇ ਨਾਟਕ ਦਾ ਅਸਰ ਤਾਂ ਹੋਇਆ ਹੈ ਪਰ ਪੂਰਾ ਨਹੀਂ। ਭੈਰੋਂ ਦਾ ਕੀ ਹੋਵੇਗਾ? ਜੇ ਉਹ ਫੜਿਆ ਗਿਆ ਤਾਂ ਮੇਰੇ ਵਰਗੇ ਕਿੰਨੇ ਉਸ ਦਾ ਸਾਥ ਦੇਣਗੇ? ਮੇਰੇ ਕੁਝ ਮਿੱਤਰ। ਪਰ ਬਾਕੀ ਸਭ ਤਾਂ ਚੌਧਰੀ ਦੇ ਨਾਲ ਹੋਣਗੇ। ਨੈਤਿਕਤਾ ਦਾ ਸਵਾਲ ਹੈ। ਤਦ ਭੈਰੋਂ ਕਿਸ ਤਰ੍ਹਾਂ ਬਚੇਗਾ? ਜਾ ਕੇ ਚੌਧਰੀ ਦੇ ਸਾਹਮਣੇ ਸਾਰੀ ਸਥਿਤੀ ਸਪਸ਼ਟ ਕਰ ਦੇਵਾਂ? ਸਮਝਾ ਦੇਵਾਂ ਉਸ ਨੂੰ ਕਿ ਭੈਰੋਂ ਪਾਸੋਂ ਗਲਤੀ ਹੋ ਗਈ ਹੈ, ਫਿਰ ਨਹੀਂ ਹੋਵੇਗੀ? ਭੈਰੋਂ ਕੋਲੋਂ ਬੁਲਾ ਕੇ ਮੁਆਫੀ ਮੰਗਵਾ ਦੇਵਾਂ? ਪਰ ਕੀ ਪਤਾ ਚੌਧਰੀ ਇਸ ਤੇ ਹੋਰ ਭੜਕ ਜਾਵੇ? ਉਹ ਅਤੇ ਉਸ ਵਰਗੇ ਹੋਰ ਲੋਕ ਮੇਰੇ ਬਾਰੇ ਕੀ ਸੋਚਣਗੇ? ਕਿਤੇ ਇਹ ਨਾ ਸੋਚਣ ਲਗ ਪੈਣ ਕਿ ਭੈਰੋਂ ਨਾਲ ਮੇਰੀ ਮਿਲ ਭੁਗਤੀ ਹੈ — — ਚੌਧਰੀ ਵਰਗੇ ਲੋਕ ਕੁਝ ਵੀ ਸੋਚ ਸਕਦੇ ਹਨ।

ਤਦ ਹੀ ਲਖਨ ਭੈਰੋਂ ਦੀ ਪੋਟਲੀ ਵਿਚ ਬੰਨੇ ਚੌਲ ਮੈਨੂੰ ਦੇਣ ਆਇਆ। ਉਸ ਨੇ ਕਿਹਾ, "ਚੌਧਰੀ ਜੀ ਜਦ ਤੱਕੜੀ ਲਭ ਰਹੇ ਸਨ ਤਾਂ ਉਹਨਾਂ ਦੇ ਮੈਸ ਦਾ ਦਰਵਾਜ਼ਾ ਖੁਲ੍ਹਾ ਸੀ। ਅਸਾਂ ਝੱਟ ਪੱਟ ਚੌਲ ਪੂਰੇ ਕਰ ਦਿਤੇ। ਪਰ ਚੌਧਰੀ ਜੀ ਨੂੰ ਅਜੇ ਵੀ ਵਿਸਵਾਸ਼ ਨਹੀਂ ਹੈ। ਤੋਲਣ ਤੇ ਚੌਲ ਘੱਟਣ ਦੀ ਬਜਾਏ ਅੱਧਾ ਕਿਲੋ ਦੇ ਕਰੀਬ ਵਧ ਨਿਕਲੇ। ਸ਼ਾਇਦ ਸਾਡਾ ਅੰਦਾਜ਼ਾ ਕੁਝ ਗਲਤ ਹੋ ਗਿਆ ਜੀ – – – – ਚੌਧਰੀ ਜੀ ਦਾ ਸ਼ਕ ਭੈਰੋਂ ਤੇ ਜਿਉਂ ਦਾ ਤਿਉਂ ਹੈ।"

"ਭੈਰੋਂ ਕਿਥੇ ਹੈ?"

"ਅਜੇ ਤਕ ਲੁਕਿਆ ਹੋਇਆ ਹੈ ਸਰ, ਡਰਿਆ ਹੋਇਆ।"

"ਚੰਗਾ, ਤੂੰ ਜਾਹ।"

ਲਖਨ ਦੇ ਜਾਣ ਦੇ ਬਾਅਦ ਮੈਂ ਫਿਰ ਉਲਝ ਗਿਆ। ਹੁਣ ਕੀ ਹੋਵੇਗਾ? ਆਪਣੇ ਕਮਰੇ ਵਿਚੋਂ ਨਿਕਲਕੇ ਨਿਖਲ ਦੇ ਕਮਰੇ ਵਿਚ ਗਿਆ। ਉਥੇ ਤਿੰਨ ਚਾਰ ਮਿੱਤਰ ਬੈਠੇ ਸੀ। ਉਥੇ ਵੀ ਚੌਲਾਂ ਦੀ ਚਰਚਾ ਹੋ ਰਹੀ ਸੀ। ਮੈਂ ਮਿੱਤਰਾਂ ਨੂੰ ਵਿਸ਼ਵਾਸ਼ ਵਿਚ ਲੈ ਕੇ ਸਾਰੀ ਸਥਿਤੀ ਸਪਸ਼ਟ ਕਰ ਦਿਤੀ। ਅਸੀਂ ਗਲ ਬਾਤ ਕਰ ਹੀ ਰਹੇ ਸੀ ਕਿ ਯੂਨੀਵਰਸਿਟੀ ਦੀ ਵਿਦਿਆਰਥੀ-ਜਥੇਬੰਦੀ ਦੇ ਪ੍ਰਧਾਨ ਪ੍ਰਭਾਤ ਕੁਮਾਰ ਮਸਤੀ ਵਿਚ ਝੂਮਦੇ ਹੋਏ, ਫਿਲਮੀ ਗਾਣਾ ਗਾਉਂਦੇ ਹੋਏ ਆ ਪਹੁੰਚੇ। ਸ਼ਾਇਦ ਆਉਂਦੇ ਆਉਂਦੇ ਕੋਈ ਗਲ ਬਾਤ ਸੁਣਕੇ ਮਾਮਲਾ ਭਾਂਪ ਗਏ ਅਤੇ ਬੈਠਦੇ ਹੋਏ ਬੋਲੇ, "ਤੁਸੀਂ ਇਹ ਠੀਕ ਨਹੀਂ ਕੀਤਾ।"

"ਕਿਉਂ?"

"ਕਿਉਂ?" ਇਕ ਦਮ ਨੇਤਾਗਿਰੀ ਦੇ ਅੰਦਾਜ਼ ਵਿਚ ਬੋਲਣ ਲਗੇ, "ਇਸ ਨਾਲ ਇਨ੍ਹਾਂ ਲੋਕਾਂ ਵਿਚ ਚੋਰੀ ਦੀ ਆਦਤ ਨਹੀਂ ਵਧੇਗੀ? ਥੋੜੀ ਠੁਕਾਈ ਹੋ ਜਾਵੇ ਤਾਂ ਇਸ ਦਾ ਦਿਮਾਗ ਟਿਕਾਣੇ ਆ ਜਾਵੇ ਅਤੇ ਇਹ ਫਿਰ ਕਦੀ ਚੋਰੀ ਕਰਨ ਦੀ ਹਿੰਮਤ ਨਾ ਕਰੇ।"

ਨਿਖਿਲ ਨੇ ਉਸ ਨੂੰ ਪੁਛਿਆ, "ਪ੍ਰਭਾਤ ਜੀ, ਉਹ ਇਸ ਤਰ੍ਹਾਂ ਕਰਦੇ ਹੀ ਕਿਉਂ ਹਨ, ਇਸ ਤੇ ਵੀ ਕਦੀ ਤੁਸਾਂ ਸੋਚਿਆ?"

"ਤਨਖਾਹ ਘਟ ਮਿਲਦੀ ਹੈ, ਇਸ ਲਈ ਨਾ? ਤਾਂ ਦੂਸਰਾ ਕੰਮ ਕਰਨ। ਚੋਰੀ ਕਿਉਂ ਕਰਦੇ ਹਨ? ਯੂਨੀਅਨ ਤਾਂ ਬਣਾ ਹੀ ਲਈ ਹੈ, ਉਸ ਦੇ ਰਾਹੀਂ ਲੜਨ ਆਪਣੇ ਹੱਕਾਂ ਵਾਸਤੇ।"

"ਠੀਕ ਕਹਿੰਦੇ ਹੋ ਤੁਸੀਂ।" ਮੈਂ ਕਿਹਾ, "ਲੜਨਾ ਹੀ ਉਹਨਾਂ ਲਈ ਇਕ ਮਾਤਰ ਰਾਹ ਹੈ। ਪਰ ਸਭ ਕੁਝ ਭਵਿਖ ਦੇ ਸਹਾਰੇ ਹੀ ਨਹੀਂ ਹੁੰਦਾ ਪ੍ਰਭਾਤ ਜੀ। ਕਦੀ ਕਦੀ ਵਰਤਮਾਨ ਜ਼ਿਆਦਾ ਮਹੱਤਵ-ਪੂਰਨ ਹੋ ਜਾਂਦਾ ਹੈ। ਆਪਣੀ ਹੋਂਦ ਬਣਾਈ ਰਖਣ ਲਈ ਆਦਮੀ ਕੁਝ ਵੀ ਕਰ ਸਕਦਾ ਹੈ। ਤੁਸੀਂ ਕਹੋਗੇ, ਨੈਤਿਕਤਾ, ਲੇਕਿਨ ਇਹ ਕਿਸ ਤਰ੍ਹਾਂ ਦੀ ਨੈਤਿਕਤਾ ਹੈ ਕਿ ਆਦਮੀ ਹੱਡ ਵੀ ਤੁੜਾਉਂਦਾ ਹੈ ਤੇ ਭੁਖਾ ਵੀ ਮਰਦਾ ਹੈ? ਜਾਨ ਤੇ ਆ ਬਣੇ ਤਾਂ ਆਦਮੀ ਕੀ ਕਰੇ?"

ਪ੍ਰਭਾਤ ਕੁਮਾਰ ਨੇ ਇਸ ਤਰ੍ਹਾਂ ਮੂੰਹ ਬਣਾਇਆ ਜਿਵੇਂ ਮੇਰੀ ਅਕਲ, ਤੇ ਤਰਸ ਖਾ ਰਿਹਾ ਹੋਵੇ। ਤਦ ਹੀ ਉਸ ਦੇ ਚਾਰ ਸਾਥੀ ਹੋਰ ਆ ਗਏ। ਸ਼ਾਇਦ ਸਭ ਨੂੰ ਪਹਿਲਾਂ ਹੀ ਸਭ ਕੁਝ ਪਤਾ ਸੀ ਅਤੇ ਕੋਈ ਸਲਾਹ ਬਣਾ ਕੇ ਮੈਨੂੰ ਲੱਭਦੇ ਉਥੇ ਪਹੁੰਚੇ ਸਨ। ਇਸ ਲਈ ਚੁਪ ਚਾਪ ਜਿਥੇ ਥਾਂ ਮਿਲੀ ਚਾਰੇ ਬੈਠ ਗਏ। ਮੈਂ ਕਹਿਣਾ

ਜ਼ਾਰੀ ਰਖਿਆ, "ਮੈਨੂੰ ਪਤਾ ਹੈ, ਇਥੇ ਕਿੰਨੇ ਲੋਕਾਂ ਦਿਆਂ ਕਮਰਿਆਂ ਵਿਚ ਮੈਸ ਦੀਆਂ ਕੌਲੀਆਂ ਅਤੇ ਗਲਾਸ ਪਏ ਹੋਏ ਹਨ — ਬਹੁਤ ਸਾਰੀਆਂ ਚੀਜ਼ਾਂ ਤਾਂ ਲੋਕਾਂ ਦੇ ਘਰ ਵੀ ਚਲੀਆਂ ਗਈਆਂ। ਤੁਸੀਂ ਐਮ.ਏ. ਜਮਾਤਾਂ ਵਿਚ ਪੜ੍ਹਦੇ ਹੋ, ਤਿੰਨ-ਚਾਰ ਸੌ, ਹਜ਼ਾਰ ਤਕ ਮਹੀਨੇ ਵਿਚ ਖ਼ਰਚ ਕਰਦੇ ਹੋ, ਫਿਰ ਤੁਸੀਂ ਲੋਕ ਚੋਰੀ ਕਿਉਂ ਕਰਦੇ ਹੋ ? ਐਨਾ ਖ਼ਰਚ ਕਰਕੇ ਵੀ ਤੁਸੀਂ ਤੰਗੀ ਵਿਚ ਰਹਿੰਦੇ ਹੋ ਅਤੇ ਇਥੇ ਹੋਸਟਲ ਵਿਚ ਇਸ ਤਰ੍ਹਾਂ ਦੇ ਮਹਾਂ-ਪੁਰਖ ਵੀ ਹਨ ਜੋ ਮੌਕਾ ਮਿਲਦੇ ਹੀ ਜੇਬ ਸਾਫ਼ ਕਰ ਦੇਂਦੇ ਹਨ ਜਾਂ ਉਧਾਰ ਲੈਂਦੇ ਹਨ ਅਤੇ ਦੇਣਾ ਭੁਲ ਜਾਂਦੇ ਹਨ। ਕੀ ਇਹ ਸਭ ਚੀਜ਼ਾਂ ਤੁਹਾਡੇ ਕੋਲੋਂ ਲੁਕੀਆਂ ਹੋਈਆਂ ਹਨ ? ਅਤੇ ਪ੍ਰੀਖਿਆਵਾਂ ਵਿਚ ਕੀ ਹੁੰਦਾ ਹੈ ਏਥੇ ? ਪ੍ਰੀਖਿਆ-ਕੇਂਦਰ ਵਿਚ ਸ਼ਰੇਆਮ ਨਕਲ ਚਲਦੀ ਹੈ। ਤਦ ਤੁਹਾਡੀ ਨੈਤਿਕਤਾ ਕਿਥੇ ਚਲੇ ਜਾਂਦੀ ਹੈ ? ਅਤੇ ਇਸ ਸਾਲ ਕੀ ਹੋ ਰਿਹਾ ਹੈ ? ਤੁਸੀਂ ਨਕਲ ਕਰਨ ਦਾ ਅਧਿਕਾਰ ਰਾਖਵਾਂ ਕਰਨ ਲਈ ਅੰਦੋਲਨ ਕਰ ਰਹੇ ਹੋ। ਨਾਅਰੇ ਦੇ ਰਹੇ ਹੋ — ਚੋਰੀ ਨਾਲ ਸਰਕਾਰ ਬਣੀ ਹੈ, ਚੋਰੀ ਨਾਲ ਸਰਕਾਰ ਬਣੀ ਹੈ, ਚੋਰੀ ਨਾਲ ਅਸੀਂ ਪਾਸ ਹੋਵਾਂਗੇ। ਅਤੇ ਜਿਹੜਾ ਲੋਕ ਨਕਲ ਦੇ ਖ਼ਿਲਾਫ਼ ਹਨ, ਉਹਨਾਂ ਦੇ ਖ਼ਿਲਾਫ਼ ਕੀ ਨਾਅਰੇ ਲੱਗ ਰਹੇ ਹਨ ? ਗੱਦਾਰਾਂ ਤੋਂ ਸਾਵਧਾਨ ! ਗਦਾਰਾਂ ਦੀ ਇਹੋ ਦਵਾਈ, ਛਿੱਤਰ ਜੁਤੀ ਅਤੇ ਖੜਕਾਈ। ਤੁਸੀਂ ਫਿਰ ਕੀ ਨੈਤਿ-ਕਤਾ ਦੀ ਗਲ ਕਰਦੇ ਹੋ ? ਕੀ ਤੁਹਾਡੀ ਸਾਰੀ ਨੈਤਿਕਤਾ ਵਿਖਾਉਣ ਨੂੰ ਭੈਰੋਂ ਵਰਗੇ ਗਰੀਬ ਹੀ ਬਚੇ ਹਨ ? ਕੀ ਅਮੀਰ ਅਤੇ ਤਾਕਤਵਰ ਲੋਕਾਂ ਲਈ ਕੋਈ ਨੈਤਿਕਤਾ ਨਹੀਂ ?"

ਮੈਂ ਇਕ ਨਜ਼ਰ ਸਭ ਦੇ ਚੇਹਰੇ ਵੇਖੇ। ਪਹਿਲਾਂ ਉਹ ਤਿਲਮਿਲਾਏ ਹੋਏ ਸਨ, ਹੁਣ ਉਹਨਾਂ ਦਿਆਂ ਚਿਹਰਿਆਂ ਤੇ ਪਰੇਸ਼ਾਨੀ ਦੀ ਕਾਲਖ ਪਸਰ ਗਈ ਸੀ। ਕੋਈ ਕੁਝ ਨਹੀਂ ਬੋਲਿਆ ਤਾਂ ਮੈਂ ਹਰ ਇਕ ਨੂੰ ਅੱਡ-ਅੱਡ ਸੰਬੋਧਨ ਕੀਤਾ, "ਪ੍ਰਭਾਤ ਜੀ, ਤੁਸੀਂ ਬਾਨਵੇ ਏਕੜ ਦੇ ਮਾਲਕ ਹੋ, ਪਰ ਤੁਸਾਂ ਸਲਾਨਾ ਪੰਜ ਹਜ਼ਾਰ ਆਮਦਨੀ ਦਾ ਸਰਟੀਫਿਕੇਟ ਬਣਵਾਇਆ ਹੈ ਅਤੇ ਉਸ ਦੇ ਅਧਾਰ ਤੇ ਸਕਾਲਰਸ਼ਿਪ ਲੈ ਰਹੇ ਹੋ। ਇਹ ਕੀ ਹੈ ? ਅਤੇ ਸੁਨੀਲ ਜੀ, ਤੁਸੀਂ ? ਤੁਹਾਡਾ ਭਰਾ ਡਾਕਟਰ ਹੈ ਨਾ ? ਮਹੀਨੇ ਵਿਚ ਕਿੰਨਾ ਕਮਾਉਂਦੇ ਹੋ ਤੇ ਕਿੰਨਾ ਟੈਕਸ ਦੇਂਦੇ ਹੋ ? ਅਤੇ ਤੁਸੀਂ ਉਪਾਧਿਆਏ ਜੀ, ਤੁਹਾਡੇ ਪਿਤਾ ਜੀ ਸਪ-ਲਾਈ ਵਿਚ ਹਨ। ਕੀ ਤੁਹਾਨੂੰ ਇਹ ਨਹੀਂ ਪਤਾ ਕਿ ਉਹਨਾਂ ਨੇ ਕਿੰਨੇ ਗੁਦਾਮ ਕਾਗਜ਼ਾਂ ਵਿਚ ਸਾੜੇ ਹਨ ਅਤੇ ਆਪਣਾ ਘਰ ਕਿੰਨਾ ਭਰਿਆ ਹੈ ? ਕਹੋ ਵਿਨੋਦ ਜੀ, ਤੁਹਾਡੇ ਪਿਤਾ ਜੀ ਇੰਜੀਨੀਅਰ ਹੀ ਹਨ ਨਾ ? ਕੀ ਸਿਰਫ਼ ਉਹਨਾਂ ਦੀ ਤਨਖ਼ਾਹ ਵਿਚ ਹੀ ਤੁਹਾਡਾ ਲਈ ਹਰ ਮਹੀਨੇ ਨਵਾਂ ਸੂਟ ਬਣਦਾ ਹੈ ? ਅਤੇ ਤੁਸੀਂ ਬਾਬੂ ਸੁਰਿੰਦਰ ਸਿੰਘ ਜੀ ਤੁਹਾਡੇ ਡੈਡੀ ਵਕੀਲ ਹਨ। ਕੀ ਤੁਸੀਂ ਬਿਲਕੁਲ ਇਹ ਨਹੀਂ ਜਾਣਦੇ ਕਿ ਉਹਨਾਂ ਕਿੰਨੇ ਗੁਨਾਹਗਾਰਾਂ ਨੂੰ ਬੇਦਾਗ ਬਚਾ ਲਿਆ ਹੈ।"

ਉਹਨਾਂ ਸਭ ਦੇ ਚਿਹਰੇ ਫੱਕ ਹੋ ਗਏ ਸਨ ਅਤੇ ਮੈਂ ਸੀ ਕਿ ਬਖੀਏ ਉਧੇੜਦਾ ਜਾ ਰਿਹਾ ਸਾਂ। ਅਚਾਨਕ ਮੈਨੂੰ ਲਗਾ, ਮੈਂ ਕਿਤੇ ਪਾਗਲ ਤਾਂ ਨਹੀਂ ਹੋ ਗਿਆ ਹਾਂ। ਇਹ ਚੁਪ ਅਤੇ ਬਦਹਵਾਸ ਲੋਕ ਕਿਤੇ ਅੰਦਰ ਹੀ ਅੰਦਰ ਗੁਸਾ ਪੀਂਦੇ ਹੋਏ ਮੇਰੇ ਵਿਰੁਧ ਕੋਈ ਸਾਜ਼ਸ਼ ਤਾਂ ਨਹੀਂ ਘੜ ਰਹੇ ? ਪਰ ਖ਼ਤਰਾ ਵੇਖ ਕੇ ਵੀ ਮੈਂ ਚੁਪ ਨਹੀਂ ਹੋ ਸਕਿਆ।

"...ਅਤੇ ਇਕ ਭੈਰੋਂ ਹੈ, ਇਕ ਕੀ, ਇਥੇ ਇਸ ਤਰ੍ਹਾਂ ਦੇ ਕਿੰਨੇ ਹੀ ਭੈਰੋਂ ਹਨ। ਇਸ ਦੇਸ਼ ਵਿਚ ਇਸ ਤਰ੍ਹਾਂ ਦੇ ਕਰੋੜਾਂ ਭੈਰੋਂ ਹਨ, ਜਿਨ੍ਹਾਂ ਨੂੰ ਮਹੀਨੇ ਦੇ 75 ਰੁਪੈ ਵੀ ਨਹੀਂ ਮਿਲਦੇ। ਕਿਵੇਂ ਚਲਦਾ ਹੋਵੇਗਾ ਉਹਨਾਂ ਦਾ ਪਰਵਾਰ, ਜ਼ਰਾ ਸੋਚੋ ! ਏਨੇ ਪੈਸਿਆਂ ਨਾਲ ਤੁਹਾਡਾ ਇਕੱਲਿਆਂ ਦਾ ਖ਼ਰਚ ਨਹੀਂ ਚਲੇਗਾ ਅਤੇ ਉਹ ਪੂਰਾ ਪਰਵਾਰ ਗੁਜ਼ਾਰਾ ਕਰਦੇ ਹਨ। ਪਰ ਉਹਨਾਂ ਲੋਕਾਂ ਤੋਂ ਮਜਬੂਰੀ ਵਿਚ ਜਾਂ ਗਲਤੀ ਨਾਲ ਕੁਝ ਹੋ ਜਾਵੇ ਤਾਂ ਉਹਨਾਂ ਨੂੰ ਚੋਰ ਦਾ ਖਿਤਾਬ ਮਿਲਦਾ ਹੈ ਅਤੇ ਤੁਸੀਂ ਇਥੋਂ ਨੈਤਿਕ ਬਣ ਕੇ ਜਾਵੋਗੇ..."

"ਅਸੀਂ ਭਾਸ਼ਨ ਸੁਣਨ ਨਹੀਂ ਸੀ ਆਏ, ਤੁਸੀਂ ਆਪਣੇ ਉਪਦੇਸ਼ ਆਪਣੇ ਕੋਲ ਰਖੋ।" ਪ੍ਰਭਾਤ ਕੁਮਾਰ ਗੁਸੇ ਵਿਚ ਉਠ ਕੇ ਚਲਾ ਗਿਆ ਅਤੇ ਪਿਛੇ-ਪਿਛੇ ਉਸ ਦੇ ਸਾਥੀ ਵੀ ਨਿਕਲ ਗਏ।

ਮੈਂ ਅਤੇ ਮੇਰੇ ਮਿੱਤਰ ਕੁਝ ਦੇਰ ਚੁਪ ਬੈਠੇ ਰਹੇ, ਫਿਰ ਆਪਣੇ ਆਪਣੇ ਕੰਮ ਲਈ ਉਠਣ ਲਗੇ। ਕਿਸੇ ਲਾਇਬਰੇਰੀ ਜਾਣਾ ਸੀ ਕਿਸੇ ਕਿਤੇ ਹੋਰ। ਮੈਂ ਉਠ ਕੇ ਆਪਣੇ ਕਮਰੇ ਵਿਚ ਆ ਗਿਆ। ਦੁਪਹਿਰ ਹੋਣ ਲਗੀ ਸੀ ਅਤੇ ਮੈਂ ਅਜੇ ਨਹਾਉਣਾ ਸੀ। ਪਰ ਕਮਰੇ ਵਿਚ ਆ ਕੇ ਬੈਠ ਨਹੀਂ ਸਕਿਆ। ਬੇਚੈਨੀ ਨਾਲ ਇਧਰੋਂ ਉਧਰ ਕਮਰੇ ਵਿਚ ਘੁੰਮਣ ਲਗਾ। ਤਦ ਇਕਦਮ ਪਤਾ ਨਹੀਂ ਕਿਉਂ ਮੈਨੂੰ ਭੈਰੋਂ ਤੇ ਗੁੱਸਾ ਆਇਆ — ਇਹ ਲੁਕਣਾ ਕਿਉਂ ? ਇਸ ਤਰ੍ਹਾਂ ਦਾ ਕੰਮ ਹੀ ਕਿਉਂ ਕਰਨਾ, ਜਿਸ ਨਾਲ ਆਪਣਾ ਸਿਰ ਨੀਵਾਂ ਹੋਵੇ ਤੇ ਲੁਕਣਾ ਪਵੇ ? ਤੇਰਾ ਲੁਕਣਾ ਤੈਨੂੰ ਦੋਸ਼ੀ ਸਿੱਧ ਕਰ ਰਿਹਾ ਹੈ...

ਆਖ਼ਰ ਓਹੀ ਹੋਇਆ, ਜੋ ਮੈਂ ਨਹੀਂ ਚਾਹੁੰਦਾ ਸਾਂ। ਦੁਪਹਿਰ ਨੂੰ ਚੌਧਰੀ ਖਾਣੇ ਤੇ ਬੈਠਾ, ਤਦ ਹੀ ਉਸ ਨੂੰ ਭੈਰੋਂ ਨਾ ਦਿਸਿਆ। ਲਖਨ ਅਤੇ ਵਿਲਾਸ ਖਾਣਾ ਖੁਆ ਰਹੇ ਸੀ। ਉਹਨਾਂ ਆਪਣੇ ਮੈਸ ਦਿਆਂ ਬਾਬੂਆਂ ਨੂੰ ਵੇਖਣਾ ਸੀ, ਇਸ ਲਈ ਪਾਣੀ ਲਿਆਉਣ ਵਿਚ

ਦੇਰ ਹੋ ਗਈ ਅਤੇ ਚੌਧਰੀ ਚਮਕ ਪਿਆ, "ਇਹ ਸਾਲੇ ਸਾਰੇ ਜੁੱਤੀ ਤੋਂ ਬਿਨਾਂ ਠੀਕ ਨਹੀਂ ਹੁੰਦੇ।" ਤੇ ਉਹ ਖਾਣਾ ਛੱਡ ਕੇ ਖੜਾ ਹੋ ਗਿਆ। "ਭੈਰੋਂ ਕਿਥੇ ਹੈ?" ਉਸ ਨੇ ਪੁਛਿਆ ਅਤੇ ਕ੍ਰਿਸ਼ਨ ਦੇਵ ਨੂੰ ਨਾਲ ਲੈ ਕੇ ਬਾਹਰ ਨਿਕਲ ਗਿਆ ਅਤੇ ਹੋਸਟਲ ਦਾ ਚੱਪਾ ਚੱਪਾ ਫੋਲ ਮਾਰਿਆ। ਭੈਰੋਂ ਦੇ ਸਾਥੀ ਘਬਰਾ ਗਏ। ਤਦ ਹੀ ਕ੍ਰਿਸ਼ਨ ਦੇਵ ਦੀ ਨਜ਼ਰ ਹੋਸਟਲ ਦੇ ਪਿਛਵਾੜੇ ਗਈ ਅਤੇ ਦੋਵਾਂ ਨੇ ਕੰਧ ਟੱਪ ਕੇ ਭੈਰੋਂ ਨੂੰ ਫੜ ਲਿਆ। ਉਥੋਂ ਹੀ ਕੁਟਦੇ ਹੋਏ ਹੋਸਟਲ ਦੇ ਸਾਹਮਣੇ ਲੈ ਆਏ ਅਤੇ ਬਿਜਲੀ ਦੀ ਤਾਰ ਦੇ ਕੋੜੇ ਦੀ ਵਾਛੜ ਕਰਦੇ ਹੋਏ ਪੁਛਣ ਲਗੇ — ਦਸ, ਤੂੰ ਚੌਲ ਚੋਰੀ ਕੀਤੇ ਹਨ ਕਿ ਨਹੀਂ? ਸੰਤੋਸ਼ ਬਾਬੂ ਨੇ ਤੈਨੂੰ ਸੱਚ ਹੀ ਰੁਪਏ ਦਿਤੇ ਸਨ ਚੌਲ ਲਿਆਉਣ ਲਈ? ਕਿ ਇਹ ਸਭ ਨਾਟਕ ਸੀ ਤੈਨੂੰ ਬਚਾਉਣ ਲਈ?

ਭੈਰੋਂ ਨੇ ਮਾਰ ਤੋਂ ਬਚਣ ਲਈ ਸਭ ਕਬੂਲ ਕਰ ਲਿਆ। ਪਰ ਤਦ ਵੀ ਚੌਧਰੀ ਨੇ ਉਸ ਨੂੰ ਛਡਣ ਦੀ ਬਜਾਏ ਹੋਰ ਜ਼ਿਆਦਾ ਕੁਟਣਾ ਸ਼ੁਰੂ ਕਰ ਦਿਤਾ। ਬਿਜਲੀ ਦੀ ਤਾਰ ਦੇ ਕੋੜੇ ਨੇ ਉਸ ਦਾ ਸਾਰਾ ਜਿਸਮ ਨੀਲਾ ਕਰ ਦਿਤਾ। ਇਕਦਮ ਲਹੂ-ਲੁਹਾਨ ਕਰ ਦਿਤਾ।

ਮੈਂ ਉਸ ਵੇਲੇ ਗੁਸਲਖਾਨੇ ਵਿਚ ਬੰਦ ਇਸ਼ਨਾਨ ਕਰ ਰਿਹਾ ਸਾਂ ਅਤੇ ਮੇਰੇ ਮਿੱਤਰਾਂ ਵਿਚੋਂ ਵੀ ਉਥੇ ਕੋਈ ਨਹੀਂ ਸੀ। ਬਾਕੀ ਲੋਕਾਂ ਵਿਚ ਕੁਝ ਲੋਕ ਹੱਲਾ-ਗੁੱਲਾ ਸੁਣ ਕੇ ਬਾਹਰ ਨਿਕਲੇ, ਪਰ ਉਹਨਾਂ ਵਿਚੋਂ ਬਹੁਤੇ ਤਾਂ ਚੌਧਰੀ ਵਰਗੇ ਹੀ ਸਨ, ਜੋ ਭੈਰੋਂ ਨੂੰ ਕਸੂਰਵਾਰ ਮੰਨਦੇ ਹੋਏ ਚੌਧਰੀ ਨੂੰ ਹੱਲਾ-ਸ਼ੇਰੀ ਦੇ ਰਹੇ ਹਨ। ਕੁਝ ਐਸੇ ਵੀ ਸਨ ਜੋ ਸਿਰਫ਼ ਤਮਾਸ਼ਾ ਵੇਖਣ ਆ ਗਏ ਸਨ ਅਤੇ ਕੁਝ "ਕੁਝ ਵੀ ਹੋਵੇ, ਸਾਨੂੰ ਇਸ ਨਾਲ ਕੀ ਲੈਣ-ਦੇਣ" ਦੀ ਹਾਲਤ ਵਿਚ ਬੁੱਤ ਬਣੇ ਖੜੇ ਸਨ। ਉਹਨਾਂ ਵਿਚ ਕੁਝ ਇਸ ਤਰ੍ਹਾਂ ਦੇ ਨੈਤਿਕਤਾਵਾਦੀ ਵੀ ਸਨ, ਜਿਨ੍ਹਾਂ ਨੂੰ ਭੈਰੋਂ ਨੂੰ ਪੈਂਦੀ ਕੁੱਟ ਚੰਗੀ ਨਹੀਂ ਸੀ ਲਗਦੀ, ਫਿਰ ਵੀ ਸੋਚ ਰਹੇ ਸੀ ਇਸ ਵਿਚ ਉਹ ਕਰ ਹੀ ਕੀ ਸਕਦੇ ਹਨ, ਇਸ ਵਿਚ ਗ਼ਲਤੀ ਤਾਂ ਭੈਰੋਂ ਦੀ ਹੀ ਸੀ ਅਤੇ ਸਜ਼ਾ ਉਸ ਨੂੰ ਮਿਲਣੀ ਹੀ ਚਾਹੀਦੀ ਸੀ, ਜੇ ਨੌਕਰਾਂ ਦਾ ਇਹੋ ਹਾਲ ਰਿਹਾ ਤਾਂ ਸਾਡਾ ਬਾਬੂ ਲੋਕਾਂ ਦਾ ਕੀ ਬਣੇਗਾ .....

ਮੈਂ ਨਹਾ ਕੇ ਬਾਹਰ ਆਇਆ ਤਾਂ ਭੈਰੋਂ ਦੇ ਚੀਕਣ ਅਤੇ ਚੌਧਰੀ ਦੇ ਗਾਲ੍ਹਾਂ ਬੱਕਣ ਦੀ ਅਵਾਜ਼ ਕੰਨੀ ਪਈ। ਵਰਾਂਡੇ ਵਿਚੋਂ ਝਾਕ ਕੇ ਹੇਠਾਂ ਵੇਖਿਆ ਅਤੇ ਤੌਲੀਆ ਬੰਨ੍ਹੇ ਹੀ ਹੇਠਾਂ ਵਲ ਦੌੜਿਆ। ਪੌੜੀਆਂ ਵਿਚ ਨਿਖਲ ਵੀ ਹੇਠਾਂ ਉਤਰਦਾ ਮਿਲਿਆ।

"ਛੱਡ ਦੇ ਚੌਧਰੀ," ਪੌੜੀਆਂ ਵਿਚੋਂ ਹੀ ਨਿਖਲ ਦੀ ਆਵਾਜ਼ ਸਾਰੇ ਹੋਸਟਲ ਵਿਚ ਗੂੰਜੀ। "ਮੈਂ ਕਹਿੰਦਾ ਹਾਂ, ਛੱਡ ਦੇ ਚੌਧਰੀ।" ਉਹ ਫਿਰ ਚੀਕਿਆ ਤਦ ਤਕ ਮੈਂ ਕੋਲ ਜਾ ਕੇ ਚੌਧਰੀ ਨੂੰ ਇਕ ਧੱਕਾ ਦਿਤਾ ਅਤੇ ਕੋੜਾ ਉਸ ਦੇ ਹੱਥੋਂ ਖੋਹ ਲਿਆ, "ਮਾਰ ਦੇਵੇਂਗਾ ਕੀ ਇਸ ਨੂੰ...?"

ਚੌਧਰੀ ਹੱਕਾ-ਬੱਕਾ ਹੋ ਕੇ ਸੁਲਘਦੀਆਂ ਹੋਈਆਂ ਅੱਖਾਂ ਨਾਲ ਪਰ੍ਹੇ ਹੋ ਕੇ ਮੈਨੂੰ ਘੂਰਨ ਲਗ ਪਿਆ। ਉਹ ਹਫ਼ਿਆ ਹੋਇਆ ਸੀ ਕੋਲ ਹੀ ਬੈਂਚ ਤੇ ਬਹਿ ਗਿਆ ਅਤੇ ਸਾਹ ਲੈਣ ਲੱਗਾ। ਭੈਰੋਂ ਬਹੁਤ ਕੁੱਟ ਖਾ ਚੁਕਾ ਸੀ ਅਤੇ ਜ਼ਮੀਨ ਤੇ ਤੜਪ ਰਿਹਾ ਸੀ।

"ਕਿਉਂ ਚੌਧਰੀ ਜੀ, ਹੁਣ ਤਾਂ ਮਜ਼ਾਜ਼ ਠੀਕ ਹੋ ਗਿਆ ਤੁਹਾਡਾ?" ਮੈਂ ਅੱਖਾਂ ਵਿਚ ਉਤਰ ਆਏ ਖ਼ੂਨ ਨੂੰ ਪੀਂਦੇ ਹੋਏ ਕਿਹਾ। ਚੌਧਰੀ ਨੇ ਸਿਰ ਝੁਕਾ ਲਿਆ। ਪਰ ਅਗਲੇ ਹੀ ਪਲ ਉਹ ਸੰਭਲ ਗਿਆ ਅਤੇ ਸਿਰ ਚੁਕ ਕੇ ਬੋਲਿਆ, "ਤੁਸੀਂ ਕੁਝ ਨਾ ਬੋਲੋ। ਤੁਹਾਡੇ ਵਰਗੇ ਹੀ ਨੌਕਰਾਂ ਨੂੰ ਸਿਰ ਚੜ੍ਹਾ ਦੇਂਦੇ ਹਨ।"

ਮੈਂ ਕੁਝ ਕਹਿੰਦਾ ਕਿ ਨਿਖਿਲ ਬੋਲ ਪਿਆ, "ਸਿਰ ਤਾਂ ਤੁਸੀਂ ਚੜ੍ਹੇ ਹੋਏ ਹੋ। ਅਜ ਭੈਰੋਂ ਨੂੰ ਕੁਟਣ ਲਈ ਤੁਹਾਡੇ ਵਿਚ ਬੜੀ ਤਾਕਤ ਹੈ। ਇਸੇ ਨਸ਼ੇ ਵਿਚ ਤੁਸੀਂ ਬਹਿਕ ਰਹੇ ਹੋ। ਲੇਕਿਨ ਯਾਦ ਰਖਿਓ, ਉਹ ਦਿਨ ਦੂਰ ਨਹੀਂ ਜਦੋਂ ਤਾਕਤ ਭੈਰੋਂ ਕੋਲ ਹੋਵੇਗੀ।" ਗੁਸੇ ਵਿਚ ਬੋਲਦਿਆਂ ਨਿਖਿਲ ਦਾ ਗਲਾ ਭਰ ਆਇਆ।

ਤਦ ਤਕ ਦੂਸਰੇ ਮਿੱਤਰ ਵੀ ਆ ਗਏ ਅਤੇ ਅਸਾਂ ਬੇਹੋਸ਼ ਪਏ ਭੈਰੋਂ ਨੂੰ ਚੁਕ ਲਿਆ। ਉਸ ਨੂੰ ਅੰਦਰ ਲੈ ਆਏ। ਜਲਦੀ ਜਲਦੀ ਸਭ ਫੌਰੀ ਡਾਕਟਰੀ ਮਦਦ ਦਾ ਪ੍ਰਬੰਧ ਕਰਨ ਲਗੇ। ਭੈਰੋਂ ਦੇ ਸਰੀਰ ਤੇ ਜ਼ਖ਼ਮ ਵੇਖ ਕੇ ਇਕ ਵਾਰ ਫਿਰ ਸਾਨੂੰ ਗੁਸੇ ਦਾ ਉਬਾਲ ਆਇਆ। ਭੈਰੋਂ ਦੇ ਸਾਥੀ ਲਖਨ, ਵਿਲਾਸ, ਵਸੰਤ ਆਦਿ ਵੀ ਆ ਗਏ, ਲੇਕਿਨ ਉਹ ਡਰ ਅਤੇ ਘਬਰਾਹਟ ਨਾਲ ਥਰ-ਥਰ ਕੰਬ ਰਹੇ ਸਨ।

"ਚੌਧਰੀ ਸਾਲਾ ਜਾਨਵਰ ਹੈ। ਇਸ ਤਰ੍ਹਾਂ ਕਿਤੇ ਮਾਰੀਦਾ ਹੈ।" ਮੈਂ ਮੁੜ ਕੇ ਵੇਖਿਆ, ਰੂਪ ਨਰਾਇਣ ਸੀ।

"ਜਾਨਵਰ ਤੋਂ ਵੀ ਭੈੜਾ ਹੈ ਸਾਲਾ। ਇਸੇ ਤਰ੍ਹਾਂ ਫੜ ਕੇ ਜੁਤ ਫੇਰਿਆ ਜਾਵੇ ਤਾਂ ਇਸ ਦਾ ਦਿਮਾਗ਼ ਠੀਕ ਹੋਵੇ।" ਸਤੀਸ਼ ਬੇਕਾਬੂ ਹੁੰਦਾ ਜਾ ਰਿਹਾ ਸੀ।

"ਕੀ ਸਮਝਦਾ ਹੈ ਚੌਧਰੀ ਆਪਣੇ ਆਪ ਨੂੰ?" ਚੰਦਰ ਸ਼ੇਖਰ ਨੇ ਕਿਹਾ, ਜੋ ਉਸ ਵੇਲੇ ਭੈਰੋਂ ਨੂੰ ਮਾਰ ਪੈਂਦਿਆਂ ਵੇਖਦਾ ਰਿਹਾ ਸੀ ਅਤੇ ਹੁਣ ਉਸ ਨਾਲ ਹਮਦਰਦੀ ਵਿਖਾਉਣ ਆ ਗਿਆ, "ਲਾਟ ਸਮਝਦਾ ਹੈ ਕੀ? ਤੁਸੀਂ ਸੁਪਰਿਨਟੈਂਡੈਂਟ ਕੋਲ ਜਾਵੋ, ਵਾਰਡਨ ਕੋਲ ਜਾਵੋ, ਵੀ.ਸੀ. ਕੋਲ ਜਾਵੋ। ਲਿਆਉ, ਮੈਂ ਸ਼ਿਕਾਇਤ

ਲਿਖਦਾ ਹਾਂ। ਇਹ ਸਾਲਾ ਮਾਰਨ ਵਾਲਾ ਕੌਣ ਹੁੰਦਾ ਏ।"

ਕੁਝ ਹੋਰ ਲੋਕਾਂ ਦਾ ਵੀ ਇਹੋ ਵਿਚਾਰ ਵੇਖ ਕੇ ਮੈਂ ਕਿਹਾ, "ਉਹਨਾਂ ਲੋਕਾਂ ਕੋਲ ਜਾਣ ਨਾਲ ਕੀ ਹੋਵੇਗਾ ? ਉਲਟਾ ਭੈਰੋਂ ਹੀ ਮਾਰਿਆ ਜਾਵੇਗਾ। ਚੌਧਰੀ ਨੂੰ ਬਾਅਦ ਵਿਚ ਕੁਝ ਕਿਹਾ ਜਾਵੇਗਾ, ਪਹਿਲਾਂ ਭੈਰੋਂ ਨੂੰ ਜੁਰਮਾਨਾ ਹੋਵੇਗਾ। ਮੁਅਤਲ ਵੀ ਕੀਤਾ ਜਾ ਸਕਦਾ ਹੈ, ਨੌਕਰੀ ਤੋਂ ਵੀ ਕਢਿਆ ਜਾ ਸਕਦਾ ਹੈ..।

"ਹੋਰ ਕਿਤੇ ਜਾਣ ਦੀ ਜ਼ਰੂਰਤ ਨਹੀਂ ਹੈ ਭੈਰੋਂ !' ਨਿਖਿਲ ਨੇ ਹੋਸ਼ ਵਿਚ ਆ ਕੇ ਰੋਂਦੇ ਹੋਏ ਭੈਰੋਂ ਨੂੰ ਕਿਹਾ, "ਤੂੰ ਸਿਧਾ ਆਪਣੀ ਯੂਨੀਅਨ ਵਿਚ ਜਾਹ। ਹੜਤਾਲ ਕਰ ਦੇਵੋ। ਕੋਈ ਵੀ ਖਾਣਾ ਨਾ ਬਣਾਵੇ। ਜਦੋਂ ਭੁੱਖੇ ਮਰਨ ਲਗਣਗੇ ਤਦ ਪਤਾ ਲਗੇਗਾ।"

"ਹਾਂ, ਇਹ ਠੀਕ ਹੈ......" ਮੇਰੇ ਪਿਛੋਂ ਕਿਸੇ ਕਿਹਾ।

"ਹਾਂ, ਇਹ ਠੀਕ ਹੈ......" ਇਕ ਵਾਰ ਕਈ ਲੋਕਾਂ ਨੇ ਕਿਹਾ। ਇਹ ਏਕਾ ਵੇਖ ਕੇ ਮੈਂ ਹੈਰਾਨ ਰਹਿ ਗਿਆ। ਐਨੇ ਸਾਰੇ ਹਮਾਇਤੀ ਹਨ ਭੈਰੋਂ ਦੇ ? ਮੈਂ ਮਹਿਸੂਸ ਕੀਤਾ — ਭੈਰੋਂ ਇਕੱਲਾ ਨਹੀਂ ਹੈ। ਅਤੇ ਤਦ ਮੈਂ ਵੀ ਇਕੱਲਾ ਨਹੀਂ ਹਾਂ। ਅਨੁ—ਰਬਿੰਦਰ ਬਾਠ

---

ਕਹਾਣੀ

# ਸੰਗੂ ਬਾਬਾ

o

ਹਰੀ ਸਿੰਘ ਢੁੱਡੀਕੇ

ਸਵੱਖਤੇ ਹੀ ਨੂਰਦੀਨ ਸੁੱਖੇ ਨਾਲ ਰੱਜਿਆ ਸੋਟੀ ਫੜੀ ਤਖੀਏ ਵਿਚ ਆ ਧਮਕਿਆ।

"ਸੰਗੂ ਬਾਬਾ, ਊਂ ਬੰਦਿਆਂ ਵਾਂਗੂ ਤਾਂ ਮੈਂ ਤੈਨੂੰ ਕਈ ਵਾਰ ਕਹਿ ਚੁਕਿਆ। ਪਰ ਤੇਰੇ ਕੰਨ ਉਤੇ ਜੂੰ ਨਹੀਂ ਸਰਕੀ। ਹੁਣ ਕੰਨ ਖੋਹਲ ਕੇ ਸੁਣ ਲੈ ਬਈ ਆਉਂਦੇ ਵੀਰਵਾਰ ਤਕ ਤੂੰ ਇਹ ਤਖੀਆ ਛਡ ਜਾਹ। ਨਹੀਂ ਵੇਖੀਂ ਆਹ ਸੋਟੇ ਦੀਆਂ ਬਰਕਤਾਂ।" ਤੇ ਉਸ ਨੇ ਸੋਟਾ ਹਵਾ ਵਿਚ ਲਹਿਰਾਇਆ।

"ਏਥੇ ਹੱਕ ਸਾਡਾ ਬਣਦਾ ਤੇਰਾ ਨੀ। ਤੂੰ ਜ਼ਾਤ ਦਾ ਚਮਾਰ ਤੇ ਮੱਲੀ ਬੈਠੈਂ ਸਾਡੇ ਫਕੀਰਾਂ ਦੀ ਥਾਂ।" ਏਨੀ ਆਖ ਕੇ ਉਹ ਤਾਂ ਤੁਰਦਾ ਬਣਿਆ ਪਰ ਸੰਗੂ ਬਾਬੇ ਦੇ ਲਹੂ ਦਾ ਜਿਵੇਂ ਪਾਣੀ ਬਣ ਗਿਆ ਹੋਵੇ। ਉਹ ਅਧਮੋਇਆਂ ਵਾਂਗ ਝੁੱਗੀ ਅੰਦਰੇ ਹੀ ਪਿਆ ਰਿਹਾ। ਨੂਰਦੀਨ ਹਾਲੇ ਵੀ ਉਸ ਦੀਆਂ ਅੱਖਾ ਅੱਗੇ ਅੱਗ ਵਰ੍ਹਾ ਰਿਹਾ ਸੀ, ਨੂਰਦੀਨ ਜਿਸ ਦਾ ਪਿਓ ਫਸਾਦਾਂ ਵਿਚ ਮਾਰਿਆ ਗਿਆ ਸੀ। ਦਸ ਬਾਰਾਂ ਸਾਲਾਂ ਦੇ ਨੂੰ ਉਸ ਦੀ ਮਾਂ ਵੀ ਛੱਡ ਕੇ ਤੁਰ ਗਈ ਸੀ। ਬੇ ਸਹਾਰਾ ਨੂਰਦੀਨ ਸਿੰਘਪੁਰੀਆਂ ਦੇ ਗੋਹਾ ਕੂੜਾ ਸੁਟਣ ਲੱਗ ਪਿਆ। ਘਰ ਦਾ ਹੋਰ ਵੀ ਕੰਮ ਧੰਦਾ ਕਰ ਦਿੰਦਾ। ਜਰਾ ਹੁਸ਼ਿਆਰ ਹੋਇਆ ਤਾਂ ਦਿਹਾੜੀਆਂ ਕਰਨ ਲਗ ਪਿਆ ਕਈ ਸਾਲ ਵਿਆਹ ਦੀ ਝਾਕ ਰਖੀ ਪਰ ਨਾ-ਉਮੀਦੀ ਵੇਖ ਕੇ ਹਰਾ ਚੋਲਾ ਰੰਗ ਲਿਆ ਤੇ ਤਖੀਏ ਗੇੜਾ ਮਾਰਨਾ ਸ਼ੁਰੂ ਕਰ ਦਿਤਾ। ਏਥੇ ਪਹਿਲਾਂ ਹੀ ਕਈ ਸਾਲਾਂ ਤੋਂ ਸੰਗੂ ਬਾਬਾ ਸੇਵਾ ਕਰਦਾ ਆ ਰਿਹਾ ਸੀ। ਇਹ ਕਿਸੇ ਮੁਸਲਮਾਨ ਫਕੀਰ ਦੀ ਕਬਰ ਸੀ ਜਿਸ ਪ੍ਰਤੀ ਲੋਕਾਂ ਦੇ ਦਿਲਾਂ ਵਿਚ ਅਥਾਹ ਸ਼ਰਧਾ ਸੀ। ਸੰਗੂ ਬਾਬੇ ਨੇ ਹੱਦ ਦੇ ਅੰਦਰ ਕਿੰਨੇ ਹੀ ਫੁੱਲ ਬੂਟੇ ਲਾ ਰੱਖੇ ਸਨ। ਉਹ ਹਰ ਵੇਲੇ ਕੁਝ ਨਾ ਕੁਝ ਕਰਦਾ ਰਹਿੰਦਾ, ਕਦੇ ਆਸੇ ਪਾਸੇ ਥਾਂ ਸਾਫ ਕਰਦਾ। ਕਦੇ ਬੂਟਿਆਂ ਨੂੰ ਪਾਣੀ ਦਿੰਦਾ। ਕਦੇ ਗੋਡੀ ਕਰਦਾ। ਰੋਟੀ ਆਥਣ ਸਵੇਰ ਉਹ ਪਿੰਡ ਵਿਚੋਂ ਮੰਗ ਲਿਆਉਂਦਾ। ਸੱਠਾਂ ਨੂੰ ਪਹੁੰਚਿਆ ਸੰਗੂ ਬਾਬਾ ਸਾਰਾ ਦਿਨ ਫਕੀਰ ਦੇ ਹੀ ਗੁਣ ਗਾਉਂਦਾ। ਉਹ ਕਈ ਵਾਰ ਸੋਚਦਾ ਬੁੱਢੇ ਵਾਰੇ ਮੈਨੂੰ ਕਿਸ ਰੋਟੀ ਦੇਣੀ ਸੀ। ਹੁਣ ਬਾਬੇ ਦੀ ਕਿਰਪਾ ਨਾਲ ਦਿਨ ਚੰਗੇ ਲੰਘ ਜਾਣਗੇ। ਪਰ ਅਜ ਤਾਂ ਜਿਵੇਂ ਉਸ ਉਤੇ ਪਹਾੜ ਟੁੱਟ ਪਿਆ। ਉਸ ਨੂੰ ਆਪਣੀ ਦੁਨੀਆਂ ਉਜੜਦੀ ਜਾਪੀ। ਹੁਣ ਤਕ ਤਾਂ ਉਹ ਪਿੰਡ ਵਿਚੋਂ ਗਜ਼ਾ ਕਰਕੇ ਮੁੜ ਵੀ ਆਉਂਦਾ ਸੀ। ਪਰ ਉਹ ਹਾਲੇ ਤਕ ਝੁਗੀ ਅੰਦਰ ਹੀ ਪਿਆ ਹੈ।

"ਮੇਰਾ ਕੀ ਬਣੇਗਾ ? ਇਸ ਕਮਬਖਤ ਨੇ ਮਗਰੋਂ ਨਹੀਂ ਲਹਿਣਾ।' ਰਹਿ ਰਹਿ ਕੇ ਉਸ ਨੂੰ ਖਿਆਲ ਆਉਂਦਾ ਹੈ।

"ਕਾਸ਼ ਕਿਤੇ ਵਿਆਹ ਹੋ ਜਾਂਦਾ! ਉਸ ਦੇ ਅੰਦਰੋਂ ਲੱਜ ਜਿੱਡਾ ਇਕ ਹੌਕਾ ਉਠਦਾ ਹੈ। ਤੇ ਉਹ ਦੂਰ ਦੀ ਇਕ ਘਟਨਾ ਨਾਲ ਸਾਰੇ ਦਾ ਸਾਰਾ ਝੰਜੋੜਿਆ ਗਿਆ।

ਹੁਣ ਤਾਂ ਲੋਕਾਂ ਨੂੰ ਭੁਲ ਹੀ ਗਿਆ ਹੈ ਕਿ ਉਸ ਦਾ ਨਾਂ ਸੰਗਤ ਸਿੰਘ ਹੈ। ਉਸਦਾ ਪਿਓ ਨਿੱਕੇ ਹੁੰਦੇ ਦਾ ਹੀ ਮਰ ਗਿਆ ਸੀ। ਉਸ ਦੀ ਇਕ ਭੈਣ ਸੀ। ਦੋਹਾਂ ਭੈਣ ਭਰਾਵਾਂ ਨੂੰ ਮਾਂ ਨੇ ਹੀ ਪਾਲਿਆ। ਭੈਣ ਦੇ ਵਿਆਹ ਪਿਛੋਂ ਮਾਂ ਵੀ ਮਰ ਗਈ। ਸੰਗਤ ਨੂੰ ਇਕ ਦੋ ਥਾਵਾਂ ਤੋਂ ਸਾਕ ਉਠੇ ਪਰ ਗਲ ਸਿਰੇ ਨਾ ਚੜੀ। ਦੂਜੀ ਜੰਗ ਵੇਲੇ ਉਹ ਫੌਜ ਵਿਚ ਭਰਤੀ ਹੋ ਗਿਆ। ਜਦੋਂ ਜੰਗ ਖਤਮ ਹੋਈ ਤਾਂ ਸੰਗਤ ਵੀ ਘਰ ਆ ਗਿਆ। ਹੁਣ

ਉਸ ਕੋਲ ਥੋੜੀ ਬਹੁਤੀ ਪੂੰਜੀ ਸੀ। ਇਕ ਦਿਨ ਗੁਆਂਢੀ ਕਾਰੇ ਨੇ ਸਾਕ ਬਾਰੇ ਗਲ ਛੇੜੀ। ਸੰਗਤ ਨੇ ਅੰਦਰ-ਖਾਤੇ ਗਲ ਪੱਕੀ ਕਰਨ ਦੀ ਕੀਤੀ। ਕਾਰਾ ਬੇਸ਼ੱਕ ਛੜਾ ਛਟਾਂਗ ਸੀ ਪਰ ਉਸ ਨੇ ਪਿੰਡ ਵਿਚ ਪਹਿਲਾਂ ਵੀ ਕਈ ਰਿਸ਼ਤੇ ਕਰਵਾਏ ਸਨ। ਕਾਰੇ ਨੇ ਪਰ ਇਕ ਸ਼ਰਤ ਰੱਖ ਦਿਤੀ ਕਿ ਪਹਿਲਾਂ ਉਹ ਇਕ ਸੌ ਰੁਪਿਆ ਚਾਂਦੀ ਦਾ ਨਕਦ ਲਏਗਾ ਅਖੇ ਅਗਲਾ ਘਰ ਗਰੀਬ ਹੈ। ਸੰਗਤ ਮੰਨ ਗਿਆ। ਸ਼ਗਨ ਪਾਇਆ ਗਿਆ। ਵਿਆਹ ਦੇ ਦਿਨ ਵੀ ਛੇਤੀ ਹੀ ਪਾਏ ਗਏ। ਕਾਰੇ ਨੇ ਆਖ ਕੇ ਬਹੂ ਲਈ ਕਈ ਟੂਮਾਂ ਬਣਵਾਈਆਂ। ਚੰਗੇ ਚੰਗੇ ਕਪੜੇ ਬਣਵਾਏ ਤੇ ਨੀਯਤ ਦਿਨ ਜੰਞ ਸਾਹਨੇਵਾਲ ਨੂੰ ਤੁਰ ਪਈ।

ਸਾਰੇ ਰਾਹ ਸਾਰੇ ਜਣੇ ਕਾਰੇ ਦੀਆਂ ਸਿਫ਼ਤਾਂ ਕਰਦੇ ਰਹੇ। ਦਿਨ ਢਲਦੇ ਹੀ ਜੰਞ ਸਾਹਨੇਵਾਲ ਪਹੁੰਚ ਗਈ। ਪਰ ਬਚੋਲਾ ਕਿਤੇ ਨਜ਼ਰ ਨਹੀਂ ਸੀ ਆ ਰਿਹਾ ਜੰਞ ਪਿੰਡ ਦੇ ਬਾਹਰਵਾਰ ਰੁਕ ਗਈ। ਸਰਬਣ, ਬਾਰੂ, ਵਿਸਾਖਾ ਤੇ ਸਰਦਾਰਾ ਕੌਕਿਆਂ ਵਾਲੇ ਖੂੰਡੇ ਫੜੀ ਵਿਆਹ ਵਾਲੇ ਘਰ ਜਾਣ ਲਈ ਸਭ ਤੋਂ ਕਾਹਲੇ ਸਨ।

"ਕਾਰਾ ਕਿਥੇ ਮਰ ਗਿਆ ?" ਇੰਦਰ ਬੁੜ੍ਹਾ ਹੈਰਾਨ ਹੁੰਦਾ ਬੋਲਿਆ।

"ਲੁਧਿਆਣੇ ਤੋਂ ਪਿਛੋਂ ਤਾਂ ਉਹ ਵੇਖਿਆ ਈ ਨੀ।" ਸਿਧਾ ਸਾਦਾ ਜੁਆਲਾ ਬੋਲਿਆ।

"ਜੇ ਮੁਨਸ਼ੀ ਬੁੜ੍ਹਾ ਨਾਲ ਨਾ ਹੁੰਦਾ ਆਪਾਂ ਨੂੰ ਤਾਂ ਸਾਹਨੇਵਾਲ ਨੀ ਸੀ ਥਿਆਉਣਾ।"

ਸਰਬਣ ਬੜੀ ਹੈਰਾਨੀ ਵਿਚ ਬੋਲਿਆ, ਉਹ ਅੱਜ ਪਹਿਲੀ ਵਾਰ ਲੁਧਿਆਣੇ ਆਇਆ ਸੀ।

"ਕਿਤੇ ਟੂਮਾਂ ਤੇ ਕਪੜਿਆਂ ਵਾਲਾ ਟਰੰਕ ਨਾ ਗੁਆਚ ਗਿਆ ਹੋਵੇ।" ਜੋਤੀ ਡੂੰਘਾ ਡੂੰਘਾ ਝਾਕਦਾ ਬੋਲਿਆ।

"ਏਨਾ ਸੁਸਤ ਨਹੀਂ ਉਹ।"

"ਉਂ ਗਲ ਹੋਰ ਆ ਬਈ ਏਥੇ ਚੂੰ ਨੀ ਚਰਾਂ ਨੀ। ਹੁਣ ਤਕ ਵਿਆਹ ਵਾਲੇ ਘਰੋਂ ਦੋ ਚਾਰ ਈ ਆ ਜਾਂਦੇ।" ਮੋਤੀ ਪਿੰਡ ਵਲ ਝਾਕਦਾ ਬੋਲਿਆ।

"ਉਏ ਬੈਠੇ ਰਹੋ। ਕਦੇ ਤਾਂ ਕੋਈ ਆਊਗਾ। ਅਗਲੇ ਨੇ ਘਰ ਵੀ ਵੀਹ ਕੰਮ ਕਰਨੇ ਹੁੰਦੇ ਆ।" ਬਾਰੂ ਨੇ ਉਬਾਸੀ ਲੈਂਦਿਆਂ ਕਿਹਾ।

ਸੰਗਤ ਸਾਰਿਆਂ ਦੀਆਂ ਗੱਲਾਂ ਸੁਣ ਸੁਣ ਅਵਾ-ਜ਼ਾਰ ਹੋ ਰਿਹਾ ਸੀ। ਕਾਰੇ ਦਾ ਮਗਰ ਰਹਿ ਜਾਣਾ ਉਸ ਨੂੰ ਵਢ ਵਢ ਖਾ ਰਿਹਾ ਸੀ। ਉਹ ਸੋਚ ਰਿਹਾ ਸੀ ਕਿਤੇ ਟਰੰਕ ਨਾ ਗੁਆਚ ਗਿਆ ਹੋਵੇ।

ਹੌਲੀ ਹੌਲੀ ਉਹਨਾਂ ਦੇ ਦੁਆਲੇ ਪਿੰਡ ਦੇ ਕਿੰਨੇ ਈ ਜੁਆਕ ਇਕੱਠੇ ਹੋ ਗਏ।

"ਉਏ ਕਮਲ ਨਾ ਮਾਰੋ ਭਾਈ।" ਇੰਦਰ ਬੁੜ੍ਹੇ ਨੂੰ ਇਕ ਗਲ ਔੜੀ।

"ਇਉਂ ਕਰੋ ਦੋ ਬੰਦੇ ਜਾਉ ਮਜ਼ਾਰ ਤੇ ਕਾਰੇ ਦਾ ਪਤਾ ਕਰੋ ਜਾ ਕੇ। ਕੀ ਪਤਾ ਵਿਚਾਰਾ ਕਿਤੇ ਫਸਿਆ ਹੋਊ।"

"ਆਹੋ ਆਹੋ ਠੀਕ ਆ।" ਬਾਰੂ ਨੇ ਹਾਮੀ ਭਰੀ।

"ਓਏ ਮੁਨਸ਼ੀ ਤੂੰ ਜਾਹ ਨਾਲ ਲੈ ਜਾਹ ਕਾਲੂ ਨੂੰ।" ਉਹਨਾਂ ਦੀਆਂ ਗਲਾਂ ਸੁਣ ਕੇ ਪਿੰਡ ਦੇ ਦੋ ਤੁਰੇ ਜਾਂਦੇ ਬੰਦੇ ਅਟਕ ਗਏ।

"ਭਰਾਵੋ ਕਿਥੇ ਜਾਣਾ ?" ਇਕ ਬੋਲਿਆ।

"ਜਿਉਣ ਜੋਗਿਆ ਐਥੇ ਈ ਜਾਣਾ।" ਜੁਆਲੇ ਨੇ ਉਤਰ ਦਿਤਾ।

"ਕੀਹਦੇ ?"

"ਅਸੀਂ ਜਾਣਾ ਬਈ ਨਿਕਾ ਸਿਹੁੰ ਰਮਦਾਸੀਏ ਦੇ।" ਇੰਦਰ ਬੁੜ੍ਹੇ ਨੇ ਗਲ ਸਪਸ਼ਟ ਕੀਤੀ।

"ਪਰ ਏਥੇ ਤਾਂ ਕਿਸੇ ਦੇ ਵਿਆਹ ਨੀ!" ਏਨੀ ਗਲ ਨਾਲ ਹੀ ਸਾਰਿਆਂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ।

"ਆਪਾਂ ਕਿਤੇ ਦਿਨ ਤਾਂ ਨਹੀਂ ਭੁੱਲ ਗਏ।" ਬਾਰੂ ਨੇ ਵਿਸਾਖੇ ਤੋਂ ਪੁਛਿਆ।

"ਮੈਂ ਕਿਹੜਾ ਦਿਨ ਪਾ ਗਿਆ ਸੀ।" ਵਿਸਾਖੇ ਨੂੰ ਕਹਾਣੀ ਵਿਗੜਦੀ ਜਾਪੀ। ਫਿਰ ਉਹ ਗਭਰੂ ਰਮ-ਦਾਸੀਆਂ ਦੇ ਕਿਸੇ ਆਦਮੀ ਨੂੰ ਸੱਦ ਲਿਆਇਆ। ਉਸ ਨੇ ਆ ਕੇ ਦਸਿਆ ਬਈ ਨਾ ਤਾਂ ਏਥੇ ਕੋਈ ਨਿੱਕਾ ਸਿਹੁੰ ਏ ਅਤੇ ਨਾ ਹੀ ਅੱਜ ਕਿਸੇ ਦੇ ਵਿਆਹ ਹੈ। ਗੱਲ ਸੁਣ ਕੇ ਇਕ ਦਮ ਸਾਰੇ ਸੁੰਨ ਹੋ ਗਏ। ਸੰਗਤ ਦਾ ਸਾਹ ਸੂਤਿਆ ਗਿਆ।

"ਕਿਤੇ ਮੇਰੇ ਨਾਲ ਧੋਖਾ ਤਾਂ ਨੀ ਹੋ ਰਿਹਾ।" ਉਹ ਅੰਦਰੇ ਅੰਦਰ ਭੁਆਟਣੀਆਂ ਖਾ ਰਿਹਾ ਸੀ। ਹੋਰ ਕੋਈ ਚਾਰਾ ਨਾ ਵੇਖ ਕੇ ਇੰਦਰ ਬੁੜ੍ਹੇ ਤੇ ਕਹਿਣ ਤੇ ਸਾਰੀ ਜੰਞ ਵਾਪਸ ਤੁਰ ਪਈ। ਲੁਧਿਆਣੇ ਆ ਕੇ ਕਾਰੇ ਨੂੰ ਲਭਿਆ। ਉਹ ਕਿਤੇ ਨਾ ਮਿਲਿਆ। ਸੰਗਤ ਸਿਹਰੇ ਸਾਹਨੇਵਾਲ ਲਾਹ ਕੇ ਸੁਟ ਆਇਆ ਸੀ। ਸਾਲਾ ਹੁਣ ਜੇ ਕਿਤੇ ਮਿਲ ਜਾਏ ਸਾਰੀ ਉਮਰ ਉਠਣ ਜੋਗਾ ਨਾ ਛੱਡਾਂ। ਉਹ ਅੰਦਰੇ ਅੰਦਰ ਕਚੀਚੀਆਂ ਵਟ ਰਿਹਾ ਸੀ।

ਹੁਣ ਪਿੰਡ ਕੇਹੜਾ ਮੂੰਹ ਲੈ ਕੇ ਜਾਵਾਂਗਾ। ਲੋਕ ਕੀ ਕਹਿਣਗੇ। ਜਿਹੜੇ ਚਾਰ ਪੈਸੇ ਸੀ ਉਹ ਵੀ ਗਏ। ਸੋਚਾਂ ਨੇ ਉਸ ਦੇ ਦਿਮਾਗ ਵਿਚ ਬੁਰੀ ਤਰ੍ਹਾਂ ਖਲਲ ਪਾ ਦਿਤਾ। ਗੱਡੀਓਂ ਉਤਰ ਕੇ ਸਾਰੇ ਆਪਣੀਆਂ ਲਾਸ਼ਾਂ ਧੂੰਹਦੇ ਪਿੰਡ ਨੂੰ ਤੁਰ ਪਏ। ਤੇ ਕਈ ਵਰੇ ਸੰਗਤ ਨੂੰ ਇੰਜ ਜਾਪਦਾ ਰਿਹਾ ਕਿ ਉਹ ਆਪਣੀ ਲਾਸ਼ ਹੀ ਚੁੱਕੀ ਫਿਰਦਾ ਹੈ। ਆਖਰ ਜਿਉਂਦੀ ਜਾਨ ਲਈ

ਕੰਮ ਕਰਨਾ ਤਾਂ ਜ਼ਰੂਰੀ ਸੀ ਤੇ ਉਹ ਆਪਣੇ ਜੋਗਾ ਥੋੜਾ ਬਹੁਤਾ ਕਮਾ ਲੈਂਦਾ। ਚੰਗਾ ਖਾਣ ਤੇ ਚੰਗਾ ਪਹਿਨਣ ਦੀ ਗਲ ਤਾਂ ਜਿਵੇਂ ਉਸ ਨੂੰ ਸੁਝਦੀ ਹੀ ਨਹੀਂ ਸੀ। ਬੱਸ ਦੋ ਵੇਲੇ ਉਹ ਆਪਣਾ ਢਿਡ ਭਰਨਾ ਚਾਹੁੰਦਾ ਸੀ।

ਕਾਰਾ ਜੇਲ੍ਹ ਚੜ੍ਹਨ ਵਾਲੇ ਦਿਨ ਤੋਂ ਬਾਅਦ ਕਦੇ ਪਿੰਡ ਨਾ ਵੜਿਆ ਤੇ ਨਾ ਕਦੇ ਉਹ ਸੰਗਤ ਦੇ ਮੱਥੇ ਲੱਗਾ। ਕਦੇ ਕੋਈ ਗਲ ਸੁਣਨ ਵਿਚ ਆਉਂਦੀ ਕਿ ਉਹ ਫਲਾਣੇ ਪਿੰਡ ਰਹਿੰਦਾ ਹੈ। ਸੰਗਤ ਜ਼ਰੂਰ ਪਤਾ ਕਰਦਾ। ਪਰ ਉਹ ਕਿਤੇ ਨਾ ਮਿਲਿਆ। ਬਦਲੇ ਦੀ ਭਾਵਨਾ ਨਾਲ ਸੰਗਤ ਕਈ ਵਰ੍ਹੇ ਘੁਲਦਾ ਰਿਹਾ। ਹੌਲੀ ਹੌਲੀ ਕਾਰਾ ਨਾ ਮਿਲਣ ਦੀ ਉਮੀਦ ਘਟਣ ਲਗ ਪਈ। ਲੋਕ ਗੱਲਾਂ ਕਰਦੇ ਸ਼ਾਇਦ ਹੁਣ ਤਾਂ ਕਿਤੇ ਮਰ ਗਿਆ ਹੋਵੇਗਾ।

ਸੰਗਤ ਹੁਣ ਘੋਰੀ ਜਿਹਾ ਬਣ ਗਿਆ। ਪਿਉ ਦਾ ਛੱਡਿਆ ਛੋਟਾ ਜਿਹਾ ਕੱਚਾ ਘਰ ਸੀ। ਉਸ ਦਾ ਇਕ ਪੱਖਾ ਮੀਂਹਾਂ ਵਿਚ ਡਿੱਗ ਪਿਆ। ਪਰ ਸੰਗਤ ਨੇ ਉਸ ਨੂੰ ਦੁਬਾਰਾ ਬਣਾਉਣ ਦੀ ਖੇਚਲ ਨਾ ਕੀਤੀ। ਕਈ ਸਾਲ ਮਗਰੋਂ ਫਿਰ ਜ਼ੋਰ ਦੇ ਮੀਂਹ ਪਏ। ਘਰ ਨੂੰ ਮਿੱਟੀ ਤਾਂ ਲਗਦੀ ਨਹੀਂ ਸੀ। ਇਸ ਵਾਰ ਅੱਧੀ ਛੱਤ ਹੋਰ ਡਿੱਗ ਪਈ। ਪਰ ਸੰਗਤ ਨੇ ਉਸ ਨੂੰ ਵੀ ਠੀਕ ਨਾ ਕੀਤਾ। ਇਕ ਪਾਸੇ ਮਾਂ ਦਾ ਸੰਦੂਕ ਪਿਆ ਸੀ। ਦੂਜੇ ਪਾਸੇ ਉਹ ਮੰਜੀ ਡਾਹ ਲੈਂਦਾ। ਇਸ ਤਰ੍ਹਾਂ ਇਕ ਨਹੀਂ ਕਈ ਵਰ੍ਹੇ ਗੁਜ਼ਰ ਗਏ। ਦਾੜ੍ਹੀ ਦਾ ਇਕ ਵੀ ਵਾਲ ਕਾਲਾ ਨਾ ਰਿਹਾ। ਹੁਣ ਕਈ ਵਾਰ ਸੋਚਦਾ, 'ਜੇ ਮੇਰੇ ਰਹਿੰਦੇ ਦੰਦ ਵੀ ਡਿੱਗ ਪਏ। ਭਲਾ ਹੋਰ ਦੋ ਵਰ੍ਹਿਆਂ ਨੂੰ ਜੇ ਮੇਰੀਆਂ ਖੜ੍ਹ ਗਈਆਂ। ਫਿਰ ਮੇਰਾ ਕੀ ਬਣੇਗਾ। ਇਸ ਤਰ੍ਹਾਂ ਸੋਚਦਾ 2 ਕਈ ਵਾਰ ਬਾਹਰਵਾਰ ਸਾਈਂ ਬਾਬੇ ਦੀ ਕਬਰ ਕੋਲ ਜਾ ਬੈਠਦਾ ਹੌਲੀ ਹੌਲੀ ਉਸ ਦਾ ਇਸ ਥਾਂ ਨਾਲ ਇੰਝ ਮੋਹ ਜਿਹਾ ਹੋ ਗਿਆ ਤੇ ਉਸ ਨੇ ਕਬਰ ਦੇ ਆਲੇ ਦੁਆਲੇ ਝਾੜੂ ਦੇਣਾ ਸ਼ੁਰੂ ਕਰ ਦਿਤਾ। ਆਸੇ ਪਾਸੇ ਉਸ ਨੇ ਕਿੰਨੇ ਈ ਫੁੱਲ-ਬੂਟੇ ਤੇ ਦਰਖਤ ਲਾ ਦਿਤੇ। ਕੁਝ ਚਿਰ ਪਿਛੋਂ ਉਹ ਏਥੇ ਹੀ ਰਹਿਣ ਲਗ ਪਿਆ। ਰਹਿਣ ਲਈ ਉਸ ਨੇ ਇਕ ਛੋਟੀ ਜਿਹੀ ਝੌਂਪੜੀ ਬਣਾ ਲਈ।

ਦਿਨੇ ਉਹ ਸਾਰਾ ਦਿਨ ਫੁੱਲ-ਬੂਟਿਆਂ ਵਿਚ ਰੁੱਝਿਆ ਰਹਿੰਦਾ। ਹੁਣ ਰੋਟੀ ਚਾਹ ਦਾ ਬਾਬੇ ਦੀ ਕਿਰਪਾਂ ਨਾਲ ਹੁਣ ਉਸ ਨੂੰ ਕੋਈ ਫਿਕਰ ਨਹੀਂ ਸੀ। ਤੇ ਕਬਰ ਉਤੇ ਪਹਿਲਾਂ ਨਾਲੋਂ ਚੜ੍ਹਾਵਾ ਵੀ ਜ਼ਿਆਦਾ ਚੜ੍ਹਦਾ। ਹਰ ਵੀਰਵਾਰ ਨੂੰ ਲੋਕ ਕਬਰ ਉਤੇ ਮੱਥਾ ਟੇਕਣ ਜ਼ਿਆਦਾ ਆਉਣ ਲੱਗ ਪਏ। ਉਹਨਾਂ ਦਿਨਾਂ ਵਿਚ ਨੂਰਦੀਨ ਵੀ ਹੁੰਦਾ।

ਨੂਰਦੀਨ ਸੰਗੂ ਬਾਬੇ ਵਲ ਵੇਖਦਾ ਤੇ ਸੋਚਦਾ ਕਿ ਬਾਬਾ ਐਸ਼ ਕਰ ਰਿਹੈ। 'ਇਸ ਨੂੰ ਨਾ ਕਿਸੇ ਗਲ ਦਾ ਫਿਕਰ ਤੇ ਨਾ ਕਿਸੇ ਗਲ ਦੀ ਤੋਟ। ਉਹ ਹਰ ਰੋਜ਼ ਆਉਣ ਲਗ ਪਿਆ। ਉਹ ਵੀ ਆ ਕੇ ਬੂਟਿਆਂ ਨੂੰ ਪਾਣੀ ਦਿੰਦਾ। ਥਾਂ ਸਾਫ ਕਰਦਾ। ਪਰ ਅੱਜ ਉਹ ਬੁਰੀ ਉਤੇ ਆ ਗਿਆ। ਹਾਲੇ ਸੰਗੂ ਬਾਬਾ ਝੌਂਪੜੀ ਵਿਚ ਹੀ ਪਿਆ ਸੀ। ਆਉਣ ਸਾਰ ਉਸ ਨੇ ਆਉਂਦੇ ਵੀਰਵਾਰ ਤੱਕ ਬਾਬੇ ਨੂੰ ਇਹ ਥਾਂ ਛੱਡਣ ਲਈ ਧਮਕੀ ਦਿੱਤੀ। ਸੁੱਖੇ ਨਾਲ ਲਾਲ ਹੋਈਆਂ ਅੱਖਾਂ ਨੇ ਅੱਗ ਵਰ੍ਹਾਈ।

ਸੂਰਜ ਕਿੰਨਾ ਈ ਉਚਾ ਚੜ੍ਹ ਆਇਆ। ਪਰ ਸੰਗੂ ਬਾਬਾ ਝੌਂਪੜੀ ਅੰਦਰ ਹੀ ਪਿਆ ਰਿਹਾ। ਉਸ ਨੂੰ ਆਪਣੀ ਦੁਨੀਆਂ ਸੱਚਮੁੱਚ ਉਜੜਦੀ ਜਾਪੀ।

"ਕੀ ਮੈਂ ਏਥੋਂ ਚਲਾ ਜਾਵਾਂ ?" ਉਹ ਆਪਣੇ ਆਪ ਤੋਂ ਪੁੱਛਦਾ।

"ਪਰ ਮੇਰਾ ਆਖ਼ਰ ਬਣੇਗਾ ਕੀ ?" ਉਸ ਨੂੰ ਦੂਜੇ ਪਲ ਖਿਆਲ ਆਉਂਦਾ। ਉਸ ਦਾ ਧਿਆਨ ਆਪਣੇ ਘਰ ਵਲ ਚਲਾ ਗਿਆ। ਜਿੱਥੇ ਉਹ ਕਈ ਕਈ ਮਹੀਨੇ ਨਹੀਂ ਸੀ ਜਾਂਦਾ। ਤੇ ਇਸੇ ਤਰ੍ਹਾਂ ਸੋਚਾਂ ਵਿਚ ਡੁਬਾ ਗੁੰਮ ਸੁੰਮ ਜਿਹਾ ਹੋਇਆ ਸਾਰਾ ਦਿਨ ਫਿਰਦਾ ਰਿਹਾ।

'ਉਸ ਕਮਬਖ਼ਤ ਨੇ ਮਗਰੋਂ ਨਹੀਂ ਲਹਿਣਾ।' ਰਹਿ ਰਹਿ ਕੇ ਉਸ ਨੂੰ ਖ਼ਿਆਲ ਆਉਂਦਾ। ਤੇ ਸ਼ਾਮ ਨੂੰ ਸੋਚਾਂ ਵਿਚ ਫਿਰਦਾ ਬਿਨਾਂ ਕੁਝ ਸੋਚੇ ਹੀ ਆਪਣੇ ਘਰ ਨੂੰ ਤੁਰ ਪਿਆ। 'ਹੁਣ ਘਰ ਵਿਚ ਵੀ ਕੀ ਰਹਿ ਗਿਐ।' ਤੁਰਿਆ ਜਾਂਦਾ ਸੋਚ ਰਿਹਾ ਸੀ। ਰੋਜ਼ ਵਾਂਗ ਸੜਕ ਉਤੇ ਆਵਾਜਾਈ ਜਾਰੀ ਸੀ। ਸਾਹਮਣੇ ਉਸ ਇਕ ਔਰਤ ਆਉਂਦੀ ਦਿਸੀ ਜਿਸ ਨੇ ਬੌਂਚਿਆਂ ਵਾਲੀਆਂ ਭੰਬੀਰੀਆਂ ਚੁਕੀਆਂ ਹੋਈਆਂ ਸਨ।

"ਇਹ ਔਰਤ ਭੰਬੀਰੀਆਂ ਵੇਚ ਕੇ ਗੁਜ਼ਾਰਾ ਕਰ ਲੈਂਦੀ ਹੋਊ।" ਉਹ ਅਚਾਨਕ ਹੀ ਸੋਚਦਾ ਹੈ।

'ਘੱਟੋ ਘੱਟ ਮੇਰੇ ਨਾਲੋਂ ਚੰਗੀ ਹੈ ਕਿਸੇ ਅੱਗੇ ਹੱਥ ਤਾਂ ਨਹੀਂ ਅੱਡਦੀ।'

'ਮੈਂ ਬਾਬੇ ਦੇ ਨਾਂ ਉਤੇ ਹੀ ਕਿੰਨੇ ਵਰ੍ਹੇ ਰੋਟੀ ਖਾਂਦਾ ਰਿਹਾ। ਲੋਕਾਂ ਦੀ ਸ਼ਰਧਾ ਬਾਬੇ ਨਾਲ ਹੋਵੇਗੀ ਪਰ ਮੇਰਾ ਵਾਸਤਾ ਤਾਂ ਰੋਟੀ ਨਾਲ ਸੀ।' ਅੰਦਰਲੀ ਸਚਾਈ ਨੂੰ ਉਹ ਆਪ ਮੰਨਦਾ ਹੋਇਆ ਉਹ ਆਪਣੇ ਘਰ ਆ ਗਿਆ ਤੇ ਅਗਲੇ ਦਿਨ ਬੱਸ ਅੱਡੇ ਜਾ ਕੇ ਇਕ ਪਾਸੇ ਬੋਰੀ ਵਿਛਾ ਕੇ ਬੈਠ ਗਿਆ। ਆਪਣੇ ਕੋਲ ਉਸ ਨੇ ਆਰਾਂ, ਰੰਬੀਆਂ, ਬੁਰਸ਼ ਤੇ ਪਾਲਸ਼ ਵਾਲੀਆਂ ਡੱਬੀਆਂ ਖਿਲਾਰ ਰੱਖੀਆਂ ਸਨ। ਬਾਬਾ ਚੌਂਕੜੀ ਮਾਰ ਕੇ ਬੈਠਾ ਸੀ। ਇਕ ਨਿੱਕੀ ਜਿਹੀ ਦੁਕਾਨ ਸਜ ਗਈ। ਤੇ ਅੱਜ ਬਾਬੇ ਦੀਆਂ ਅੱਖਾਂ ਵਿਚ ਇਕ ਅਜੀਬ ਹੀ ਚਮਕ ਸੀ।

ਪੰਜ ਖਾਕੇ —

## ਸੁਖਵੰਤ ਕੌਰ ਮਾਨ

o

## 1. ਕਣਕਾਂ ਪੱਕੀਆਂ

ਝੂਮਣ ਖੇਤ ਕਣਕਾਂ ਦੇ, ਕਣਕਾਂ ਸੰਘਣੀਆਂ ਤੇ ਸਾਵੀਆਂ,
ਪਾਈਆਂ ਖਾਦਾਂ ਤੇ ਰੂੜੀਆਂ ਬਾਹਲੀਆਂ,
ਰਾਤੀਂ ਪੋਹ ਦੀਆਂ ਕੱਕਰੀਆਂ, ਲੱਥਦੇ ਜਾਣ ਪੈਰ,
ਹੱਥ ਸੁੰਨ,
ਕਹੀ ਮੋਢੇ, ਪਾਣੀ ਦਿਤੇ ਭਰਵੇਂ,
ਹੋਈਆਂ ਕਣਕਾਂ ਕਚੂਚ ਹਰੀਆਂ
ਤੋਂ ਸ਼ਾਹ-ਕਾਲੀਆਂ ।
ਵੇਖ ਵੇਖ ਜੱਟ ਖ਼ੁਸ਼ ਹੁੰਦਾ, ਖ਼ੋਰੇ ਧੁਪ ਜਾਣ ਧੋਣੇ
ਐਤਕੀਂ ਅਗਲੇ ਤੇ ਪਿਛਲੇ, ਆਉਣ ਛੋਲੀਆਂ,
ਸ਼ਤੀਰ ਵੀ ਟੁਟਿਆ ਅੱਧ-ਕੜਿਓਂ ਵਿਚਕਾਰ,
ਕੋਠਾ ਛੱਤਣਾ,
ਕਾਰਜ ਮਿੰਦੂੰ ਦਾ ਕਰਨਾ,
ਰੱਬਾ ਮਿਹਰ ਕਰੀਂ, ਖ਼ੈਰ ਕਰੀਂ,
ਹੱਥ ਜੋੜਦੀ ਜੱਟੀ, ਕੱਢੇ ਰੱਬ ਅੱਗੇ ਲੇਲ੍ਹੜੀਆਂ......
ਸੁਖ ਮੰਗਦੇ ਖੇਤਾਂ ਦੀ, ਕਣਕਾਂ ਦੀ,
ਜੀਆਂ ਦੀ, ਪਸ਼ੂ ਢਾਂਡੇ ਦੀ
ਸ਼ਾਹ ਤੋਂ ਡੂਢੇ ਦੂਣੇ ਤੋਂ ਲਈ ਕਣਕ ਦੀਆਂ ਰੋਟੀਆਂ
ਤਲੀਆਂ, ਤੇ ਧਰੀ ਪਾਣੀ ਨਾਲ ਨਿਘਾਰਦੇ,
ਖਾਂਦੇ ਘਟ ਪਾਣੀ ਬਹੁਤਾ ਪੀਂਦੇ,
ਕਰਨ ਉਡੀਕ ਕਣਕਾਂ ਪੱਕੀਆਂ ਦੀ ।
ਚੰਡਾਉਣ ਦਾਤਰੀਆਂ ਲੁਹਾਰ ਦੀ ਭੱਠੀ 'ਤੇ
ਕਰਨ ਗੱਲਾਂ, ਕਣਕਾਂ ਛੋਲਿਆਂ ਤੇ ਸਰ੍ਹੋਆਂ ਪੱਕੀਆਂ ਦੀਆਂ
ਉਂਗਲੀਆਂ ਤੇ ਦਾਤਰੀਆਂ ਦੀ ਧਾਰ ਪਰਖਦੇ,
ਚਾਅਵਾਂ ਨਾਲ ਉਮ੍ਹਲਦੇ,
ਕਰਨ ਤਿਆਰੀਆਂ ਵਾਢੀ ਦੀਆਂ ਹੱਸਦੇ ਤੇ ਗੁਟ੍ਹਕਦੇ......
ਕਣਕਾਂ ਜੁ ਪੱਕੀਆਂ ਮੇਲਾ ਵਿਸਾਖੀ ਦਾ ਭਾਗੀਂ ਭਰਿਆ,
ਕਣਕਾਂ ਬਹੁਤੀਆਂ ਹੱਥ ਥੋੜੇ, ਮਾਘੇ ਮਾਰਦਾ ਜੱਟ,
ਠੱਲ੍ਹੀ ਨਾ ਜਾਵੇ ਖ਼ੁਸ਼ੀ, ਵੱਗਣ ਹਵਾਈਂ,
ਸੁਨਹਿਰੀ ਖੇਤ ਝੂਮਦੇ,
ਵੱਟਣ ਬੇੜਾਂ ਲੰਮੀਆਂ......
"ਰੱਬਾ ਕਣੀ ਸਿਓਨੇ ਦੀ ਵੀ ਨਾ ਪਾਵੀਂ
ਓਦੇ ਰੱਬਾ ਡਾਢਿਆ !"
ਵੇਖ ਬਦਲੋਟੀ ਰੂੰਅ ਦੇ ਫੰਬੇ ਜਿੰਨੀ, ਡੁਬਕੂੰ ਡੁਬਕੂੰ ਕਰਦਾ
ਕਣਕਾਂ ਜੁ ਪੱਕੀਆਂ, ਝੂੰਮਣ ਬੱਲੀਆਂ,
ਉਡੀਕਣ ਹੱਥਾਂ ਦੀ ਮਹਿਕ ਨੂੰ, ਤਲੀਆਂ ਦੇ ਮੁੜ੍ਹਕੇ ਨੂੰ,
ਦੋ ਕੁੜੀਆਂ, ਦੋ ਮੁੰਡੇ, ਬਾਈ ਤੇ ਬੇਬੇ ਟੱਬਰ ਵਾਢਿਆਂ ਦਾ,
ਹੱਥਾਂ 'ਚ ਦਾਤਰੀਆਂ ਫੁੰਮਣਾਂ ਆਲੀਆਂ, ਪੋਣੇ 'ਚ ਰੋਟੀਆਂ,
ਬੱਧੀਆਂ ਠੁੱਲ੍ਹੀਆਂ ਤੇ ਮੋਟੀਆਂ,
ਨਾਲ ਚੱਟਣੀ ਮਿਰਚਾਂ ਤੇ ਗੰਢੇ ਦੀ,
ਟੰਗਣ ਪੋਣਾ ਟਾਹਲੀ ਦੇ ਖੁੰਘ ਨਾਲ,
ਨਿੱਕੇ-ਵੱਡੇ ਸਾਰੇ ਚੁਕਿਆ ਨਾ ਜਾਵੇ ਚਾਅ,
ਵਾਹਿਗੁਰੂ ਕਹਿ ਬਹਿ ਜਾਏ ਟੱਬਰ ਵਾਢਿਆਂ ਦਾ...
ਖੜਕਣ ਘੁੰਗਰੂ ਦਾਤਰੀਆਂ ਦੇ, ਦਾਤਰੀਆਂ ਤਿੱਖੀਆਂ,
ਕਰਚ ਕਰਚ ਕਰਦੀਆਂ ਜਾਵਣ, ਧੂੜ ਉਡਾਵਣ,
ਹੱਥ ਡਾਢੇ ਤੇ ਛੁਹਲੇ, ਵੱਢਣ ਕਣਕਾਂ ਬਾਹਲੀਆਂ ਢੱਬੀਆਂ,
ਦੱਬੀਆਂ ਦੀਆਂ ਦੱਬੀਆਂ,
ਹੱਥ ਕੂਲੇ ਤੇ ਛੁਹਲੇ ਕੁੜੀਆਂ ਅੰਞਾਣੀਆਂ,
ਮੁੰਡੇ ਅਸਲੋਂ ਨਿੱਕੇ ਤੇ ਅਲੂੰਏਂ, ਹੱਥ ਨਿੱਕੇ ਨਿੱਕੇ,
ਵੱਢਣ ਕਣਕਾਂ ਹੱਸਦੇ ਤੇ ਗੁਟ੍ਹਕਦੇ...।
ਸਿੱਖਰ-ਦੁਪਹਿਰਾ, ਸੂਰਜ ਸਿਰ 'ਤੇ ਭੱਠ ਤਪਦੇ,
ਵਗੇ ਮੁੜ੍ਹਕਾ ਤਤ੍ਰੀਰੀਆਂ
ਭਿੱਜ ਜਾਣ ਲੀੜੇ ਥਿਗੜੀਆਂ ਆਲੇ,
ਰਲ ਜਾਣ, ਮੁੜ੍ਹਕਾ, ਮੈਲ ਤੇ ਮਿਹਨਤ,
ਉੱਤੇ ਘੱਟਾ ਵਗਣ ਹਨੇਰੀਆਂ,
ਚੁੱਭਣ ਕਸੀਰ ਸੂਈਆਂ ਤੋਂ ਵੀ ਤਿੱਖੇ
ਬਾਹਵਾਂ ਨੰਗੀਆਂ ਤੇ ਕੂਲੀਆਂ.. ।
"ਵੱਢਦੀ ਤਾਂ ਜਾਹ ਧੀਏ ਰਾਣੀਏਂ,
ਕਰੀਏ ਮਿਹਨਤ ਦਸਾਂ ਨਹੁੰਆਂ
ਦੀ ਹਿੰਮਤ ਨਾ ਹਾਰੀਏ
ਪੁੱਤਰ ਤਾਂ ਮੇਰਾ ਬੱਗਾ ਸ਼ੇਰ,
ਵੱਢੇ ਬਰਾ-ਬਰੋਬਰ ਬਾਪੂ ਦੇ.. ।'
ਝੱਲਿਆ ਨਾ ਜਾਵੇ ਚਾਅ ਮਾਂ ਦਾ,
ਮੁੜ ਮੁੜ ਮੁੜ੍ਹਕਾ ਪੂੰਝਦੀ,
ਮੈਲੇ ਦੁਪੱਟੇ ਨਾਲ, ਵੇਖੇ ਧੀ ਨੂੰ,
ਪੁੱਤਰ ਨੂੰ ਅੱਖੀਂ ਮਮਤਾ-ਮੁੰਦੀਆਂ
ਦਿਲ 'ਚ ਖਾਂਦੀ ਤਰਸ...
ਹੱਥ ਨਿੱਕੇ ਤੇ ਕੂਲੇ ਕਣਕਾਂ ਵਡੀਆਂ,
ਜਿੰਦਾਂ ਨਿੱਕੀਆਂ
'ਹੱਥ ਤਾਂ ਮਾਰੋ ਛੁਹਲੇ ਮੇਰੇ ਸੁਹਣਿਓ...।'
ਦੇਂਦੀ ਦਲੇਰੀਆਂ
'ਫੜਿਆ ਹੱਥ-ਹੁਧਾਰ ਗੁਆਂਢਣ ਤੋਂ ਵੀ,
ਲਈ ਡਿਓਢੇ ਦੂਣੇ ਤੋਂ ਵੀ,
ਲਾਹੁਣਾ ਹੁਧਾਰ ਸ਼ਾਹ ਦਾ ਵੀ...।'
ਮਨ 'ਚ ਸੋਚਦੀ ਸੋਚਾਂ ਡੂੰਘੀਆਂ ਤੇ ਲੰਮੀਆਂ
ਰੋਟੀਆਂ ਸੁੱਕੀਆਂ, ਚੱਟਣੀ ਮਿਰਚਾਂ ਦੀ,
ਜਾਵੇ ਸੰਘ ਸਾੜਦੀ, ਲੰਘਾਉਣ ਥਾਣੀ ਸੰਘ ਬੁਰਕੀਆਂ
ਭਰ ਭਰ ਆਵੇ ਦਿਲ ਮਾਂ ਦਾ
ਘਿਉ ਤੇ ਥਿੰਧੇ ਬਗ਼ੈਰ ਵਾਢੀ ਨਾ ਹੁੰਦੀ, ਗੱਲਾਂ ਝੂਠੀਆਂ ।

ਵੱਢਿਆ ਖੇਤ, ਬੰਨ੍ਹੀਆਂ ਪੰਡਾਂ ਵਡੀਆਂ ਤੇ ਭਾਰੀਆਂ,
ਢੋਅ ਢੋਅ ਪੰਡਾਂ, ਵਾਢਾ ਵੀ ਥੱਕਿਆ, ਥੱਕੀ ਮਾਂ ਵੀ,
ਥੱਕੇ ਮੁੰਡੇ ਕੁੜੀਆਂ ਵੀ, ਪੰਡਾਂ ਵਡੀਆਂ, ਜਿੰਦਾਂ ਅੜੀਆਂ,
ਭੱਜੇ ਜੱਟ, ਭੱਜੇ ਕਾਮਾ, ਭੱਜੇ ਵਾਢਾ,
ਭੱਜਣ ਮੁੰਡੇ ਕੁੜੀਆਂ ਵੀ।
ਨਿਕਲੇ ਦਾਣੇ, ਲੱਗਿਆ ਬੋਹਲ,
ਹੋਈਆਂ ਆਸਾਂ ਪੂਰੀਆਂ ਚਿਰਾਕੀਆਂ,
ਭਰੀਆਂ ਬੋਰੀਆਂ ਹਾਲੀ, ਚਾਰ ਜਾਂ ਪੰਜ ਮਸਾਂ
ਦਿਸਿਆ ਮੇਲ੍ਹਦਾ ਆਉਂਦਾ, ਸ਼ਾਹ ਪਿੰਡ ਦਾ,
ਸਾਹ ਰਹਿ ਗਿਆ ਉਤੇ ਦਾ ਉਤੇ, ਹੱਥ ਓਥੇ ਦਾ ਓਥੇ
ਰੰਗ ਫੱਕ ਅੱਖੀਂ ਟੱਡੀਆਂ।
ਕਿੱਥੋਂ ਪਈ ਬਿੱਜ ਅਸਮਾਨੀਂ, ਪੱਕੀ ਪਕਾਈ ਤੇ ਜਿਵੇਂ
ਪਏ ਗੜਾ,
ਮਿੰਨ੍ਹਾ ਮਿੰਨ੍ਹਾ ਹੱਸਦਾ ਸ਼ਾਹ ਵਿਛਾਉਂਦਾ ਬੋਰੀਆਂ
ਕਰੇ ਹਿਸਾਬ ਦਾਣੇ ਦਾਣੇ ਦਾ ਪਾਈ ਪਾਈ ਦਾ,
ਹੁਧਾਰ ਵਾਢਿਆਂ ਦਾ... 'ਲੇਖਾ ਮਾਵਾਂ-ਧੀਆਂ, ਬਖ਼ਸ਼ੀਸ਼
ਲੱਖ ਟਕਾ, ਗੱਲ ਵਿਹਾਰ ਦੀ ਅਸੂਲ ਜੱਗ ਦਾ।'
ਆਇਆ ਸੰਮਨ ਸਰਕਾਰੀ, ਕਰਜ਼ਾ ਭਾਰੀ,
ਤੋਤੇ ਉੱਡ ਗਏ ਜੱਟ ਦੇ,
ਜਿਵੇਂ ਹੁਕਮ ਕਰਤਾਰੀ –
ਝਾਂਜਾ ਨਾ ਝੁਲਿਆ, ਹਨੇਰੀ ਨਾ ਵਗੀ,
ਹੌਕੇ ਭਰਦੀ ਜ਼ੱਟੀ, ਤਲੀਆਂ ਮਲਦੀ,
ਉੱਡ ਗਈ ਸਾਰੀ ਦੀ ਸਾਰੀ।
ਕੋਠਾ ਢੱਠੇ ਦਾ ਢੱਠਿਆ, ਲੀੜੇ ਪਾਟੇ, ਜੁੱਤੀਆਂ ਠਿੱਬੀਆਂ,
ਮੁਟਿਆਰ ਧੀ ਕੰਨੀਂ ਦੇਖ ਜਾਵੇ ਜੱਟ ਮਰਦਾ,
ਭਾਣਾ ਰੱਬ ਦਾ !
ਵਾਢਾ ਤੇ ਜੱਟ ਬਹਿ ਵੱਟ 'ਤੇ ਝੂਰਦੇ
ਵੇਖਣ ਅਸਮਾਨ ਵਲ, ਰੰਗ ਰੱਬ ਦੇ !

o

## 2. ਮੋਧੂ

ਹੋ ਤਾਂ ਕੁਵੇਲ ਗਈ,
ਉਠਿਆ ਮੋਧੂ ਉਭੜਵਾਹੇ, ਬੈਠਾ ਚੌਂਕੇ ਦੀ ਬੰਨ੍ਹੀ,
ਝਿੜਕਾਂ ਬਾਪੂ ਦੀਆਂ ਬੇਬੇ ਦੀਆਂ,
ਪਲਮਣ ਗਲੇਡੂ ਗੱਲ੍ਹਾਂ ਤੋਂ ਦੀ,
ਅਗੇ ਚਾਹ ਦੀ ਗਿਲਾਸੀ, ਹੱਥ ਟੁੱਕ ਰਾਤ ਦਾ...।
ਅੜਾਣ ਮੱਝੀਂ ਕਿੱਲਿਆਂ 'ਤੇ ਬੱਧੀਆਂ,
ਲੈਣ ਘੁੰਮਣ-ਘੇਰੀਆਂ
ਰੋਣ ਜਾਨ ਆਪਣੀ ਨੂੰ ਮੋਧੂ ਦੀ ਨੂੰ...।
ਖੋਲ੍ਹ ਰੱਸੇ ਚਿੱਕੀਆਂ ਮੱਝੀਂ;
ਲੈ ਚਲਿਆ ਮੋਧੂ ਖੇਤਾਂ ਪਰਾਇਆਂ ਨੂੰ,
ਲੰਬੜਦਾਰਾਂ ਦਿਆਂ ਨੂੰ ਜ਼ੈਲਦਾਰਾਂ ਦਿਆਂ ਨੂੰ;
ਵੱਟੋਂ ਵੱਟ ਪਹੇ ਪਹੇ ਲੱਗੀਆਂ ਜਾਣ ਮੱਝੀਂ,
ਪੂਛਲਾਂ ਲੰਮੀਆਂ ਤੇ ਵੱਖੀਆਂ ਝਿਕੀਆਂ...
ਸੁੰਘਦੀਆਂ ਫਿਰਨ ਘਾਹ ਲੰਮੇ ਤੇ ਹਰੇ-ਕਚੂਰ,
ਖੇਤ ਖ਼ਾਲੀ ਤੇ ਬੰਬੀਆਂ ਲੱਗੀਆਂ...
ਮੱਝੀਂ ਅਗੇ ਅਗੇ ਮੋਧੂ, ਪਿਛੇ ਪਿਛੇ, ਪੈਂਡੇ ਲੰਮੇ, ਪੈਰ ਛੋਟੇ
ਗਲ਼ ਪਾਟੇ ਨੇ ਲੀੜੇ ਪਲਮਣ ਜਟੂਰੀਆਂ
ਧਾਅ ਕੇ ਵੜਦੀਆਂ ਮੱਝੀਂ ਖੇਤਾਂ 'ਚ,
ਫ਼ਸਲਾਂ ਕੂਲੀਆਂ ਤੇ ਨਿੱਕੀਆਂ...
ਹੱਥ ਛੋਟੇ, ਸੋਟੀ ਵਡੀ, ਭੱਜਿਆ ਨਾ ਜਾਵੇ;
ਪੈਰ ਵਾਹਣੇ ਸੂਲੀਂ ਲੰਮੀਆਂ
ਡਾਂਗ ਫੜ ਵੱਟੋ ਵੱਟ ਜੱਟ ਭੱਜਦਾ,
ਭੱਜੇ ਮੋਧੂ, ਭੱਜਣ ਮੱਝੀਂ,
ਭੂਸਰੀਆਂ ਮੱਝੀਂ, ਮਾਲ ਔਂਤਰਾ,
ਮੁੰਡਾ ਨਿੱਕਾ ਖੇਤ ਵਡੇ,
ਦੇਣ ਨਾ ਡਾਹੀ ਮੱਝੀਂ,
ਮੱਕੀ ਕੱਚੀ ਤੇ ਅਲੂੰਈਂ ਜਾਣ ਮਧਾੜਦੀਆਂ
ਡਾਂਗ ਤੇ ਵਰ੍ਹਦੀ ਜੱਟ ਦੀ ਬੁਰੀ,
ਲੱਤੀਂ ਮੱਝੀਂ ਦੀਆਂ, ਮੋਧੂ ਦੀਆਂ,
ਖਾਣ ਭੁਆਂਟਣੀਆਂ ਮੱਝੀਂ ਤੇ ਮੋਧੂ;
ਅੱਗੇ ਮੱਝੀਂ, ਮਗਰ ਮੋਧੂ,
ਸੂਰਜ ਸਿਰ 'ਤੇ ਸਿਖ਼ਰ ਦੁਪਹਿਰਾ,
ਧੁੱਪ ਕਹਿਰ ਦੀ, ਧਰਤੀ ਤੰਦੂਰ ਹੋਈ,
ਤਲੀਆਂ ਨੰਗੀਆਂ, ਸੂਲੀਂ ਲੰਮੀਆਂ ਤੇ ਤਿੱਖੀਆਂ,
ਚੁਭੇ ਭਖੜਾ ਅੱਡੀਆਂ 'ਚ, ਅੜ ਅੜ ਜਾਣ ਪੋਹਲੀਆਂ
ਛੁਟੀ ਲਹੂ ਦੀ ਧਤੀਰੀ, ਰੰਗੀ ਲੱਤ ਰੰਗੇ ਹੱਥ,
ਪੱਗ ਲਾਹ ਪੱਟੀ ਪਾੜਦਾ...
ਭੁੱਖਾ ਤੇ ਤਿਹਾਇਆ ਮੋਧੂ, ਭੁੱਖੀਆਂ ਤੇ ਤਿਹਾਈਆਂ ਮੱਝੀਂ
ਲੈਣ ਲੂਹਰੀਆਂ...।
ਰੁੱਖ ਕਿੱਕਰਾਂ ਦੇ ਛਾਵਾਂ ਛਿਦਰੀਆਂ,
ਕੱਢਦਾ ਤੇ ਮੋਧੂ ਰੋਟੀ; ਖੱਦਰ ਦੇ ਪੋਣੇ 'ਚੋਂ,
ਟੁੱਕ ਸੁੱਕਾ, ਚੱਟਣੀ ਗੰਢੇ ਦੀ,
ਘੁਟੋ-ਵੱਟੀ ਪਾਣੀ ਨਾਲ ਨੰਘਾਵੇ ਰੋਟੀਆਂ,
ਢੀਮਾਂ ਦਾ ਸੱਥਰ,
ਵੱਟ ਦਾ ਸਿਰਹਾਣਾ ਸੁੱਤਾ ਮੋਧੂ ਉਤੋਂ ਲੋਅ ਵਗਦੀ
ਜਾਵੇ ਜਾਨ ਕੱਢਦੀ, ਵਗੇ ਮੁੜ੍ਹਕਾ ਤਤ੍ਹੀਰੀਆਂ,
ਢਲੀਆਂ ਦੁਪਹਿਰਾਂ, ਢਲੇ ਪਰਛਾਵੇਂ, ਕਿੱਕਰਾਂ ਦੇ ਵੀ,
ਜਾਗਿਆ ਮੋਧੂ, ਉਠੀਆਂ ਮੱਝੀਂ,
ਲੱਭਣ ਘਾਹ ਲੰਮੇ, ਖੇਤ ਸੂੰਏ, ਨਾ ਘਾਹ ਲੰਮੇਂ ਨਾ ਸੂੰਏ,
ਚਰਨ ਮੱਝੀਂ ਵੱਟਾਂ 'ਤੇ, ਵੱਟਾਂ ਸੌੜੀਆਂ, ਮੱਝੀਂ ਵਡੀਆਂ,
ਲਿਆਉਣ ਉਲ੍ਹਾਮੇ ਸੁੱਚੇ ਕਿਆਂ ਦੇ, ਫੱਤੇ ਕਿਆਂ ਦੇ,
ਮੱਝੀਂ ਮਾਲ ਅਵੈੜਾ, ਅੰਞਾਣਿਆਂ ਕੋਲ ਨਾ ਗਾਂਹਦੀਆਂ,

ਤੇ ਵਰ-ਦਾਤੀਆਂ ਹੁੰਦੀਆਂ ਨੇ...।
ਉਹ ਤਾਂ ਇਕ ਵਿਵਰਜਿਤ ਫਲ ਏ
ਜੋ ਬੂਟੇ ਦੇ ਨਾਲ ਹੀ ਪੱਕ ਗਿਆ ਏ,
ਤੇ ਪੱਕੇ ਫਲਾਂ ਦੇ ਵਪਾਰੀ ਸ਼ਾਇਦ ਕਦੋਂ ਦੇ ਲੱਦ ਗਏ ਨੇ।
ਉਹ ਕੁੜੀ ਨਹੀਂ ਕੁਆਰ-ਕੋਠਾ ਏ, ਜਿਥੇ ਫੇਰਿਆਂ ਵਾਲੇ
ਗੁਲਾਬੀ ਤੇ ਉਨਾਭੀ ਸੂਟ ਸੀਪਦੇ ਨੇ
ਗੋਟੇ ਤੇ ਤਿੱਲੇ ਦੀਆਂ ਬਾਰੀਕ ਕਢਾਈਆਂ ਕੱਢਦੀ,
ਜਿੱਥੇ ਕਿਸੇ ਦੀ ਨਰਗਸੀ ਅੱਖ ਬੇ-ਨੂਰ ਹੋ ਜਾਂਦੀ ਏ
ਹੁਣ ਤਾਂ ਕੁੜੀਆਂ ਦੀਆਂ ਸ਼ਗਣਾਂ ਵਾਲੀਆ ਝੋਲੀਆਂ 'ਚੋਂ
ਛੁਹਾਰਾ ਕੱਢ ਕੇ ਪਹਿਲਿਆਂ ਵਾਂਗ
ਕੁੜੀਆਂ ਦੀਆਂ ਮਾਵਾਂ ਵੀ ਉਹਦੇ ਮੂੰਹ ਨੂੰ
ਨਹੀਂ ਲਾਉਂਦੀਆਂ।
'ਧੀ ਦਾ ਧਨ ਪਰਾਇਆ ਹੁੰਦਾ ਏ।'
ਹੁਣ ਤਾਂ ਉਹਦੀ ਮਾਂ ਵੀ ਨਹੀਂ ਆਖਦੀ।
ਤੇ ਉਹ ਚਾਂਦੀ-ਰੰਗੇ ਸਿਤਾਰਿਆਂ ਨਾਲ ਜੜਿਆ
ਸਹਿਆਂ ਦਾ ਜੋੜਾ,
ਹਵਾ ਨੂੰ ਸਹਿਕਦਾ ਉਹਦੀ ਮਾਂ ਦੇ
ਰੰਗਲੇ ਸੰਦੂਕ ਦੀ ਕਿਸੇ ਗੁੱਠੇ
ਪਿਆ ਪਿਆ ਈ ਮਰ ਗਿਆ ਏ,
ਰੰਗੀਲ ਫੁੰਡਣੀਆਂ ਆਲੀਆਂ ਝਿਰਮਲ ਝਿਰਮਲ
ਕਰਦੀਆਂ ਪੱਖੀਆਂ ਦੀਆਂ ਰੇਸ਼ਮੀ ਝਾਲਰਾਂ
ਅਣਝੱਲੀਆਂ ਈ,
ਔਂਤਰੇ ਚੂਹਿਆਂ ਨੇ ਕੁਤਰ ਘੱਤੀਆਂ ਨੇ।
ਉਹਨਾਂ ਤੋਤਿਆਂ ਤੇ ਮੋਰਾਂ ਵਾਲੀਆਂ ਦਰੀਆਂ ਦੇ
ਸ਼ੋਖ਼ ਰੰਗ ਵੀ
ਪਈਆਂ ਪਈਆਂ ਦੇ ਹੀ ਉੱਡ ਗਏ ਨੇ,
ਜਿਨ੍ਹਾਂ ਤੇ ਪਹਿਲੀ ਵਾਰ
ਕਿਸੇ ਨੀਂਗਰ-ਚੰਦ ਨੇ ਬੈਠਣਾ ਸੀ।
ਤੇ ਉਹ ਚਾਂਦੀ ਦੇ ਸਗਲੇ!
ਸੁਨਿਆਰੇ ਦੀ ਹੱਟ ਤੇ ਪਿਆਂ ਪਿਆਂ ਦੇ ਈ
ਜਿਨ੍ਹਾਂ ਦੇ ਬੋਰ ਝੜ ਗਏ ਨੇ...।
ਤੇ ਉਹ ਸਿੱਠਣੀਆਂ ਤੇ ਸੁਹਾਗ!
ਅਣਗੌਵੇਂ ਹੀ ਸ਼ਾਇਦ ਸੰਘਾਂ 'ਚ ਸੌਂ ਗਏ ਨੇ।
ਉਹਨਾਂ ਦਲ੍ਹੀਜਾਂ ਨੂੰ ਵੀ ਜਿਨ੍ਹਾਂ 'ਤੇ
ਤੇਲ ਚੋਇਆ ਜਾਣਾ ਸੀ,
ਕਦੋ ਦੀ ਸਿਓਂਕ ਖਾ ਚੁੱਕੀ ਏ,
ਐਤਕੀਂ ਫੇਰ ਉਹਦੇ ਪਿਓ ਨੇ ਭੋਏਂ ਦਾ ਸੌਦਾ ਕੀਤਾ ਏ,
ਪੈਸੇ ਵੀ ਵਿਆਜੀ ਚਾੜ੍ਹ ਲਏ ਨੇ,
ਦਾਣੇ ਵੀ ਡੂਢੇ ਦੂਣੇ ਤੋਂ ਦੇ ਲਏ ਨੇ,
ਸਾਕਾਂ ਦੇ ਜਾਂਦਾ ਹੋਇਆ ਐਤਕੀਂ ਵੀ
ਉਹ ਆਖ ਗਿਆ ਏ,
ਹੋਰ ਤਾਂ ਉਹਨੂੰ ਕੋਈ ਕੰਮ ਨਹੀਂ,
ਉਹ ਤਾਂ ਸਿਰਫ਼ ਜੀਤੋ ਲਈ
ਮੁੰਡਾ ਢੂੰਡਣ ਚਲਿਆ ਏ,
ਜਿਹੜਾ ਕਿਧਰੇ ਵੀ ਹਾਲੀ ਜੰਮਿਆਂ ਨਹੀਂ!
o

---

## ਕਾਲੇ ਧਨ ਵਾਲਾ ਸ਼ੇਸ਼ਨਾਗ

### ਪ੍ਰਲਾਹਦ ਸਿੰਘ

ਉਚ ਕੋਟੀ ਦੇ ਆਰਥਿਕ ਮਾਹਿਰਾਂ ਦੀ ਰਾਇ ਮੁਤਾਬਿਕ ਸਾਡੇ ਦੇਸ਼ ਵਿਚ ਹਰ ਸਾਲ ਪੰਦਰਾਂ ਹਜ਼ਾਰ ਕ੍ਰੋੜ ਰੁਪਏ ਬਤੌਰ ਕਾਲਾ ਧਨ ਪੈਦਾ ਹੁੰਦਾ ਆ ਰਿਹਾ ਹੈ। ਪ੍ਰਸਿਧ ਵਕੀਲ, ਸਾਬਕਾ ਰਾਜਦੂਤ ਅਤੇ ਇਨਕਮਟੈਕਸ ਐਡਵਾਈਜ਼ਰ ਸ੍ਰੀ ਐਨ. ਏ. ਪਾਲਕੀਵਾਲਾ ਮੁਤਾਬਿਕ ਪੌਣੇ ਦੋ ਕਰੋੜ ਰੁਪਏ ਪ੍ਰਤੀ ਘੰਟਾ ਕਾਲਾ ਧਨ ਪੈਦਾ ਹੁੰਦਾ ਹੈ ਜੋ 42 ਕਰੋੜ ਰੁਪਏ ਪ੍ਰਤੀ ਦਿਨ ਬੈਠਦਾ ਹੈ, ਜਿਵੇਂ ਉਹਨਾਂ ਇਕ ਮੀਟਿੰਗ ਵਿਚ ਬੋਲਦਿਆਂ ਕਿਹਾ।

(ਵੇਖੋ ਐਕਨੌਮਿਕ ਟਾਈਮਜ਼ 29-30 ਨਵੰਬਰ 1981)

ਇਹ ਬਲੈਕ ਮਨੀ ਕਿੰਨੀ ਕੁ ਹੈ?

ਡੂਢ ਖਰਬ ਕਿੰਨਾ ਕੁ ਹੁੰਦਾ ਹੈ? ਸਿਰਫ ਐਨਾ ਕੁ ਹੀ – 150000000000 – ਪੜ੍ਹੋ, ਇਕਾਈ, ਦਹਾਈ, ਸੈਂਕੜਾ, ਹਜ਼ਾਰ, ਦਹਿ ਹਜ਼ਾਰ, ਲੱਖ – – – ? – – – ਦਹਿ ਲੱਖ, ਕਰੋੜ, ਦਹਿ ਕਰੋੜ......ਥੋੜਾ ਸਾਹ ਲੈਣ ਦਿਓ, – – – ਅਰਬ, ਦਹਿ ਅਰਬ, ਖਰਬ, ਹਿੰਦੁਸਤਾਨੀ ਹਿਸਾਬ ਮੁਤਾਬਿਕ ਤਾਂ ਇਸ ਤੋਂ ਅਗੇ ਨੀਲਮ, ਪਦਮ, ਸੰਖ ਹੁੰਦੇ ਹਨ। (ਉਸ ਤੋਂ ਅਗੇ ਅਸੰਖ (Infnity) ਆ ਜਾਂਦਾ ਹੈ) ਮਗਰ ਅੰਗਰੇਜ਼ੀ ਹਿਸਾਬ ਵਿਚ ਤਾਂ ਖਰਬ ਤੋਂ ਅਗੇ ਕੁਝ ਹੁੰਦਾ ਹੀ ਨਹੀਂ ਤੇ ਸਾਡੇ ਦੇਸ ਵਿਚ, ਡੂਢ ਖਰਬ ਦੀ ਬਲੈਕ ਮਨੀ ਇਕੋ ਸਾਲ ਵਿਚ ਹੀ ਪੈਦਾ ਹੋਈ ਜਾ ਰਹੀ ਹੈ– – –

ਸੰਖਿਆ ਸਮਝਣ ਵਾਸਤੇ ਅਸੀਂ ਇੰਝ ਗਿਣ ਲੈਂਦੇ ਹਾਂ – (ੳ) ਦਸ ਦਿਨਾਂ ਦੀ ਬਲੈਕਮਨੀ ਨਾਲ ਸੱਤਾਂ ਸਾਲਾਂ ਵਿਚ ਬਣਨ ਵਾਲਾ ਥੀਨ ਡੈਮ (ਅਗਰ ਕਦੇ ਸ਼ੁਰੂ ਹੋਇਆ ਤਾਂ, ਹਾਲੇ ਨੀਂਹ ਪੁਟਣ ਖਾਤਰ, ਕਹੀ ਦਾ ਆਡਰ ਕਿਸੇ ਲੁਹਾਰ ਨੂੰ ਦੇਣਾ ਹੈ – – –) ਪੰਜਾਂ ਸਾਲਾਂ ਵਿਚ ਪੂਰਾ ਹੋ ਸਕਦਾ ਹੈ।

(ਅ) ਸੱਤਾਂ ਦਿਨਾਂ ਦੀ ਬਲੈਕ ਮਨੀ ਨੂੰ ਅਗਰ ਸਾਡੀ ਸਰਕਾਰ ਫੜ੍ਹ ਲਵੇ ਤਾਂ ਤਮਾਮ ਕੇਂਦਰੀ ਮੁਲਾਜ਼ਮ

ਮੱਝੀਂ ਅਗੇ, ਮੋਧੂ ਪਿਛੇ, ਵੱਟਾਂ ਸੌੜੀਆਂ ਤੇ ਲੰਮੀਆਂ
ਭੱਜਣ ਮੱਝੀਂ; ਲੰਡਾਏ ਮੋਧੂ,
ਦੇਣ ਨਾ ਡਾਹੀ ਮੱਝੀਂ ਔਂਤਰੀਆਂ,
ਡਿੱਗਣ ਅੱਥਰੂ ਗੱਲ੍ਹਾਂ ਤੋਂ ਦੀ ਧੌਣ ਤੋਂ ਦੀ,
ਪੈਣ ਤਰਾਟਾਂ ਅੱਡੀ 'ਚ, ਲੱਤ 'ਚ, ਨਾ ਜਾਣ ਝੱਲੀਆਂ...।
ਆਈਆਂ ਮੱਝੀਂ, ਆਇਆ ਮੋਧੂ ਵੀ ਪਿਛੇ,
ਆਵੇ ਪੈਰ ਘਸੀਟਦਾ
ਅੱਡੀ ਅੱਡੀ ਅੱਖੀਂ ਗੋਲੋ ਝਾਕਦੀ;
ਫੜ ਸੂਈ ਕਢਦੀ ਕੰਡਾ,
ਪੋਟੇ ਜੋਡਾ ਕਿੱਕਰ ਦਾ;
ਪਲਮਣ ਅੱਥਰੂ ਸਹਾਰਿਆ ਨਾ ਜਾਏ
ਸੱਲ੍ਹ ਪੁੱਤ ਦਾ...
ਚੋਈਆਂ ਮੱਝੀਂ; ਭਰੀ ਬਾਲਟੀ, ਰੋਵੇ ਗੋਗੂ, ਰੋਵੇ ਗੁੱਡੀ;
ਵੇਖੇ ਮੋਧੂ; ਵੇਖੇ ਮੋਪੀ;
ਤਰਦੀਆਂ ਬੁਲਬਲੀਆਂ...ਖੜਕੇ ਟੱਲੀ ਸੈਕਲ ਦੀ
ਦਲ੍ਹੀਜ਼ਾਂ 'ਚ ਦੋਧੀ ਖੜਿਆ
ਕਿੱਲੋ ਕਿੱਲੋ ਮਿਣਦੀ; ਪਾਈਆ ਪਾਈਆ ਮਿਣਦੀ;
ਮੁੰਡਿਆਂ ਦੀ ਮਾਂ, ਕੁੜੀਆਂ ਦੀ ਮਾਂ, ਸੱਖਣੀ ਬਾਲਟੀ;
ਸੱਖਣੀਆਂ ਅੱਖੀਂ; ਸੱਖਣੀ ਧਰਤੀ; ਅਸਮਾਨ ਸੱਖਣਾ;
ਸੱਖਣੀਆਂ ਕੁੱਖਾਂ ਅੰਵਾਣਿਆਂ ਦੀਆਂ;
ਮੱਝੀਂ ਏਥੇ; ਦੁੱਧ ਓਥੇ, ਬਾਲ ਅਸਲੋਂ ਅੰਵਾਣੇ;
ਸਮਝਾਂ ਨਿੱਕੀਆਂ; ਗੱਲਾਂ ਵੱਡੀਆਂ ਤੇ ਸਮਝੋਂ ਬਾਹਰੀਆਂ...।

o

## 3. ਕੰਧੀਂ ਕੱਚੀਆਂ ਤੇ ਕੱਲਰੀਆਂ

ਕੰਧੀਂ ਕੱਚੀਆਂ ਤੇ ਕੱਲਰੀਆਂ, ਕੋਠਾ ਭੰਤੋ ਦਾ;
ਵਗਣ ਹਨੇਰੀਆਂ ਕਾਲੀਆਂ ਤੇ ਬੋਲੀਆਂ; ਝੁੱਲਣ ਝਾਂਜੇ
ਕੜਕੇ ਬਿਜਲੀ ਬੱਦਲਾਂ 'ਚੋਂ ਦੀ
ਾਵੇ ਕਲੇਜਾ ਕਢਦੀ ਤੇ ਦਿਲ ਚੀਰਦੀ;
ਕਾੜ ਕਾੜ ਰੁੱਖ ਡਿੱਗਦੇ...।
ਰਾਤੀਂ ਕਾਲੀਆਂ ਤੇ ਬੋਲੀਆਂ,
ਗਲੀਆਂ ਸੁੰਨੀਆਂ ਰੋਣ ਬਿੱਲੀਆਂ;
ਭੌਂਕਣ ਕੁੱਤੇ ਘਰ ਘਰ ਸੰਨ੍ਹਾਂ ਲੱਗੀਆਂ...
ਕੰਧੀਂ ਕੱਚੀਆਂ ਮੋਰੀਆਂ ਡੂੰਘੀਆਂ ਤੇ ਲੰਮੀਆਂ,
ਵਿਚ ਨਾਗ ਵੱਸਦੇ;
ਫਨੀਅਰ ਤੇ ਬਿਸੀਅਰ ਜਾਣ ਮੇਲ੍ਹਦੇ...
ਕੰਧੀਂ ਕੱਚੀਆਂ, ਦਰਾੜਾਂ ਖੁੱਲ੍ਹੀਆਂ;
ਨੀਹਾਂ ਬੋਦੀਆਂ, ਮੋਰੀਆਂ ਵਡੀਆਂ
ਜਾਣ ਲਿਓੜ ਲੱਥਦੇ
ਕੰਧੀਂ ਕੱਚੀਆਂ ਤੇ ਕੱਲਰੀਆਂ, ਉਤੋਂ ਸੀਤ ਵਗਦੀ;
ਚਲਣ ਫਾਕੜੇ ਤੇ ਲੂਹਰੀਆਂ; ਅੰਦਰ ਤਾਂ ਸੁੰਨ ਚੜ੍ਹਦੀ
ਮਿੱਟੀ ਟੋਬੇ ਤੋਂ ਲਿਆਵੇ;
ਪੰਬ ਤੂੜੀ ਦੀ ਰਲਾਵੇ, ਪਈ ਟਾਕੀਆਂ ਲਾਵੇ
ਲਿੰਬੇ ਕੰਧਾਂ ਕੱਲਰੀਆਂ, ਲਿੰਬੇ ਫ਼ਰਸ਼ ਕੱਚਾ, ਛੱਤ ਬੋਦੀ
ਲਿੰਬ ਲਿੰਬ ਭੰਤੋ ਥੱਕ ਗਈ;
ਕੰਧੀਂ ਕੱਚੀਆਂ ਓਏ ਰੱਬਾ, ਪੈਣ ਮੀਂਹ ਛਰ੍ਹਾਟਿਆਂ ਦੇ
ਕੰਧਾਂ ਵੀ ਗਿੱਲੀਆਂ, ਕੋਠਾ ਵੀ ਗਿੱਲਾ,
ਖੁਰੀਆਂ ਕੰਧਾਂ, ਖੁਰਿਆ ਕੋਠਾ,
ਪਵੇ ਮੀਂਹ ਛੱਜੀਂ ਤੇ ਖਾਰੀਂ, ਮੋਰੇ ਖੁਲ੍ਹੇ ਮੁੱਘ ਟੁੱਟਾ,
ਵਗੇ ਛੱਤ ਬਰਲੀਂ ਬਰਲੀਂ, ਕਾੜ ਕਾੜ ਡਿੱਗਣ ਕੜੀਆਂ,
ਮੀਂਹ ਡੱਕਿਆ ਨਾ ਜਾਵੇ, ਹਨੇਰੀ ਛੱਤ ਪਈ ਉਡਾਵੇ,
ਡਿੱਗੀ ਛੱਤ ਢੱਠਿਆ ਕੋਠਾ...
"ਲੁਟੇ ਗਏ ਵੇ ਲੋਕੋ, ਮਾਰੇ ਗਏ ਵੇ ਲੋਕੋ"
ਹੋਈ ਕਮਲੀ ਤੇ ਬਾਉਰੀ...
ਫਿਰੇ ਗਲੀਆਂ 'ਚ ਭੰਤੋ ਕੂਕਦੀ...।

o

## 4. ਸਿਲੇ-ਹਾਰੀਆਂ

ਮਾਂਜੇ, ਛੱਜਲੀਆਂ, ਛਾਨਣੀਆਂ, ਮੈਲ-ਮਾਰੇ ਲੀੜਿਆਂ 'ਚ
ਬੰਨ੍ਹੀਂ; ਸਿਰਾਂ ਤੇ ਚਾਈ, ਗਿੱਟਿਆਂ ਤੋਂ ਉਚੀਆਂ;
ਗੋਡਿਆਂ ਤੋਂ ਪਾਟੀਆਂ
ਘਸਮੈਲੀਆਂ, ਮੈਲ ਖੋਰੀਆਂ;
ਬਿਗੜੀਆਂ ਆਲੀਆਂ ਸੁੱਥਣੀਆਂ ਪਾਈ
ਬੁੱਢੀਆਂ, ਨੱਢੀਆਂ, ਮੁਟਿਆਰਾਂ, ਨਾ ਅਟਕਣ ਨਾ ਖਲੋਣ
ਭੱਜੀਆਂ ਜਾਵਣ, ਤੁਰੀਆਂ ਜਾਵਣ, ਸਿੱਧੀਆਂ-ਸਤੂਰ
ਤਾਵਲੀਆਂ ਤਾਵਲੀਆਂ
ਨਾ ਪ੍ਰਵਾਹ ਉਹਨਾਂ ਨੂੰ ਨੰਗੇ ਪੈਰਾਂ ਦੀ,
ਪਾਟੀਆਂ ਬਿਆਈਆਂ ਦੀ,
ਉਲੰਘਦੀਆਂ ਜਾਣ ਭੱਖੜੇ ਤੇ ਪੋਹਲੀਆਂ,.
ਵੱਜਣ ਤੁੰਡੇ ਪੈਰਾਂ 'ਚ, ਖੁੜਸਣ ਸੂਲਾਂ,
ਵੱਟਣ ਕਸੀਸਾਂ, ਭੀਚਣ
ਬੁਲ੍ਹੀਆਂ; ਪੀ ਜਾਵਣ, ਪੀੜ, ਪੁੱਟ ਦੇਣ ਸੂਲ;
ਪੂੰਝ ਦੇਣ ਲਹੂ ਚੁੰਨੀ ਦੀ ਚੁਕ ਨਾਲ
ਵੜ ਜਾਵਣ ਖੇਤਾਂ 'ਚ ਧਾਅ ਕੇ ਡੱਕਦਿਆਂ ਡੱਕਦਿਆਂ,
ਚੁਗਣ ਸਿੱਟਾ ਸਿੱਟਾ, ਦਾਣਾ ਦਾਣਾ, ਕੌਡੀਆਂ ਕੌਡੀਆਂ,
ਚੁਗਣ ਛੁਹਲੀ ਛੁਹਲੀ, ਕਾਹਲੀ ਕਾਹਲੀ;
ਧੁੱਪ ਜੁ ਲੱਗਦੀ;
ਧਰਤੀ ਅੰਗਿਆਰ ਵਾਂਗ ਦਗਦੀ, ਵਗਣ ਲੋਆਂ;
ਸਿਰ-ਸਾੜਵੀਆਂ ਤੇ ਪਿੰਡੇ-ਲੂਹਣੀਆਂ;
ਨਾ ਰੁਕਣ; ਨਾ ਅਟਕਣ, ਚੁਗੀ ਜਾਵਣ ਸਿੱਟਾ ਸਿੱਟਾ,
ਭਰੀ ਜਾਵਣ ਝੋਲ; ਜਿਵੇਂ ਤੀਵੀਆਂ ਨਾ ਹੋਣ,
ਹੋਣ ਸਿਲੇ-ਹਾਰੀਆਂ

"ਕੰਗਲੀਆਂ, ਚੋਰਟੀਆਂ, ਫਫੇਕੁੱਟਣੀਆਂ;
ਇਹ ਤਾਂ ਭਰ-ਦੁਪਹਿਰੇ ਨਿਕਲਦੀਆਂ,
ਮਰੇਂਡਣ ਸਿੱਟੇ, ਚੁਕਣ ਦਾਣੇ;
ਨਾ ਲੱਥੀ ਦੀ ਨਾ ਚੜ੍ਹੀ ਦੀ,
ਇਹ ਵੀ ਕੋਈ ਜ਼ਨਾਨੀਆਂ !"
"ਇਹ ਤਾਂ ਸੋਂਘੀਆਂ, ਢਿੱਲ-ਅੱਖੀਆਂ, ਦੂਰੋਂ ਹੀ ਤਾੜਦੀਆਂ
ਸੁੰਵੇ ਪਿੜਾਂ ਨੂੰ, ਨਿ-ਖਸਮੇ ਬੋਹਲਾਂ ਨੂੰ,
ਹਰਲ ਹਰਲ ਕਰਦੀਆਂ...ਤੂੜੀ ਦੀ ਪੰਡ ਨਾਲ
ਲਿੱਬੜੇ ਜੱਟ ਨਾਲ ਸੌਦਾ ਕਰਦੀਆਂ;
ਖਿੱਝਦੀਆਂ, ਖਪਦੀਆਂ ਤੇ ਝਗੜਦੀਆਂ;
ਮਰ ਮਰ ਜਾਵਣ ਸਿੱਟੇ ਸਿੱਟੇ ਲਈ, ਦਾਣੇ ਦਾਣੇ ਲਈ
ਕਰਨ ਮਿੰਨਤਾਂ ਕੱਢਣ ਲਿਲ੍ਹਕੜੀਆਂ...ਉਹ ਤਾਂ
ਜਾਪਣ ਮੋਮੋਠਗਣੀਆਂ...।"
"ਦਸਾਂ ਨਹੁੰਆਂ ਦੀ ਕਾਰ ਕਮਾਈਏ;
ਧੁਰ-ਪਤਾਲ ਤੋਂ ਵੀ
ਦਾਣਾ ਕੱਢ ਲਿਆਈਏ, ਅਸੀਂ ਤਾਂ ਕੀੜੀਆਂ,
ਆਪਣੀ ਕਿਸਮਤ ਖਾਈਏ ।
ਅੰਨ ਤਾਂ ਭਗਵਾਣ ਹੁੰਦਾ ਈ ਪੈਰਾਂ ਹੇਠ ਨਾ ਰੋਲੀਏ;
ਚਿੜੀ-ਜਨਾਵਰ ਵੀ ਖਾਵੇ;
ਆਪੋ ਆਪਣਾ ਨਸੀਬਾ ਹਰ ਕੋਈ
ਚੁਗ ਲਿਆਵੇ...।"
ਧਰਤੀ ਲੋਂਦੀ, ਹਾੜ ਬੋਲਦਾ,
ਵਾਅ-ਵਰੋਲੇ ਲੈਣ ਘੁਮਣ-ਘੇਰੀਆਂ,
ਕੁੱਟਣ ਘੁੰਡੀਆਂ, ਛੱਟਣ ਦਾਣੇ, ਫੋਲਣ ਤੂੜੀ; ਫੱਕਣ ਘੱਟਾ;
ਉਹ ਤਾਂ ਤੀਵੀਂਆਂ ਨਾ; ਛਜਲੀਆਂ ਛਾਨਣੀਆਂ ਬਹੁਕਰਾਂ ।
ਢਿਡੋਂ-ਭੁਖੀਆਂ, ਸੰਘੋਂ-ਸੁੱਕੀਆਂ, ਇਕ ਇਕ ਦਾਣਾ
ਛੱਟਣ ਤੇ ਸੁਆਰਨ; ਨਾ ਅੱਕਣ ਨਾ ਥੱਕਣ,
ਲੋਹੇ-ਰੰਗੀਆਂ...।
ਘੱਟੇ ਲਿੱਬੜੀਆਂ, ਵਾਅ-ਵਰੋਲਿਆਂ ਸੰਗ ਉਡਣ,
ਇਹ ਤਾਂ ਜਾਪਣ
ਭੂਤਣੀਆਂ ਸਿਵਿਆਂ ਦੀਆਂ ।
ਇਹ ਤਾਂ ਧੀਆਂ ਧਰਤ ਦੀਆਂ !
ਬਾਜ਼ੀ-ਗਰਨੀਆਂ ਮੇਰੇ ਪਿੰਡ ਦੀਆਂ ।

o

## 5. ਜੀਤੋ ਦਰਜਨ

ਕਦੀ ਉਹਨੂੰ ਜੀਤੋ ਕਿਹਾ ਜਾਂਦਾ ਸੀ;
ਫਿਰ ਭੈਣ ਜੀਤੋ ਤੇ ਫਿਰ ਭੂਆ ਜੀਤੋ..
ਪਰ ਸਫ਼ਰ ਹਾਲੀ ਜਾਰੀ ਏ,
ਵੈਸੇ ਕੋਈ ਖ਼ਾਸ ਗੱਲ ਨਹੀਂ; ਉਹ ਕਪੜੇ ਸਿਓਂਦੀ ਏ
ਐਵੇਂ ਦੁਨੀਆਂ ਕੂੜ ਤੋਲਦੀ ਏ, ਗੱਲ ਤਾਂ ਸੰਜੋਗਾਂ ਦੀ ਏ;
ਜਿਹੜੇ ਖੋਲ੍ਹੇ ਨਹੀਂ ਜਾ ਸਕਦੇ, ਖੁਲ੍ਹਦੇ ਨੇ;
ਪਰ ਭਾਵੇਂ ਦਾਤਰੀ ਨੂੰ ਦੰਦੇ ਇਕ ਬੰਨੇ ਹੁੰਦੇ ਨੇ;
ਲੋਕਾਂ ਨੂੰ...
ਨਾਲੇ ਕੰਧਾਂ ਨੂੰ ਵੀ ਕੰਨ ਹੁੰਦੇ ਨੇ...
ਆਖਦੇ ਨੇ ਜੀਤੋ ਕੁੜੀ ਨਹੀਂ ਕੈਂਚੀ; ਮਸ਼ੀਨ ਤੇ ਸੂਈ ਏ;
ਨਾਲੇ ਹੁਣ ਉਹਨੂੰ ਕੁੜੀ ਕੌਣ ਆਖਦਾ ਏ ?
ਉਹ ਤਾਂ ਊਸ਼ਾ ਮਸ਼ੀਨ ਦਾ ਇਕ ਬਹੁਤ ਪੁਰਾਣਾ ਮਾਡਲ ਏ
ਕਹਿੰਦੇ ਨੇ ਉਹਦੀ ਸੂਈ ਪਾਟੀ ਕਿਸਮਤ ਨੂੰ ਸੀਊਂਦੀ ਏ,
ਉਂਞ ਉਹ ਦਾਜ ਦੇ ਕਪੜੇ ਤੇ ਵਰੀਆਂ ਦੇ
ਤਿਉਰ ਵੀ ਸੀਊਂਦੀ ਏ;
ਕਹਿੰਦੇ ਨੇ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ
ਵਿਆਹ ਉਹਨੇ ਆਪਣੇ ਹੱਥੀਂ ਕੀਤੇ ਨੇ,
ਆਪਣੇ ਨਾਲ ਦੀਆਂ ਦੇ ਵੀ ਤੇ
ਆਪਣੇ-ਹੱਥੀਂ ਜੰਮੀਆਂ ਦੇ ਵੀ...।
ਸੁਣੀਂਦਾ ਏ ਉਹਦਾ ਪਿਉ ਹਰ ਸਾਲ ਗੁਆਂਢੀਆਂ ਦੇ
ਕੁਝ ਮਰਲੇ ਕੱਪ ਲੈਂਦਾ ਏ – ਫੇਰ ਪਰ੍ਹੇ 'ਚ ਬੈਠਾ,
ਅਸਮਾਨ ਨੂੰ ਵੀ ਟਾਕੀ ਲਾ ਆਉਂਦਾ ਏ...
ਲੋਕ ਦਿਲ ਹੀ ਦਿਲ 'ਚ ਹੱਸਦੇ ਨੇ
ਤੇ ਪਿੱਛੇ-ਕੰਡੀ ਉਹਨੂੰ 'ਕੰਜਰ' ਦੱਸਦੇ ਨੇ ।
ਜੀਤੋ ਦੀਆਂ ਐਨਕਾਂ ਦਾ ਨੰਬਰ ਪਿਛੇ ਜਿਹੇ
ਫੇਰ ਬਦਲਿਆ ਏ;
ਉਹਦੀਆਂ ਅੱਖਾਂ ਹੋਰ ਚੁੰਨ੍ਹੀਆਂ
ਤੇ ਸ਼ੀਸ਼ੇ ਹੋਰ ਮੋਟੇ ਹੋ ਗਏ ਨੇ,
ਤੇ ਉਹਦੇ ਵਾਲਾਂ 'ਚ ਚਾਂਦੀ ਦੀਆਂ ਹੋਰ ਤਾਰਾਂ
ਉੱਗ ਆਈਆਂ ਨੇ ।
ਜਿਵੇਂ ਆਖਦੇ ਨੇ;
ਧੌਲੇ ਤਾਂ ਸਹੁਰੇ ਅਜਕਲ ਉਂਞ ਈ
ਕਮਲੇ ਹੋਏ ਫਿਰਦੇ ਨੇ...।
ਉਂਞ ਜੀਤੋ ਇਕ ਸਾਊ ਧੀ ਏ, ਜੋ ਕੋਠੇ ਨਹੀਂ ਟੱਪਦੀ,
ਸੁਣਿਐਂ ਉਹਦੇ ਸੱਜੇ ਗੋਡੇ ਦੀ ਦਰਦ ਹੋਰ ਵਧ ਗਈ ਏ ।
ਉਹ ਤਾਂ ਧੀ ਨਹੀਂ ਗਊ ਏ...
ਆਂਹਦੇ ਨੇ ਗਊ ਓਥੇ ਛੱਡੀਏ ਜਿਥੇ ਘਾਹ ਹੋਵੇ,
ਚੁਬਾਰੇ ਦੀ ਇੱਟ ਮੋਰੀ ਨੂੰ ਤਾਂ ਲੱਗਣੋਂ ਰਹੀ,
ਬਰ ਤਾਂ ਮੇਚਣਾ ਈ ਪੈਂਦਾ ਏ,
ਭਾਵੇਂ ਜੀਤੋ ਹਰੇਕ ਬਰ 'ਚੋਂ, ਕਪੜਾ ਕੱਟਣਾ ਜਾਣਦੀ ਏ...
ਸਾਰਾ ਪਿੰਡ ਉਹਦੇ ਸੀਤੇ ਹੋਏ ਕਪੜੇ ਪਾਂਦਾ ਏ,
ਪਰ ਆਪ ਉਹ ਹਾਲੀ ਵੀ
ਉਹਨਾਂ ਕਪੜਿਆਂ ਬਾਰੇ ਸੋਚ ਰਹੀ ਏ,
ਜੋ ਹਾਲੀ ਸੀਤੇ ਜਾਣੇ ਨੇ...।
ਉਹ ਤਾਂ ਧੀ ਨਹੀਂ 'ਦੇਵੀ' ਏ,
ਤੇ ਦੇਵੀਆਂ ਦੇ ਕਦੀ ਵਿਆਹ ਨਹੀਂ ਹੁੰਦੇ,
ਉਹ ਤਾਂ ਸਿਰਫ਼ ਸਤਿਕਾਰ-ਯੋਗ

ਨੂੰ ਇਕ --- ਇਕ ਨਹੀਂ ਦੋ --- ਦੋ ਨਹੀਂ ਚਾਰ ---- ਹਾਂ ਇਕਠੀਆਂ ਚਾਰ ਚਾਰ ਮਹਿੰਗਾਈ ਕਿਸ਼ਤਾਂ ਦਿਤੀਆਂ ਜਾ ਸਕਦੀਆਂ ਹਨ। ਪਿਛਲੇ ਹਫਤੇ ਜਦੋਂ ਰੇਵਲੇ ਦੇ 15 ਪ੍ਰਤੀਸ਼ਤ ਕਿਰਾਏ ਵਧਾਏ ਗਏ ਰੇਲ ਮੰਤਰੀ ਪਾਂਡੇ ਦਾ ਬਿਆਨ ਸੀ, "ਮੁਲਾਜ਼ਮਾਂ ਨੂੰ ਇਕ ਮਹਿੰਗਾਈ ਕਿਸ਼ਤ ਦੇਣ ਨਾਲ (ਏਸ਼ੀਆ ਦੇ ਸਭ ਤੋਂ ਵਡੇ ਅਦਾਰੇ) ਰੇਲਵੇ ਤੇ ਬਹੁਤ ਭਾਰੀ ਬੋਝ ਆਣ ਪਿਆ ਸੀ, ਇਸ ਲਈ ਉਹ (68 ਕਰੋੜ ਹਿੰਦੁਸਤਾਨੀਆਂ ਤੇ) ਟੈਕਸ ਲਾਣ ਲਈ 'ਮਜਬੂਰ' ਹੈ। ਉਂਜ ਕਿਰਾਇਆ ਸਿਰਫ ਢੋਆ-ਢੁਆਈ ਦਾ ਹੀ ਵਧਾਇਆ ਗਿਆ ਹੈ — ਆਮ ਮੁਸਾਫ਼ਰ ਤੇ ਇਸ ਦਾ ਕੋਈ ਅਸਰ ਨਹੀਂ ਪਵੇਗਾ।

ਉਂਜ ਜਦੋਂ ਰੇਲ ਦੇ ਭਾੜੇ ਵਧਣਗੇ ਤਾਂ ਗੁੜ, ਛੋਲਿਆਂ, ਕਣਕ, ਚੌਲ, ਲੂਣ, ਤੇਲ ਦੀਆਂ ਕੀਮਤਾਂ ਤਾਂ ਨਹੀਂ ਨਾ ਵਧਣਗੀਆਂ ?

(ੲ) ਸਿਰਫ ਤਿੰਨ ਮਹੀਨਿਆਂ ਦੀ ਬਲੈਕਮਨੀ ਨਾਲ ਹਿੰਦੁਸਤਾਨ ਦੀ ਤਮਾਮ ਖੰਡ (7 ਕਰੋੜ ਕਵਿੰਟਲ) ਅਤੇ ਚੌਹਾਂ ਮਹੀਨਿਆਂ ਦੀ ਬਲੈਕ ਮਨੀ ਨਾਲ ਕਣਕ ਦਾ ਇਕ 2 ਦਾਣਾ (35 ਕਰੋੜ ਕਵਿੰਟਲ) ਖਰੀਦ ਕੇ ਰਾਤੋ ਰਾਤ ਪਤਾਲ ਪੁਚਾਏ ਜਾ ਸਕਦੇ ਹਨ।

(ਸ) ਇਕ ਦਿਨ ਦੀ ਮਹਿੰਗਾਈ ਅਗਰ ਕਾਬੂ ਕਰ ਲਈ ਜਾਏ ਤਾਂ ਸਰਕਾਰ ਨੂੰ ਉਨੀ ਕੁ ਹੀ ਆਮਦਨ ਹੋ ਜਾਵੇਗੀ ਜਿੰਨੀ ਕੁ ਪਿਛਲੇ ਸਾਲ ਡੂਢ ਕਰੋੜ ਪੰਜਾਬੀਆਂ ਤੇ 43 ਪ੍ਰਤੀਸ਼ਤ ਟੈਕਸ ਲਾਉਣ ਨਾਲ ਸਾਰੇ ਸਾਲ ਦੁਰਾਨ ਹੋਈ ਸੀ — (ਬਸ ਕਿਰਾਏ 'ਚ ਵਾਧਾ)।

(ਹ) ਇਕ ਘੰਟੇ ਦੁਰਾਨ ਪੈਦਾ ਹੋਣ ਵਾਲੀ ਬਲੈਕਮਨੀ ਨਾਲ ਤਮਾਮ ਪੰਜਾਬੀ ਹਰੀਜਨ ਵਿਦਿਆਰਥੀ ਵੀਰਾਂ ਨੂੰ [illegible] ਰੁਪਏ ਮਹੀਨਾ ਬਤੌਰ ਵਜ਼ੀਫਾ ਪ੍ਰਤੀ ਮਹੀਨਾ ਦਿਤਾ ਜਾ ਸਕਦਾ ਹੈ।

(ਕ) ਗਰੀਬੀ ਉਰਫ ਕੰਗਾਲੀ ਰੇਖਾ ਤੋਂ ਹੇਠਾਂ ਰਹਿ ਰਹੇ ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਮਨੀ ਪੁਰ, ਆਸਾਮ, ਤਰੀਪੁਰਾ, ਰਾਜਸਥਾਨ ਅਤੇ ਹੋਰ ਸੂਬਿਆਂ ਦੇ 20 ਕਰੋੜ ਭਾਰਤ ਵਾਸੀ ਓਨਾਂ ਧਨ ਸਾਰੇ ਸਾਲ ਦੁਰਾਨ ਓਨੇ ਪੈਸੇ ਰੋਟੀ-ਕਪੜੇ, ਰਹਿਣੀ-ਸਹਿਣੀ, ਆਉਣ-ਜਾਣ, ਗ਼ਮੀ-ਖ਼ੁਸ਼ੀ ਉਪਰ ਖਰਚ ਨਹੀਂ ਹਨ ਕਰਦੇ ਜਿੰਨੀ ਬਲੈਕ ਮਨੀ ਸਾਰੇ ਸਾਲ ਦੁਰਾਨ ਅਜ਼ਾਦ ਭਾਰਤ ਵਰਸ਼ ਵਿਚ ਪੈਦਾ ਹੋ ਰਹੀ ਹੈ।

(ਖ) ਤਿੰਨਾਂ ਦਿਨਾਂ ਦੀ ਕਲੀ ਮਨੀ ਨਾਲ ਪਾਰਲੀਮੈਂਟ ਦੀਆਂ ਸਾਰੀਆਂ ਸੀਟਾਂ ਉਪਰ ਗੱਜ ਵੱਜ ਕੇ ਚੋਣ ਲੜੀ ਜਾ ਸਕਦੀ ਹੈ ਅਤੇ ਬੰਗਾਲ, ਕੇਰਲਾ, ਤਰਿਪੁਰਾ, ਜੰਮੂ ਕਸ਼ਮੀਰ ਅਤੇ ਤਾਮਿਲਨਾਡੂ ਆਦਿ ਵਰਗੇ ਕੁਝ ਕਸਬੇ ਛਡ ਕੇ ਬਾਕੀ ਸਭ ਥਾਈਂ ਸੀਟਾਂ ਜਿੱਤੀਆਂ ਜਾ ਸਕਦੀਆਂ ਹਨ। (20-22 ਲੱਖ ਪ੍ਰਤੀ ਸੀਟ ਤੇ ਖਰਚ ਕੇ।)

## ਬਲੈਕਮਨੀ ਕਿਵੇਂ ਬਣਦੀ ਹੈ ?

ਅਜ ਜਨ-ਸਧਾਰਨ ਤਾਂ ਬੇਸ਼ੱਕ, ਲਾਈਨਮੈਨਾਂ, ਕੰਡੈਕਟਰਾਂ, ਕਲੱਰਕਾਂ ਆਦਿ ਨੂੰ ਹੀ ਦੇਸ਼ ਦਾ ਮੁਖ ਦੁਸ਼ਮਨ ਗਿਣੀ ਜਾ ਰਿਹਾ ਹੈ ਪਰ ਦੇਸ਼ ਦੇ ਬਜ਼ੁਰਗ (66 ਸਾਲਾ) ਸੂਝਵਾਨ, ਨੀਤੀਵਾਨ ਨੇਤਾ ਸ੍ਰੀ ਮਤੀ ਇੰਦਰਾ ਗਾਂਧੀ ਜੀ ਨੂੰ ਪੰਞੀਆਂ ਵਾਲੀ ਬੋਰੀ ਇਕ ਸੌ ਪੰਞੀਆਂ ਦੀ ਵੇਚਣ ਵਾਲਾ ਅਤੁੱਲੇ ਫਿਰ ਵੀ ਈਮਾਨ-ਦਾਰ ਵਖਾਈ ਦਿੰਦਾ ਹੈ। ਖੈਰ ਵੇਖਣ ਵਾਲੀ ਦੀ ਆਪਣੀ ਆਪਣੀ ਨਜ਼ਰ ਹੁੰਦੀ ਹੈ। ਆਓ ਜ਼ਰਾ ਗੌਰ ਕਰੀਏ ਕਿ ਬਲੈਕਮਨੀ ਕਿਥੋਂ ਆਉਂਦੀ ਹੈ ?

ਅਜ ਭਾਰਤ ਵਰਸ਼ ਵਿਚ ਕਿਤਾਬਾਂ, ਕਾਪੀਆਂ, ਸਿਆਹੀਆਂ, ਦਵਾਤਾਂ (ਸਨ 1968-69 ਵਿਚ ਕੁਇੰਕਪਾਰ-ਕਰ ਸਿਆਹੀ ਦੀ ਦਵਾਤ ਅਤੇ ਚੈਰੀ ਬੂਟ ਪਾਲਿਸ਼ ਅੱਠ ਆਨਿਆਂ ਤੋਂ ਯਕ ਦਮ ਢਾਈ ਦੀ ਹੋ ਗਈ ਸੀ,) ਸੂਈਆਂ, ਧਾਗੇ (ਜਿਥੇ 1500 ਰੁਪਏ ਆਉਣ ਵਾਲਾ ਸਾੜੀਆਂ ਢਾਈ ਤਿੰਨਾਂ ਸਾਲਾਂ ਵਿਚ 6500 ਰੁਪਏ ਹੋ ਜਾਵੇਗਾ ਉਥੇ ਸੂਈਆਂ-ਕੰਧੂਈਆਂ, ਰੰਬੇ-ਦਾਤਰੀਆਂ, ਟਰੰਕ-ਪੇਟੀਆਂ ਆਪਣੇ ਆਪ ਹੀ ਬਲੈਕ ਵਿਚ ਵਿਕਣ ਲਗ ਪੈਣਗੀਆਂ, ਜਿਨ੍ਹੂੰ ਆਪਾਂ ਅਕਸਰ ਮਹਿੰਗਾਈਆਂ ਹੋ ਗਈਆਂ ਕਹਿ ਦਿੰਦੇ ਹਾਂ।) ਲੂਣ, ਤੇਲ, ਖੰਡ-ਘਿਉ, ਇੱਟਾਂ, ਸੀਮੈਂਟ ਅਸ਼ਟਾਮ, ਰਜਿਸਟਰੀਆਂ, ਰਸੀਦੀ ਟਿਕਟਾਂ, ਟਰੈਕਟਰ, ਟਰੱਕ, ਟਾਇਰ-ਟਿਊਬਾਂ, ਖਾਦ, ਡੀਜ਼ਲ, ਟਿਕਟਾਂ ਸਿਨਮੇ ਦੀਆਂ ਦੀ ਹੀ ਬਲੈਕ ਨਹੀਂ ਹੈ ਹੁੰਦੀ --- ਵਡੇ ਵਡੇ ਸ਼ਹਿਰਾਂ ਵਿਚ ਤਾਂ ਗੱਡੀ ਦੀਆਂ ਟਿਕਟਾਂ ਵੀ ਬਲੈਕ ਵਿਚ ਮਿਲਦੀਆਂ ਹਨ। ਹੋਰ ਤੇ ਹੋਰ ਜਦੋਂ ਤੋਂ ਭਾਨ ਦੀ ਬਲੈਕ ਹੋਣ ਲਗੀ ਹੈ, ਬੰਦੇ ਦਾ ਦਿਲ, ਮੁਹੰਮਦ ਤੁਗ਼ਲਕ ਬਿਨ ਕਾਸਿਮ ਦੇ ਮਜ਼ਾਰ ਤੇ ਜਾ ਕੇ ਟੱਕਰਾਂ ਮਾਰ ਮਾਰ ਕੇ ਰੋਣ ਨੂੰ ਕਰਦਾ — ਤੂੰ ਹੀ ਆ ਜਾ ਰੇ......। ਹੋਰ ਤੇ ਹੋਰ ਅਜ ਵਿਆਹ ਸ਼ਾਦੀਆਂ ਲਈ ਵਰ ਘਰ ਵੀ ਬਲੈਕ ਵਿਚ ਲੱਭਦਾ ਹੈ। ਅੱਜ ਓਵਰਸੀਅਰ ਦਾ ਪੰਝੱਤਰ ਹਜ਼ਾਰ, ਲੈਕਚਰਾਰ ਦਾ ਪੈਂਤੀ, ਐਸ. ਡੀ. ਓ. ਦਾ ਲੱਖ, ਡਾਕਟਰ ਦਾ ਸਵਾ ਲੱਖ ਤੇ ਇਨਕਮ ਟੈਕਸ ਇੰਸਪੈਕਟਰ ਦਾ ਡੂਢ ਲੱਖ ਲਗਦਾ ਹੈ। ਇਹ ਵੀ ਬਲੈਕ ਹੈ।

ਪਿਛਲੇ ਸਾਲ ਮੇਰਾ ਇਕ ਜਾਣੂ 'ਗੋਬਿੰਦਗੜ' ਲੜਕੀ ਵੇਖਣ ਲਈ ਗਿਆ। ਦੁਪੈਹਰ ਦੀ ਰੋਟੀ ਲੜਕੇ ਲੜਕੀ ਨੇ ਵਖਰੇ ਮੇਜ਼ ਤੇ ਬੈਠ ਕੇ ਇਕੱਠਿਆਂ ਖਾਧੀ।

ਮੁੰਡੇ ਦੇ ਜੀਜੇ (ਜੋ ਵਿਚੋਲਾ ਸੀ) ਨੇ ਕੁੜੀ ਵਾਲਿਆਂ ਨੂੰ ਕਿਹਾ, "ਫਿਰ ਹੋਇਆ ਅੱਸੀ ਹਜ਼ਾਰ ਪੱਕਾ ? ਬੋਲੋ ਤਾਂ, ਜੇ ਕਹੋ ਤਾਂ ਹੁਣੇ ਹੀ ਪੰਡਿਤ ਬੁਲਾ ਦੇਵਾਂ ?"

ਲੜਕੀ ਵਾਲੇ ਕਹਿੰਦੇ ਸਾਨੂੰ ਜਾਪਦਾ ਹੈ, ਲੜਕੇ ਨੂੰ ਲੜਕੀ ਪਸੰਦ ਆ ਗਈ ਹੈ, ਅਸੀਂ ਤਾਂ ਹੁਣ ਅੱਸੀ ਹਜ਼ਾਰ ਦੀ ਜਗ੍ਹਾ ਬਹੱਤਰ ਹੀ ਦੇਵਾਂਗੇ – – – ਹੁਣ ਤੁਸੀਂ ਹੀ ਦਸੋ ਇਹ ਬਲੈਕ ਮਾਰਕੀਟਿੰਗ ਨਹੀਂ ਤਾਂ ਹੋਰ ਕੀ ਹੈ ?

– – – ਗਰਮੀਆਂ ਵਿਚ ਮੇਰੇ ਤਾਏ ਬਿਸ਼ੰਬਰ ਨੇ ਅੰਮ੍ਰਿਤਸਰ ਦੀ ਮੰਡੀ ਸੱਠੀਂ ਰੁਪਏ ਗੰਡੇ ਵੇਚੇ ਸਣ ਤੇ ਏਧਰ ਪਟਿਆਲੇ ਦੇ 22 ਨੰਬਰ ਫਾਟਕ ਤੋਂ ਅਸੀਂ ਛੇ ਸੌ ਰੁਪਏ (ਛੇ ਰੁਪਏ ਕਿਲੋ) ਕੁਵਿੰਟਲ ਖਰੀਦਦੇ ਹਾਂ – ਪਿੰਡ 117 ਵੇਚੀ ਕਣਕ ਦਾ ਆਟਾ ਐਥੇ ਪਿਛਲੇ ਸਾਲ 217 ਲੈਂਦੇ ਰਹੇ ਹਾਂ। (ਐਤਕਾਂ ਸੁਖ ਨਾਲ ਹਾਲੇ 200 ਰੁਪਈਏ ਹੀ ਹੈ – ਵਸਾਖੀ ਤੀਕ ਵੇਖਿਓ ਜੇ ਨਾ 235 ਟੱਪ ਗਿਆ) ਤਾਇਆ ਸਾਡਾ ਪਿਟਦਾ ਰਹਿੰਦਾ ਹੈ ਕਿ ਮੁੰਡਾ ਖਰਚ ਬਹੁਤ ਕਰਦਾ ਹੈ – – –।

ਸੋ ਇਸ ਤਰ੍ਹਾਂ ਤੁਹਾਡੀ ਹੱਕ-ਹਲਾਲ ਦੀ ਚਿੱਟੀ ਕਮਾਈ ਹੀ ਸੇਠਾਂ ਦੀਆਂ ਤਿਜੋਰੀਆਂ ਵਿਚ ਛੁਪ ਕੇ ਕਾਲੀ ਕਮਾਈ ਵਿਚ ਬਦਲ ਜਾਂਦੀ ਹੈ। ਫਿਰ ਕੌੜੀ ਵੇਲ ਵਾਂਗੂ ਵਧਣ ਲਗਦੀ ਹੈ। ਰੁਪਈਏ ਨਾਲ ਰੁਪਈਆ ਤਾਂ ਕੀ, ਰੁਪਈਏ ਨਾਲ ਸੌ ਦਾ ਨੋਟ ਖਿਚਿਆ ਆਉਂਦਾ ਹੈ। ਤੇ ਇਸ ਤਰ੍ਹਾਂ ਬਲੈਕਮਨੀ ਅਲਾਦੀਨ ਦੇ ਦੈਂਤ ਵਾਂਗੂ ਸਰਬ ਸ਼ਕਤੀਮਾਨ ਹੋ ਜਾਂਦੀ ਹੈ – – – ਅੱਜ ਤਿੰਨਾ ਮਹੀਨਿਆਂ ਦੁਰਾਨ ਪੈਦਾ ਹੋਏ ਕਾਲੇ ਧਨ ਨਾਲ ਹੀ ਹਿੰਦੁਸਤਾਨ ਦੀ ਤਮਾਮ ਖੰਡ ਅਤੇ ਚੌਹਾ ਮਹੀਨਿਆਂ ਦੀ ਕਾਲੀ ਕਮਾਈ ਨਾਲ ਭਾਰਤ ਵਰਸ਼ ਵਿਚ ਪੈਦਾ ਹੋਣ ਵਾਲੀ ਕਣਕ ਦਾ ਇਕ ਇਕ ਦਾਣਾ ਰਾਤੋ ਰਾਤ ਪਤਾਲ ਪੁਚਾਇਆ ਜਾ ਸਕਦਾ ਹੈ। 7 ਕਰੋੜ ਕਵਿੰਟਲ ਖੰਡ – – – 35 ਕਰੋੜ ਕਵਿੰਟਲ ਕਣਕ] ਕੀ ਸੱਚਮੁੱਚ ਹੀ ਐਨੀ ਭਾਰੀ ਮਾਤਰਾ ਵਿਚ ਬਲੈਕਮਨੀ ਪੈਦਾ ਹੋ ਰਹੀ ਹੈ ?

ਜੇ ਤੁਹਾਨੂੰ ਕੌਮਾਂਤਰੀ ਪੱਧਰ ਦੇ ਅਰਥ ਸ਼ਾਸਤ੍ਰੀਆਂ ਤੇ ਵੀ ਯਕੀਨ ਨਹੀਂ ਆਇਆ ਤਾਂ ਖੁਦ ਗਿਣਤੀ ਮਿਣਤੀ ਕਰ ਲਓ ।

ਸਾਡੇ ਦੇਸ਼ ਵਿਚ ਲੱਗਭਗ 14 ਕਰੋੜ (ਪੰਜ ਮੈਂਬਰੀ) ਪ੍ਰਵਾਰ ਰਹਿੰਦੇ ਹਨ। ਹਰ ਇਕ ਟੱਬਰ ਘੱਟੋ ਘੱਟ 15 ਰੁਪਈਏ ਤਾਂ ਖਰਚ ਰੋਜ਼ਾਨਾ ਕਰਦਾ ਹੀ ਹੋਵੇਗਾ ਕਿ ਨਹੀਂ ? ਜੇ ਇਹਨਾਂ ਪੰਦਰਾਂ ਰੁਪਈਆਂ ਵਿਚੋਂ 3 ਰੁਪਏ ਈ ਮੰਨ ਲਈਏ ਸਿੱਧੇ ਜਾਂ ਅਸਿੱਧੇ (ਜਿਵੇਂ ਘੜੀਆਂ ਅਗੇ ਨਾਲੋਂ ਮਹਿੰਗੀਆਂ ਹੋ ਗਈਆਂ ਕਿਉਂਕਿ ਚਾਦਰਾਂ ਬਲੈਕ ਵਿਚ ਆਉਂਦੀਆਂ ਹਨ।) ਰੂਪ ਵਿਚ ਬਲੈਕ ਮਨੀ ਬਣੇ ਹੋਣ ਤਾਂ ਹਰ ਰੋਜ਼ 14×3=42 ਕਰੋੜ ਬਲੈਕਮਨੀ ਪੈਦਾ ਹੋ ਗਈ ਕਿ ਨਾ ? ਪਰ ਉਪਰਲੇ ਲੇਖ ਵਿਚ ਸਿਰਫ 36 ਕਰੋੜ ਰੋਜ਼ਾਨਾ ਦੀ ਹੀ ਗਲ ਕੀਤੀ ਗਈ ਹੈ।

ਉਂਜ 42×365 ਤਾਂ ਪੰਦਰਾਂ ਹਜ਼ਾਰ ਕਰੋੜ ਸਾਲਾਨਾ ਤੋਂ ਵੀ ਉਪਰ ਜਾ ਬਣਦੇ ਹਨ।

## ਕੀ ਸਰਕਾਰ ਨੂੰ ਪਤਾ ਨਹੀਂ ਹੈ – – – ?

ਸਰਕਾਰ ਨੂੰ ਪਤਾ ਹੈ ਅਤੇ ਪੂਰਾ ਪੂਰਾ ਪਤਾ ਹੈ, ਪਰ ਉਹ ਕਹਿੰਦੇ ਬਹੁਤ ਮਾਤਰਾ ਵਿਚ ਹਨ। ਪਾਲਕੀ ਵਾਲੇ ਮੁਤਾਬਕ ਤਾਂ ਭਾਵੇਂ 15000 ਕਰੋੜ ਤਾਂ ਹਰ ਸਾਲ ਬਲੈਕਮਨੀ ਪੈਦਾ ਹੋ ਰਹੀ ਹੈ ਮਗਰ ਸਾਡੇ ਸਤਿਕਾਰ ਯੋਗ ਖ਼ਜ਼ਾਨਾ ਮੰਤਰੀ ਸਹਿਬਾਨ ਸ੍ਰੀ ਵੈਂਕਟਰਮਨ ਨੇ ਪਿਛਲੇ ਦਿਨੀਂ ਪਾਰਲੀਮੈਂਟ ਅੰਦਰ ਬੜੇ ਮਾਣ ਨਾਲ ਕਿਹਾ ਕਿ ਦੇਸ਼ ਅੰਦਰ 25000 ਕਰੋੜ ਬਤੌਰ ਬਲੈਕਮਨੀ ਹੈ।

ਉਂਜ ਤਾਂ ਸਾਡੇ ਖ਼ਜ਼ਾਨਾ ਮੰਤਰੀ ਨੇ ਇਹ ਸਟੇਟਮੈਂਟ ਦੇ ਕੇ ਵੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਅਸਲ ਵਿਚ ਕਾਲਾ ਧਨ ਉਹਨਾਂ ਦੁਆਰਾ ਦਸੀ ਰਾਸ਼ੀ ਤੋਂ ਵੀ ਕਈ ਗੁਣਾਂ ਵਧ ਹੈ। ਖੈਰ ਅਗਰ ਉਹ 25000 ਕਰੋੜ ਵੀ ਮੰਨਦੇ ਹਨ ਤਾਂ ਇਹ ਸ਼ਰਮ ਨਾਲ ਡੁੱਬ ਮਰਨ ਵਾਲੀ ਗੱਲ ਹੈ। ਸਿਰਫ ਮੰਨਣ ਨਾਲ ਹੀ ਤਾਂ ਕੁਝ ਨਹੀਂ ਹੋਣ ਲਗਾ – ਸਵਾਲ ਤਾਂ ਇਹ ਹੈ ਕਿ ਜਦੋਂ ਹਿਮਾਲੀਆ ਪਰਬਤ ਜਿੰਨੀ ਕਾਲੀ ਮਾਇਆ ਇਕੱਠੀ ਹੋ ਰਹੀ ਸੀ ਤਾਂ ਪਾਏਦਾਰ ਸਰਕਾਰ ਉਸ ਵਕਤ ਕੀ ਅਲਗੋਜ਼ੇ ਵਜਾਉਣ ਡਹੀ ਹੋਈ ਸੀ। ਅਗਰ ਥੋੜੀ ਵੀ ਅਣਖ ਸ਼ਰਮ ਦਾ ਕਿਸੇ ਨੂੰ ਅਹਿਸਾਸ ਹੋਵੇ ਤਾਂ ਪਾਣੀ ਵਿਚ ਨੱਕ ਡੋਬ ਮਰੇ – ਉਂਜ ਅਜ ਅਗਰ ਕੋਈ ਨੇਤਾ ਆਪਣੀ ਨੈਤਿਕ ਜ਼ੁੰਮੇਵਾਰੀ ਸਮਝਦਾ ਹੋਇਆ ਅਜਿਹਾ ਕਰ ਵੀ ਬੈਠੇਗਾ ਤਾਂ ਬੰਦੇ ਨੂੰ ਸਿਰਫ ਦੋ ਘੁੱਟ ਪਾਣੀ ਗੰਦਲਾ ਹੋ ਜਾਣ ਦਾ ਅਫਸੋਸ ਹੋਵੇਗਾ।

## ਸਰਕਾਰੀ ਕਾਰਗੁਜ਼ਾਰੀ

ਵੈਸੇ ਤਾਂ ਦੀਵਾਲੀਆ ਪਨ ਦੀ ਵੀ ਕੋਈ ਹੱਦ ਹੁੰਦੀ ਹੈ ਮਗਰ ਜਿਸ ਤਰੀਕੇ ਨਾਲ ਚੋਰਾਂ ਨੂੰ ਨਿਵਾਜਿਆ ਗਿਆ ਹੈ – ਉਸ ਦੀ ਜਿੰਨੀ ਵੀ ਫਿਟਕਾਰ ਪਾਈ ਜਾਵੇ ਥੋੜੀ ਹੋਵੇਗੀ। ਸਾਡੀ ਗਰੀਬੀ ਦੀ ਖਾਨਦਾਨੀ ਹਮਦਰਦ ਤੇ ਉਹਨਾਂ ਦਾ ਸਪੁਤਰ ਹੁਣ ਰਾਸ਼ਟਰ ਨੇਤਾ (ਤੇ ਪਹਿਲਾ ਜਹਾਜ਼ੀ-ਡਰੈਵਰ ਤਾਂ ਬਲੈਕਮਨੀ ਕਢਾਉਣ ਬਾਬਤ ਕਦੇ ਗਲ ਨਹੀਂ ਕਰਦੇ (ਕਦੇ ਕੀਤੀ ਹੈ ਉਹਨਾਂ – – – ?) ਕਿਉਂਕਿ ਉਹਨਾਂ ਖਤਰਿਆਂ ਦੀ

ਲਿਸਟ ਗਿਣਦਿਆਂ ਹੀ ਵਿਹਲ ਨਹੀਂ ਲਗਦਾ । ਹਮੇ ਪਾਕਿਸਤਾਨ ਸੇ ਖਤਰਾ ਹੈ – ਹਮੇ ਚੀਨ ਸੇ ਖਤਰਾ ਹੈ – ਹਮੇ ਮੁਰਾਰ ਜੀ ਡਿਸਾਈ ਸੇ ਖਤਰਾ ਹੈ – ਤੇ ਜੇ ਖਤਰਿਆਂ ਤੋਂ ਵਿਹਲ ਲਗਾ ਤਾਂ ਫਿਰ ਦੂਜੀ ਟਿਊਨ ਫੜ ਲੈਣਗੇ – – ਹਮ ਨੇ ਬਹੁਤ ਸੀ ਸਮਸਿਆ ਹਲ ਕਰ ਲੀ ਹੈ ਮਗਰ ਫਿਰ ਭੀ ਅਭੀ ਬਹੁਤ ਸੀ ਬਾਕੀ ਹੈਂ । (ਕਰਤਾ ਨਾ ਹਿਸਾਬ ਵੀ ਫੇਲ੍ਹ, ਇਕ ਵੇਰਾਂ) – – – ਹਾਂ, ਖਜ਼ਾਨਾ ਮੰਤਰੀ ਜੀ ਨੇ ਜ਼ਰੂਰ ਆਪਣੀ ਅਕਲ ਮੰਦੀ ਦਾ ਜਨਾਜ਼ਾ ਕਢਣ ਦਾ ਹੌਸਲਾ ਕੀਤਾ ਸੀ।

ਬੇਅਰਰ ਬੌਂਡਜ਼ (Bearear Bonds) ਸਕੀਮ ਕੀ ਹੈ ?

ਇਸ ਸਕੀਮ ਰਾਹੀਂ ਈਮਾਨਦਾਰਾਂ ਨੂੰ ਬੇਈਮਾਨ ਬਨਾਉਣ ਦੀ ਸਿਖਿਆ ਦਿਤੀ ਗਈ ਹੈ।

ਹੁਣ ਤੀਕ ਜਿਹੜੇ ਸ਼ਾਹੂਕਾਰ, ਕਾਰਖਾਨੇਦਾਰ, ਜ਼ਖੀਰੇਬਾਜ਼, ਆਮਦਨ-ਕਰ ਦੀ ਚੋਰੀ ਕਰਦੇ ਆਏ ਹਨ – – – ਬਲੈਕ ਕਰ ਕਰ ਕੇ ਛੁਪਾਉਂਦੇ ਆਏ ਹਨ – – – ਸਾਡੇ ਬੱਚੇ-ਬੱਚੀਆਂ ਦਾ ਖੂਨ ਚੂਸ 2 ਤਿਜੌਰੀਆ ਭਰਦੇ ਆਏ ਹਨ – ਇਸ ਸਕੀਮ ਵਿਚ ਇਹਨਾਂ ਸਭ 'ਦੇਸ਼ ਭਗਤਾਂ' ਨੂੰ ਖੁਲ੍ਹਾ ਸਦਾ ਦਿਤਾ ਗਿਆ ਹੈ ਕਿ ਉਹ ਬਗ਼ੈਰ ਰੋਕ ਟੋਕ ਦੇ, ਚੋਰੀ ਕੀਤਾ ਹੋਇਆ ਟੈਕਸ ਗੁਸਲਖਾਨਿਆਂ ਦੀਆਂ ਦੀਵਾਰਾਂ ਅਤੇ ਛੱਤਾਂ ਵਿਚੋਂ ਬਾਹਰ ਕਢ ਕੇ ਆਪਣੇ ਨਾਉਂ ਜਮ੍ਹਾ ਕਰਵਾ ਸਕਦੇ ਹਨ – 'ਆਪਣਿਆਂ ਹੀ ਬੈਂਕਾਂ ਚੋਂ ਕਲ੍ਹ ਨੂੰ ਕਾਰਖਾਨੇ ਲਾਉਣ ਲਈ ਕਰਜ਼ੇ ਵੀ ਤਾਂ ਉਹਨਾਂ ਨੂੰ ਮਿਲਣੇ ਹਨ ਉਨ੍ਹਾਂ ਬੈਂਕਾਂ ਵਿਚੋਂ – ਮਹਾਤੜ ਨੂੰ ਤਾਂ ਸਾਈਕਲ ਲਈ 400 ਕਰਜ਼ਾ ਲੈਣ ਖਾਤਰ 800 ਦੀ ਗਰੰਟੀ ਦੇਣ ਵਾਲਾ ਨਹੀਂ ਹੈ ਲਭਦਾ। ਇਸ ਕੌਮੀ-ਚੋਰੀ ਮੰਨਣ ਉਪਰ ਬਕਾਇਦਾ 6 ਪ੍ਰਤੀਸ਼ਤ ਵਿਆਜ ਬਤੌਰ ਇਨਾਮ ਵੀ ਮਿਲੇਗਾ। ਵਧ ਤੋਂ ਵਧ ਕਾਲਾ ਧਨ ਮੰਨਣ ਵਾਲੇ ਨੂੰ ਸ਼ਾਇਦ ਪਦਮ ਸ਼੍ਰੀ ਦਿਤਾ ਜਾਏ – – – ।

ਸਕੀਮ ਠੁੱਸ ਹੋ ਗਈ–ਇਸ ਸਕੀਮ ਮੁਤਾਬਕ ਵੀ ਚੋਰ ਨਹੀਂ ਹਨ ਰਾਜ਼ੀ ਹੋਏ ਕਿਉਂਕਿ ਅਜਿਹੀਆਂ ਸਕੀਮਾਂ ਤਾਂ ਕਿਸੇ ਸਰਕਾਰ ਦੇ ਦਿਮਾਗੀ-ਦੀਵਾਲੀਆ ਹੋਣ ਦਾ ਸਭ ਤੋਂ ਵਡਾ ਸਬੂਤ ਹੁੰਦੀਆਂ ਹਨ । ਜਿਨ੍ਹਾਂ ਕੌਮੀ-ਗ਼ਦਾਰਾਂ ਨੇ ਇਨਕਮ-ਟੈਕਸ ਦਿਆਂ ਛਾਪਿਆਂ ਦੇ ਡਰੋਂ, ਜੇਲ ਜਾਣ ਦੇ ਡਰੋਂ ਕਾਲਾ ਧਨ ਬਾਹਰ ਨਹੀਂ ਸੀ, ਕਢਿਆ ਉਹ ਸੱਤਰੇ-ਬਹੱਤਰੇ ਬਜ਼ੁਰਗ ਮੰਤਰੀ ਦੀ ਬੇਨਤੀ ਨੂੰ ਅਗਰ ਸਵੀਕਾਰ ਕਰਨਗੇ ਤਾਂ ਉਹਨਾਂ ਤੋਂ ਵਡਾ ਮੂਰਖ ਹੋਰ ਕੌਣ ਹੋਵੇਗਾ – – ? ਉਹਨਾਂ ਨੂੰ ਪਤਾ ਲਗ ਚੁਕਾ ਹੈ ਕਿ ਸਰਕਾਰ ਦੀ ਪਾਏਦਾਰੀ ਵਾਲੇ ਵਾਜੇ ਕਦੋਂ ਦੇ ਵਜ ਚੁਕੇ ਹਨ – ਉਹ ਤੇ ਖੁਦ ਕਈ ਸਰਕਾਰਾਂ ਬਨਾਉਣ ਦਾ ਦਮ ਰਖਦੇ ਹਨ, ਇਕ-ਅੱਧੇ ਵੈਨਕਟਰਾਮਨ ਨੂੰ ਕੀ ਸਿਆਣਨ ?

ਖ਼ਜ਼ਾਨਾ ਮੰਤਰੀ ਦੀ ਯੋਜਨਾ ਮੁਤਾਬਿਕ ਤਾਂ ਮਾਰਚ 1981 ਤੀਕ 200 ਕਰੋੜ ਦੇ ਬਾਂਡ ਵਿਕ ਜਾਣੇ ਚਾਹੀਦੇ ਸਨ । ਮਗਰ ਵਿਕੇ ਕਿੰਨੇ ਦੇ ? ਕੁਲ ਸਾਢੇ 88 ਕਰੋੜ ਦੇ।

ਸਾਲ 1981-82 ਵਿਚ ਮੰਤਰੀ ਹੋਰਾਂ ਦੀ ਯੋਜਨਾਂ ਮੁਤਾਬਿਕ 800 ਕਰੋੜ ਦੇ ਹੋਰ ਬਾਂਡ ਵਿਕਣੇ ਚਾਹੀਦੇ ਸਨ ਮਗਰ ਹਾਲੇ ਤੀਕ ਤਿੰਨ ਸੌ ਕਰੋੜ ਦੇ ਬਾਂਡ ਵੀ ਨਹੀਂ ਸਨ ਵਿਕੇ। (2 7 ਕਰੋੜ – 30 ਨਵੰਬਰ ਤੀਕ)।

ਤੇ ਜਾਣਦੇ ਹੋ ਅਗਰ ਮੰਤਰੀ ਦੀ ਯੋਜਨਾ ਸਫਲ ਵੀ ਹੋ ਜਾਏ ਤਾਂ ਉਸ ਦੁਆਰਾ ਖ਼ੁਦ ਮੰਨੀ ਗਈ ਰਾਸ਼ੀ (25000 ਕਰੋੜ) ਦਾ 4 ਪ੍ਰਤੀਸ਼ਤ ਵੀ ਬਾਹਰ ਨਹੀਂ ਆਵੇਗਾ। ਵੈਸੇ ਦਾਦ ਦੇਣੀ ਪਵੇਗੀ ਉਸਦੀ ਅਕਲਮੰਦੀ ਤੇ, ਉਹ ਫਿਰ ਸਕੀਮ ਜਾਰੀ ਰਖ ਰਿਹਾ ਹੈ । ਵੈਸੇ ਜਿੰਨਾ ਧਨ ਉਹਨਾਂ ਪਿਛਲੇ ਡੇਢ ਸਾਲ ਵਿਚ ਕਢਵਾਇਆ ਹੈ – ਉਸ ਤੋਂ ਪੰਜਾਹ ਗੁਣਾਂ ਬਲੈਕਮਨੀ ਤਾਂ ਹੋਰ ਓਨੇ ਸਮੇਂ ਵਿਚ ਹੀ ਤਿਆਰ ਹੋ ਗਈ ਹੋਵੇਗੀ – –

### ਗਲ ਕੀ ਹੈ :–

ਜੇ ਬਲੈਕਮਨੀ ਐਨਾ ਹੀ ਭਿਅੰਕਰ ਰੂਪ ਧਾਰ ਚੁਕੀ ਹੈ ਤਾਂ ਹਲ ਕੀ ਹੈ, ਆਉ ਇਸ ਸਵਾਲ ਦਾ ਜਵਾਬ ਵੀ ਰਲ ਮਿਲ ਢੂੰਡਣ ਦੀ ਕੋਸ਼ਿਸ਼ ਕਰੀਏ–

ਜ਼ਰਾ ਸੋਚੋ, ਕੀ ਇਹ ਕਾਲਾ ਧਨ ਵਿਦਿਆਰਥੀਆਂ ਨੇ ਲੁਕਾਇਆ ਹੋਇਆ ਹੈ ?

ਵਰਮਾ ਲਾਈਨਮੈਨ ਬਲੈਕ ਮਾਰਕੀਟਿੰਗ ਕਰਦਾ ਹੈ ਜਾਂ ਸ਼ਰਮਾ ਚਾਹ ਦੇ ਖੋਖੇ ਵਾਲਾ ?

ਕੀ ਬਲੈਕ ਵਿਚ ਧਾਗਾਂ (Yarn), ਲੋਹਾ (Steel) ਖਰੀਦਨ ਵਾਲਾ ਛੋਟਾ ਕਾਰਖਾਨੇਦਾਰ ਹੈ ਇਸ ਦਾ ਜ਼ੁੰਮੇਵਾਰ – ? ਦੋਸ਼ੀ ਸ਼ਾਸਤਰੀ ਮਾਸਟਰ ਹੈ ਜਾਂ ਗਿਆਨੀ ਪਤਰਕਾਰ – – ? ਬਲੈਕ ਵਿਚ ਡੀਜ਼ਲ, ਤੇਲ, ਗਰੀਸ, ਟਾਇਰ-ਟਿਊਬਾਂ ਟਰੈਕਟਰ, ਸਪੇਅਰ ਪਾਰਟਸ ਆਦਿ ਖਰੀਦਨ ਵਾਲਾ ਜੱਟ ਬੰਤਾ, ਬਲੈਕਮਨੀ ਪੈਦਾ ਕਰਵਾਉਣ ਦਾ ਦੋਸ਼ੀ ਹੈ ਜਾਂ ਫੈਕਟਰੀ ਵਿਚ ਮਸ਼ੀਨ ਨਾਲ ਮਸ਼ੀਨ ਬਣਿਆ ਭੀਊਰ ਸੰਤਾ – – – ? ਜੇ ਇਹ ਸਭ ਦੋਸ਼ੀ ਨਹੀਂ ਹਨ ਤੇ ਫਿਰ ਦੋਸ਼ੀ ਕੌਣ ਹੈ – – ?

ਕਰੋੜ ਪਤੀ ਅਤੇ ਅਰਬ ਪਤੀ ਧੰਨ ਕੁਬੇਰ ।

ਤਾਂਬੇ ਲੋਹੇ, ਪਲਾਸਟਿਕ, ਸੀਮੈਂਟ, ਡੀਜ਼ਲ ਦੇ ਕੋਟੇ ਹੜੱਪਣ ਵਾਲੇ ਸ਼ਾਹੂਕਾਰ ਤੇ ਇਹਨਾਂ ਦੋਨਾ ਦੀ ਏਜੰਟ – ਸਾਡੀ ਮੌਜੂਦ ਸਰਕਾਰ ਜੋ ਮੀਸਾ ਵਰਗੇ ਕਾਲੇ ਕਾਨੂੰਨ ਤਾਂ ਹਰ ਸਾਲ ਪਾਸ ਕਰੀ ਜਾ ਰਹੀ ਹੈ,

ਜਿਨ੍ਹਾਂ ਰਾਹੀਂ ਕਿਸੇ ਵੀ ਹਿਦੁਸਤਾਨੀ ਨੂੰ ਬਗੈਰ ਕਸੂਰ ਦਸਿਆਂ ਸਾਲਾਂ ਬੱਧੀ ਅੰਦਰ ਡਕਿਆ ਜਾ ਸਕਦਾ ਹੈ, ਮਗਰ ਅਜਿਹੇ --- ਸੈਂਕੜੇ ਕਨੂੰਨ ਜੋ ਧੰਨ ਕੁਬੇਰ ਦਾ ਵਾਲ ਵਿੰਗਾ ਨਹੀਂ ਹਨ ਕਰ ਸਕਦੇ ? ਲੇਖਕ ਦਾਹਵੇ ਨਾਲ ਕਹਿੰਦਾ ਹੈ ਕਿ ਸੰਜੇ, ਰਜੀਵ ਦੀ ਮਾਤਾ ਜੀ ਨੇ ਆਪ 14 ਸਾਲਾਂ ਦੁਰਾਨ 14 ਵਡੇ-ਮੋਟੇ ਸਮੱਗਲਰ, ਬਲੈਕੀਏ ਗ੍ਰਿਫਤਾਰ ਕਰਕੇ ਸੱਤ ਸੱਤ ਸਾਲਾਂ ਲਈ ਵੀ ਜੇਲ੍ਹੀਂ ਨਹੀਂ ਹਨ ਡੱਕੇ ।

ਕਿੱਸਾ ਕੁਰਸੀ ਦਾ, ਆਂਧੀ ਅਤੇ ਮੇਰੀ ਆਵਾਜ਼ ਸੁਣੋ, ਇਹਨਾਂ ਦੀ ਦਿਆਨਤਦਾਰੀ ਦਾ ਸਭ ਤੋਂ ਵਡਾ ਸਬੂਤ ਹਨ ।

ਅਤੇ ਜਦ ਤੀਕ ਲੋਕ ਜਥੇਬੰਦ ਹੋ ਕੇ ਆਵਾਜ਼ ਨਹੀਂ ਉਠਾਂਦੇ – ਉਹਨਾਂ ਚਿਰ ਕਾਲੇ ਧਨ ਦਾ ਫਨੀਅਰ ਨਾਗ ਉਹਨਾਂ ਦੇ ਬੱਚਿਆਂ ਦੇ ਮੂੰਹੋਂ ਦੁੱਧ-ਘਿਉ ਖ਼ੋਹ ਕੇ ਡੀਕਦਾ ਹੀ ਰਹੇਗਾ

# ਪਾਠਕ, ਲੇਖਕ, ਫੋਰਮ

## ੧. ਇਕ ਧਮਾਕਾ ਹੋਰ – ਪੋਲੈਂਡ

ਪੋਲੈਂਡ ਵਿਚ ਜੋ ਵਾਪਰ ਰਿਹਾ ਹੈ, ਉਸ ਬਾਰੇ ਮੋਟੇ ਤੌਰ ਤੇ ਹੇਠ ਲਿਖੇ ਤੱਥ ਸਾਹਮਣੇ ਆਏ ਹਨ –

ਦੇਸ਼ ਦੀ ਇਕੋ ਇਕ ਸਰਕਾਰ ਵਿਰੋਧੀ ਮਜ਼ਦੂਰ ਯੂਨੀਅਨ ਸੋਲੀਡੈਰਿਟੀ ਦੀ ਮੇਂਬਰ ਸ਼ਿਪ ਅਤੇ ਤਾਕਤ ਵਿਚ ਤੂਫਾਨ ਦੀ ਰਫਤਾਰ ਨਾਲ ਵਾਧਾ ਹੋਇਆ ਹੈ । ਥੋੜੇ ਜਿਹੇ ਸਮੇਂ ਵਿਚ ਹੀ ਦੇਸ਼ ਦੀ ਕੁਲ ਆਬਾਦੀ ਦਾ ਲਗ ਭਗ ਚੌਥਾ ਹਿਸਾ ਯੂਨੀਅਨ ਦਾ ਮੈਂਬਰ ਬਣ ਗਿਆ ਹੈ । ਕਿਸੇ ਵੀ ਸਰਕਾਰ ਪੱਖੀ ਯੂਨੀਅਨ ਲਈ ਮੈਂਬਰ ਸ਼ਿਪ ਵਧਾਉਣੀ ਆਮ ਤੌਰ ਤੇ ਸੌਖੀ ਹੁੰਦੀ ਹੈ, ਇਸ ਲਈ ਉਸ ਦੀ ਮੈਂਬਰਸ਼ਿਪ ਵਧਣ ਤੇ ਕਿਸੇ ਨੂੰ ਹੈਰਾਨੀ ਨਹੀਂ ਹੁੰਦੀ । ਪਰ ਜੇ ਕਿਤੇ ਏਨੇ ਜ਼ਿਆਦਾ ਲੋਕ ਕਮਿਊਨਿਸਟ ਪਾਰਟੀ ਅਤੇ ਉਸ ਦੀਆਂ ਯੂਨੀਅਨਾਂ ਦਾ ਲੜ ਛਡ ਕੇ ਇਕ 'ਆਜ਼ਾਦ' ਯੂਨੀਅਨ ਵਿਚ ਸ਼ਾਮਲ ਹੋ ਜਾਣ ਤਾਂ ਇਹ ਬਣਦਾ ਹੀ ਹੈ ਕਿ ਹਰ ਸੂਝਵਾਨ ਬੰਦਾ ਉਥੇ ਵਾਪਰ ਰਹੀਆਂ ਘਟਨਾਵਾਂ ਬਾਰੇ ਗਹਿਰਾਈ ਨਾਲ ਸੋਚੇ ।

ਪਰ ਰੂਸ ਅਤੇ ਉਸ ਦੇ ਗੁੱਟ ਦੇ ਦੇਸ਼ਾਂ ਨੂੰ ਖਤਰਾ ਕਿਹੜੀ ਗਲ ਦਾ ਹੈ ? – ਪੋਲੈਂਡ ਦੇ ਰੂਸੀ ਬਲਾਕ ਵਿਚੋਂ ਬਾਹਰ ਨਿਕਲ ਜਾਣ ਦਾ ਖਤਰਾ ਅਤੇ ਪੂਰਬੀ ਯੋਰਪ ਦੇ ਭਾਵ ਰੂਸੀ ਬਲਾਕ ਦੇ ਹੋਰ ਦੇਸ਼ਾਂ ਵਿਚ ਅਜਿਹੀਆਂ ਮਜ਼ਦੂਰ ਲਹਿਰਾਂ ਉਠਣ ਦਾ ਖਤਰਾ । ਜੇ ਰੂਸ ਨੂੰ ਉਪ੍ਰੋਕਤ ਖਤਰੇ ਨਹੀਂ ਤਾਂ ਉਹ ਪੋਲੈਂਡ ਦੇ ਹੁਕਮਰਾਨਾਂ ਵਲੋਂ ਵਰਤੀ ਜਾ ਰਹੀ ਸਖਤੀ ਨੂੰ ਅੰਦਰਖਾਤੇ ਸ਼ਾਬਾਸ਼ ਕਿਉਂ ਦੇ ਰਹੇ ਹਨ ? ਰੂਸ ਦੀ ਸਰਕਾਰੀ ਸਮਾਚਾਰ ਏਜੰਸੀ ਤਾਸ ਨੇ ਕਿਹਾ ਹੈ ਕਿ ਪੋਲੈਂਡ ਵਿਚ ਅਮਰਜੈਂਸੀ ਦਾ ਲਗਣਾ (ਭਾਵ ਫੌਜ ਰਾਹੀਂ ਮਜ਼ਦੂਰਾਂ ਵਿਚ ਦਹਿਸ਼ਤ ਪਾਉਣਾ) ਉਥੋਂ ਦਾ ਅੰਦਰੂਨੀ ਮਾਮਲਾ ਹੈ । ਪਰ ਜਦੋਂ ਸੋਲੀਡੈਰਿਟੀ ਪੋਲੈਂਡ ਵਿਚ ਹੜਤਾਲਾਂ ਕਰਵਾ ਰਹੀ ਸੀ ਤਾਂ ਤਾਸ ਖਿਝ ਕੇ ਸੋਲੀਡੈਰਿਟੀ ਵਿਰੁਧ ਲੰਮੇ ਲੰਮੇ ਲੇਖ ਛਪਵਾ ਰਹੀ ਸੀ, ਪੋਲੈਂਡ ਦੀਆਂ ਹੜਤਾਲਾਂ ਦੀ ਜ਼ਿਮੇਵਾਰੀ ਸੀ. ਆਈ. ਏ. ਉਪਰ ਸੁੱਟ ਰਹੀ ਸੀ ਅਤੇ ਹੜਤਾਲਾਂ ਕਰਾਉਣ ਵਾਲਿਆਂ ਨੂੰ ਪੋਲੈਂਡ ਤੇ ਸਮਾਜਵਾਦ (ਰੂਸੀ ਕਿਸਮ ਦਾ ਸਮਾਜ-ਵਾਦ) ਦੇ ਦੁਸ਼ਮਣ ਦਸ ਰਹੀ ਸੀ । ਐਮਰਜੈਂਸੀ ਅੰਦਰੂਨੀ ਮਾਮਲਾ ਹੁੰਦੀ ਹੈ, ਪਰ ਕੀ ਹੜਤਾਲਾਂ ਕਿਸੇ ਦੇਸ਼ ਦਾ ਅੰਦਰੂਨੀ ਮਾਮਲਾ ਨਹੀਂ ਹੁੰਦੀਆਂ ? ਐਮਰਜੈਂਸੀ ਅੰਦਰੂਨੀ ਮਾਮਲਾ ਨਹੀਂ ਹੁੰਦੀਆਂ ?

ਹੁਣ ਇਥੇ ਇਕ ਸਵਾਲ ਇਹ ਉਠਦਾ ਹੈ ਕਿ ਜੇ ਕਿਸੇ ਸਰਕਾਰ ਨੇ ਆਪਣੇ ਦੇਸ਼ ਵਿਚ 35 ਸਾਲਾਂ ਤਕ ਸਮਾਜਵਾਦ ਦੀ ਉਸਾਰੀ ਕੀਤੀ ਹੈ, ਮਹਿੰਗਾਈ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰ ਦਿਤਾ ਹੈ ਤਾਂ ਉਸ ਦੇਸ਼ ਵਿਚ ਕਿਸੇ ਦੁਸ਼ਮਣ ਤਾਕਤ ਦੀ ਖੁਫੀਆ ਏਜੰਸੀ ਕਿੰਨਾ ਕੁਝ ਕਰ ਸਕਦੀ ਹੈ । ਕੀ ਸੀ. ਆਈ. ਏ. ਇਕ ਕਰੋੜ ਲੋਕਾਂ ਨੂੰ ਉਸ ਸਰਕਾਰ ਦੇ ਵਿਰੁੱਧ ਜਥੇਬੰਦੀ ਕਰ ਸਕਦੀ ਹੈ, ਜਿਸ ਸਰਕਾਰ ਨੇ ਉਹਨਾਂ ਨੂੰ ਖੁਸ਼ਹਾਲ ਬਣਾਇਆ ਹੈ ? ਸਪਸ਼ਟ ਹੈ ਮਜ਼ਦੂਰਾਂ ਨੂੰ ਇਸ 'ਸਮਾਜਵਾਦ' ਤੋਂ ਉਹ ਖੁਸ਼ਹਾਲੀ ਨਹੀਂ ਮਿਲੀ ਜਿਸ ਦੀ ਆਸ ਆਪਣੇ ਦਿਲਾਂ ਵਿਚ ਲੈ ਕੇ ਉਹਨਾਂ ਦੇ ਸਮਾਜਵਾਦ ਦੀ ਉਸਾਰੀ ਸ਼ੁਰੂ ਕੀਤੀ ਸੀ ।

ਸੋਲੀਡੈਰਿਟੀ ਦੀ ਲੀਡਰਸ਼ਿਪ ਦਾ ਅੰਤਮ ਨਿਸ਼ਾਨਾ ਕੀ ਹੈ ? ਭਾਰਤ ਵਿਚ ਬੈਠ ਕੇ ਅਸੀਂ ਇਸ ਬਾਰੇ ਸਿਰਫ਼ ਅੰਦਾਜ਼ਾ ਹੀ ਲਗਾ ਸਕਦੇ ਹਾਂ । ਜੇ ਲੀਡਰਸ਼ਿਪ ਦੇ ਇਰਾਦੇ ਮਾੜੇ ਹੋਏ ਤਾਂ ਉਹ ਇਹਨਾਂ ਨੂੰ ਪੋਲਿਸ਼ ਲੋਕਾਂ ਤੋਂ ਨਹੀਂ ਛੁਪਾ ਸਕਣਗੇ । ਪਰ ਅਜ ਤਕ ਵਾਪਰੀਆਂ ਘਟਨਾਵਾਂ ਤੋਂ ਇਹ ਸਪਸ਼ਟ ਹੈ ਕਿ ਯੂਨੀਅਨ ਨੇ ਲਈ ਹੜਤਾਲਾਂ ਕਰਨ ਦਾ ਅਧਿਕਾਰ ਜਿਤਿਆ ਹੈ ਅਤੇ ਕਈ ਵਾਰੀ ਸਰਕਾਰ ਨੂੰ ਕੀਮਤਾਂ ਵਧਾਉਣ ਤੋਂ ਰੋਕਿਆ ਹੈ । ਇਸ ਨੇ ਠੋਸ ਪ੍ਰਾਪਤੀਆਂ ਕੀਤੀਆਂ ਹਨ, ਜਿੰਨਾਂ ਨੂੰ ਹੁਣ ਐਮਰਜੈਂਸੀ ਲਾ ਕੇ ਖੋਹ ਲਿਆ ਗਿਆ ਹੈ । ਹੜਤਾਲ ਲਈ ਲੋਕਾਂ ਨੂੰ ਉਕਸਾਉਣ ਵਾਲੇ ਨੂੰ ਪੰਜ ਸਾਲ ਲਈ ਕੈਦ ਕੀਤਾ ਜਾ ਸਕਦਾ ਹੈ । (ਨਵੇਂ ਬਣੇ ਕਾਨੂੰਨ ਅਨੁਸਾਰ ਸਾਡੇ

ਦੇਸ਼ ਵਿਚ ਇਹ ਸਜ਼ਾ ਦੋ ਸਾਲ ਹੈ।)

ਮਜ਼ਦੂਰਾਂ ਨੂੰ ਮਹੀਨਿਆਂ ਤਕ ਧਮਕੀਆਂ ਅਤੇ ਰਿਆਇਤਾਂ ਦੇਣ ਮਗਰੋਂ ਹੁਣ ਸਰਕਾਰ ਨੇ ਐਮਰਜੈਂਸੀ ਦੀ ਤਲਵਾਰ ਮਿਆਨ ਵਿਚੋਂ ਖਿਚ ਲਈ ਹੈ, (ਇਸ ਤਲਵਾਰ ਦੀ ਵਰਤੋਂ ਦੀ ਸਿਖਲਾਈ ਲਈ ਜੈਰੂਜ਼ੈਲਸਕੀ ਇੰਦਰਾ ਗਾਂਧੀ ਕੋਲ ਟਿਊਸ਼ਨ ਵੀ ਰੱਖ ਸਕਦਾ ਹੈ।) ਪਰ 1975-77 ਦਾ ਇਸ ਦੇਸ਼ ਦਾ ਤਜਰਬਾ ਦਸਦਾ ਹੈ ਕਿ ਐਮਰਜੈਂਸੀ ਦੀ ਤਲਵਾਰ ਤਿੱਖੀ ਤਾਂ ਬਹੁਤ ਹੁੰਦੀ ਹੈ, ਪਰ ਇਸ ਦੀ ਧਾਰ ਛੇਤੀ ਹੀ ਖੁੰਡੀ ਹੋ ਜਾਂਦੀ ਹੈ।

ਅੱਜ ਜੋ ਪੋਲੈਂਡ ਵਿਚ ਵਾਪਰ ਰਿਹਾ ਹੈ, ਇਹ ਕਲ ਨੂੰ ਪੂਰਬੀ ਯੋਰਪ ਦੇ ਕਿਸੇ ਵੀ ਹੋਰ ਦੇਸ਼ ਵਿਚ ਵਾਪਰ ਸਕਦਾ ਹੈ ਅਤੇ ਪਰਸੋਂ ਨੂੰ ਰੂਸ, ਵੀਅਤਨਾਮ ਅਤੇ ਚੀਨ ਵਿਚ ਵੀ ਵਾਪਰ ਸਕਦਾ ਹੈ। ਭਾਰਤ ਦੇ ਕਮਿਊਨਿਸਟ ਇਹਨਾਂ ਘਟਨਾਵਾਂ ਦਾ ਅਤੇ ਇਹਨਾਂ ਦੇ ਕਾਰਨਾਂ ਦਾ ਡੂੰਘਾਈ ਨਾਲ ਅਧਿਅਨ ਕਰਨਗੇ ਜਾਂ ਕੀ ਉਹ ਲਕੀਰ ਦੇ ਫਕੀਰ ਬਣ ਕੇ ਆਪਣੇ ਆਪਣੇ ਉਹਨਾਂ ਆਗੂਆਂ ਦੇ ਪਿਛੇ ਪਿਛੇ ਤੁਰਦੇ ਰਹਿਣਗੇ ਜਿੰਨਾਂ ਨੇ ਜਾਂ ਤਾਂ ਰੂਸ ਦਾ ਲੜ ਫੜਿਆ ਹੋਇਆ ਹੈ ਜਾਂ ਚੀਨ ਦਾ ?

ਲਗ ਪਗ ਸਾਰੇ ਕਮਿਊਨਿਸਟ ਦੇਸ਼ਾਂ ਵਿਚ ਵਿਸ਼ੇਸ਼ ਕਰਕੇ ਪੋਲੈਂਡ ਵਿਚ ਜੋ ਕੁਝ ਵਾਪਰ ਰਿਹਾ ਹੈ– – ਉਹ ਕੀ ਹੈ ? ਕਿਉਂ ਹੈ ? ਕਿਵੇਂ ਹੈ ? ਕੌਣ ਕੀ ਕਰ ਰਿਹਾ ਹੈ ? ਬਿਮਾਰੀ ਕੀ ਹੈ ਅਤੇ ਇਸ ਦਾ ਇਲਾਜ ਕੀ ਹੈ ? ਇਹ ਸਵਾਲ ਸਮੇਂ ਦੀ ਧਾਰਾ ਨੇ ਤੁਹਾਡੇ ਸਾਹਮਣੇ ਰੱਖੇ ਹਨ।

ਸੋਚਣਾ ਹੈ ? ਸਮਝਣਾ ਹੈ ? ਮਸਲੇ ਫਰੋਲਣੇ ਹਨ ? ਸਵਾਲ ਸੁਲਝਾਉਣੇ ਹਨ ? ਜਾਂ ਫਿਰ ਅੱਖਾਂ ਮੀਟ ਕੇ ਤੁਰਦੇ ਰਹਿਣਾ ? ਕੀ ਭਾਰਤ ਦੇ ਕਮਿਊਨਿਸਟ ਸਮੇਂ ਦੇ ਚੈਲਿੰਜ ਨੂੰ ਪ੍ਰਵਾਨ ਕਰਨਗੇ ?

ਅਮਰ ਅਫ਼ਤਾਬ – ਲੁਧਿਆਣਾ

o

## 19 ਜਨਵਰੀ ਦੀ ਹੜਤਾਲ ਅਤੇ ਪੋਲੈਂਡ ਦੇ ਮਜ਼ਦੂਰ

ਤੁਸੀਂ ਮਜ਼ਦੂਰਾਂ ਅਤੇ ਮੁਲਾਜ਼ਮਾਂ ਵਲੋਂ 19 ਜਨਵਰੀ ਦੀ ਹੜਤਾਲ ਅਤੇ ਪੋਲੈਂਡ ਦੇ ਮਜ਼ਦੂਰਾਂ ਵਲੋਂ ਕੀਤੀ ਗਈ ਹੜਤਾਲ ਬਾਰੇ ਟਿਪਣੀ ਕਰਦਿਆਂ ਸੀ. ਪੀ. ਆਈ. ਅਤੇ ਸੀ. ਪੀ. ਐਮ. ਦੀ 'ਸਮਝ' ਅੱਗੇ ਇਕ ਗੰਭੀਰ ਸਵਾਲ ਖੜਾ ਕਰ ਦਿਤਾ ਹੈ। ਸੀ. ਪੀ. ਆਈ. ਦੇ ਸਿਧਾਂਤਕ ਬੁਲਾਰੇ 'ਸਾਡਾ ਯੁਗ' ਦੇ 22 ਦਸੰਬਰ ਵਾਲੇ ਅੰਕ ਵਿਚੋਂ ਪੜ੍ਹਿਆ ਕਿ ਪੋਲੈਂਡ ਵਿਚ ਸੋਲੀਡੈਰਿਟੀ (ਮਜ਼ਦੂਰਾਂ ਦਾ ਸੰਘ) ਦੀ ਲਗਾਤਾਰ ਚਲ ਰਹੀ ਹੜਤਾਲ ਦਬਾਉਣ ਲਈ 'ਮਾਰਸ਼ਲ ਲਾਅ' ਲਾ ਦਿਤਾ ਦਿਤਾ ਗਿਆ ਹੈ। 'ਸਾਡਾ ਜੁੱਗ' ਮਾਰਸ਼ਲ ਲਾਅ ਸਹੀ ਦਸਦਾ ਹੋਇਆ ਕਹਿੰਦਾ ਹੈ ਕਿ ਸੋਲੀਡੈਰਿਟੀ ਦੀ ਉਲਟ ਇਨਕਲਾਬੀ ਸਾਜ਼ਸ਼ ਨਾਕਾਮ ਕਰਕੇ ਸਾਮ-ਰਾਜੀਆਂ ਦੇ ਸੁਪਨੇ ਚਕਨਾਚੂਰ ਕਰ ਦਿਤੇ ਹਨ। ਦੂਸਰੇ ਪਾਸੇ 'ਸਾਡਾ ਜੁੱਗ' ਅਗਲੇ ਸਫ਼ੇ ਤੇ ਮਿਹਨਤਕਸ਼ ਸਾਥੀਆਂ ਨੂੰ 19 ਜਨਵਰੀ ਦੀ ਹੜਤਾਲ ਵਲ ਵਧਣ ਦਾ ਇਨਕਲਾਬੀ ਸੱਦਾ ਦਿਤਾ ਗਿਆ ਹੈ। ਏਹੋ ਜੇਹਾ ਸੱਦਾ ਸੀ. ਪੀ. ਐਮ. ਵੱਲੋਂ ਵੀ ਦਿਤਾ ਗਿਆ ਹੈ। (ਭਾਵੇਂ ਇਹ ਹੜਤਾਲ ਮਜ਼ਦੂਰ ਮੁਲਾਜ਼ਮਾਂ ਲਈ ਜ਼ਰੂਰੀ ਹੈ ਕਿਉਂਕਿ ਅਜ ਸਾਡਾ ਸਭ ਦਾ ਜਿਊਣਾ ਦੁਰਕਾਰ ਹੋਇਆ ਪਿਆ ਹੈ। ਪੈਰ ਪੈਰ ਉਤੇ ਸਾਡੇ ਹੱਕਾਂ ਉਤੇ ਛਾਪੇ ਵਜ ਰਹੇ ਹਨ। ਹੁਣ ਤਕ 60 ਜਥੇ-ਬੰਦੀਆਂ ਵਲੋਂ ਇਸ ਹੜਤਾਲ ਦੀ ਸਫਲਤਾ ਲਈ ਕੰਮ ਸ਼ੁਰੂ ਕਰ ਦਿਤਾ – ਸਾਡਾ ਸਭ ਦਾ ਆਪਣੀ 2 ਥਾਂ ਤੇ ਪਰਮ ਫ਼ਰਜ਼ ਬਣਦਾ ਹੈ ਕਿ ਅਸੀਂ ਇਸ ਹੜਤਾਲ ਨੂੰ ਸਫ਼ਲ ਬਣਾਈਏ ਅਤੇ ਚੇਤਨ ਹੋ ਕੇ ਆਪਣੇ ਹੱਕਾਂ ਦੀ ਰਾਖੀ ਕਰੀਏ) ਇਥੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੇ ਸੀ. ਪੀ. ਆਈ. ਅਤੇ ਸੀ. ਪੀ. ਐਮ. 19 ਜਨਵਰੀ ਦੀ ਹੜਤਾਲ ਨੂੰ ਠੀਕ ਕਹਿ ਸਕਦੇ ਹਨ। (ਭਾਵੇਂ ਇਹ ਹੈ ਵੀ ਠੀਕ, ਇਹ ਸਾਡਾ ਹਕ ਵੀ ਹੈ) ਤਾਂ ਪੋਲੈਂਡ ਦੀ ਮਜ਼ਦੂਰ ਜਮਾਤ ਵਲੋਂ ਹੜਤਾਲ ਕਿਵੇਂ ਨਹੀਂ ਠੀਕ ? ਕੀ ਇਹਨਾਂ ਕਮਿਊਨਿਸਟ ਪਾਰਟੀਆਂ ਦੀ ਨਾਕਸ ਸਮਝ ਨਹੀਂ ? ਜਦੋਂ ਅਸੀਂ ਆਪਣੇ ਹੱਕਾਂ ਦੀ ਗੱਲ ਕਰਦੇ ਹਾਂ ਹੱਕਾਂ ਖਾਤਰ ਲੜਦੇ ਹਾਂ ਤਾਂ ਕੀ ਪੋਲੈਂਡ ਦੇ ਮਜ਼ਦੂਰ ਜਾਂ ਲੋਕ ਨਾ ਲੜਨ ? ਕੀ ਉਹ ਆਪਣੀ ਮੇਹਨਤ ਸ਼ਕਤੀ ਨੂੰ ਕੌਡੀਆਂ ਦੇ ਭਾਅ ਲੁਟਾ ਦੇਣ ? ਕੀ ਕਮਿਊਨਿਸਟ ਪਾਰਟੀਆਂ ਮਜ਼ਦੂਰ ਦੇ ਹਕਾਂ ਵਿਚ ਖੜਦੀਆਂ ਹਨ ਜਾਂ ਵਿਰੁਧ ਵਿਚ ? ਕੀ ਰੂਸ ਨੂੰ ਨਹੀਂ ਚਾਹੀਦੀ ਕਿ ਅਫ-ਗਾਨਸਤਾਨ ਅਤੇ ਪੋਲੈਂਡ ਦੇ ਲੋਕ ਆਪਣੀ ਹੋਣੀ ਆਪ ਘੜਨ-ਸੰਵਾਰਨ ? ਕੀ ਉਸ ਦੀ ਦਖਲ ਅੰਦਾਜ਼ੀ ਪਸਾਰਵਾਦੀ ਨੀਤੀ ਦੀ ਲਖਾਇਕ ਨਹੀਂ ? ਸੁਆਲ ਤਾਂ ਬਥੇਰੇ ਹਨ ਜਿੰਨਾਂ ਦਾ ਜੁਆਬ ਗਾਲੀ ਗਲੋਚ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੋਣਾ। ਪਰ ਇਹ ਸਵਾਲ ਹੁਣ ਟਾਲੇ ਨਹੀਂ ਜਾ ਸਕਦੇ ਅਤੇ ਨਾ ਹੀ ਘੜੇ ਘੜਾਏ ਜੁਆਬ ਉਲਟ ਇਨਕਲਾਬੀ ਸਿਰ ਚੁੱਕ ਰਹੇ ਸਨ,। ਕਮਿਊਨਿਸਟ ਪਾਰਟੀਆਂ ਨੇ ਜੇ ਮਜ਼ਦੂਰ ਜਮਾਤ ਦੀ ਅਗਵਾਈ ਕਰਨੀ ਹੈ ਤਾਂ ਸਪਸ਼ਟ ਜੁਆਬ ਦੇਣੇ ਚਾਹੀਦੇ ਹਨ।

– ਸੁਰਜੀਤ ਬਰਾੜ ਘੋਲੀਆਂ

Post Office No. P/AR — 33
Registred With Registrar News Paper Vide No, MA/12397-D dated 14,8.80

## ਵਿਦਿਆ ਦਾ ਡਿਗਦਾ ਮਿਆਰ – ਕੌਣ ਜ਼ੁੰਮੇਵਾਰ ?

ਪਿਛਲੇ ਸਮੇਂ ਵਿਚ 'ਸਕੂਲੀ ਸਿਖਿਆ' ਦੀਆਂ ਖਾਸ ਸਮੱਸਿਆਵਾਂ – ਜਿਵੇਂ ਡਿਗਦਾ ਮਿਆਰ, ਨਕਲ, ਘਟ ਨਤੀਜੇ, ਸਕੂਲ ਫੰਡਾਂ ਦੀ ਕੁਵਰਤੋਂ ਗਾਈਡਾਂ, ਸਾਡੇ ਸਰਹੱਦੀ ਸਕੂਲ ਅਤੇ 'ਸਕੂਲੀ ਸਾਜ਼ ਸਮਾਨ' ਤੇ ਬਿਲਡਿੰਗਾਂ ਦੀ ਘਾਟ ਬਾਰੇ ਕਈ ਲੇਖ ਪੰਜਾਬੀ ਟ੍ਰਿਬਿਊਨ ਵਿਚ ਪੜ੍ਹਨ ਨੂੰ ਮਿਲੇ ਹਨ। ਸਿਖਿਆ ਖੇਤਰ ਦੀਆਂ ਇਹਨਾਂ ਘਾਟਾਂ ਨੂੰ ਉਜਾਗਰ ਕਰਨਾ ਇਕ ਚੰਗਾ ਅਤੇ ਸ਼ਲਾਘਾ ਯੋਗ ਕਦਮ ਹੈ – ਇਹ ਉਕਤ ਖੇਤਰ ਦੀਆਂ ਘਾਟਾਂ ਦੀ ਸਹੀ ਨਿਸ਼ਾਨ ਦੇਹੀ ਹੈ ਜੋ ਬੀਮਾਰੀ ਦਾ ਇਕ ਪਖ ਹੈ। ਇਸ ਦਾ ਦੂਜਾ ਪੱਖ ਇਨ੍ਹਾਂ ਘਾਟਾਂ ਦਾ ਇਲਾਜ ਹੈ ਜੋ ਅਜ ਤਕ ਅਣਗੌਲਿਆ ਪਿਆ ਹੈ ਅਤੇ ਵਾਰ ਵਾਰ ਪਹਿਲੇ ਪੱਖ ਨੂੰ ਹੀ ਦੁਹਰਾਣ ਨਾਲ ਇਸ ਦੀ ਮਹਾਨਤਾ ਘਟਦੀ ਹੀ ਜਾ ਰਹੀ ਹੈ। ਇਸ ਲਈ ਲੋੜ ਹੈ ਕਿ ਇਹਨਾਂ ਘਾਟਾਂ ਦੀ ਪੂਰਤੀ ਵਲ ਧਿਆਨ ਦਿਤਾ ਜਾਵੇ। ਬੀਮਾਰੀ ਤਾਂ ਇਲਾਜ ਨਾਲ ਹੀ ਦੂਰ ਹੋਣੀ ਹੈ।

ਅਧਿਆਪਕ ਆਗੂਆਂ ਬਾਰੇ ਪੰਜਾਬੀ ਟ੍ਰਿਬਿਊਨ ਵਿਚ ਇਕ ਲੇਖ ਲੜੀ ਛਪਣ ਉਪਰੰਤ ਕਈ ਉਸਾਰੂ ਰੋਚਕ ਅਤੇ ਬਹਾਨੇ ਬਾਜ਼ੀ ਵਾਲੀਆਂ ਟਿਪਣੀਆਂ ਵੀ ਪੜ੍ਹਨ ਨੂੰ ਮਿਲੀਆਂ ਹਨ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਅਜੋਕੇ ਹਾਲਾਤ ਵਿਚ ਅਧਿਆਪਕਾਂ ਅਤੇ ਅਧਿਆਪਕ ਜਥੇਬੰਦੀ ਦੀ ਕੀ ਜ਼ੁੰਮੇਵਾਰੀ ਬਣਦੀ ਹੈ ਜਦ ਸਾਰੇ ਪਾਸਿਓਂ ਇਨ੍ਹਾਂ ਘਾਟਾਂ ਦਾ ਨਜ਼ਲਾ ਅਧਿਆਪਕ ਵਰਗ ਤੇ ਸੁਟਿਆ ਜਾ ਜਾ ਰਿਹਾ ਹੈ। ਕਈ ਅਧਿਆਪਕ ਤਾਂ ਇਸ ਸਚਿਆਈ ਨੂੰ ਮੰਨਣ ਲਈ ਤਿਆਰ ਹੀ ਨਹੀਂ ਪਰ ਇਸ ਗਲੋਂ ਮੁਨਕਰ ਹੋਣਾ ਵੀ ਅਧਿਆਪਕ ਵਰਗ ਨਾਲ ਧੋਖਾ ਹੈ।

ਸਿਖਿਆ ਦੇ ਕਾਰਜ-ਖੇਤਰ ਦਾ ਲੇਖਾ-ਜੋਗਾ ਵੀ ਦੂਜੇ ਖੇਤਰਾਂ ਦੀ ਉਪਜ ਵਾਂਗ ਬੱਚਿਆਂ ਦੇ ਪਾਸ-ਫੇਲ ਹੋਣ ਦੇ ਵੇਰਵੇ ਤੋਂ ਲਾਇਆ ਜਾਂਦਾ ਹੈ। ਇਹ ਵਖਰੀ ਗਲ ਹੈ ਕਿ ਚੰਗੇ ਸਿਟਿਆਂ ਲਈ – ਰੋਚਕ ਤੇ ਯੋਗ ਸਲੇਬਸ, ਲੋੜੀਂਦੀ ਬਿਲਡਿੰਗ, ਲੋੜੀਂਦਾ ਸਾਜ਼ ਸਮਾਨ, ਵਿਦਿਆਰਥੀ – ਅਧਿਆਪਕ ਅਨੁਪਾਤ ਅਤੇ ਬੱਚਿਆਂ ਦਾ ਘਰੇਲੂ ਵਾਤਾਵਰਨ ਆਦਿ ਸਾਰੇ ਪੱਖ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਬਹੁਤ ਮਹੱਤਵ ਪੂਰਨ ਅਤੇ ਲੋੜੀਂਦੇ ਹਨ। ਪਰ ਇਹਨਾਂ ਲੋੜਾਂ ਨੂੰ ਪੂਰਿਆਂ ਕਰਨ ਕਰਾਉਣ ਦੀ ਜ਼ੁੰਮੇਵਾਰੀ ਆਖਰ ਕਿਸ ਦੀ ਹੈ ? ਕੀ ਬੱਚੇ ਜਾਂ ਮਾਪੇ (ਵਿਸ਼ੇਸ਼ ਕਰਕੇ ਪੇਂਡੂ ਸਕੂਲਾਂ ਦੇ) ਇਹਨਾਂ ਲੋੜਾਂ ਨੂੰ ਸਮਝਣ ਅਤੇ ਪੂਰਾ ਕਰਨ ਦੇ ਸਮਰਥ ਹਨ ? ਜੇ ਨਹੀਂ ਤਾਂ ਇਹਨਾਂ ਘਾਟਾਂ ਕਾਰਨ ਜੇ ਅਧਿਆਪਕ ਵਰਗ ਦੇ ਵਕਾਰ ਅਤੇ ਸਤਿਕਾਰ ਨੂੰ ਸੱਟ ਵਜ ਰਹੀ ਹੈ (ਕਿਉਂਕਿ ਉਪ੍ਰੋਕਤ ਘਾਟਾਂ ਦੇ ਕਾਰਨ ਨਤੀਜੇ ਘਟਣੇ ਲਾਜ਼ਮੀ ਹਨ) ਤਾਂ ਕੀ ਅਧਿਆਪਕਾਂ ਜਾਂ ਅਧਿਆਪਕ ਜਥੇਬੰਦੀ ਦਾ ਇਹਨਾਂ ਘਾਟਾਂ ਪ੍ਰਤੀ ਧਿਆਨ ਦੇਣ ਦਵਾਉਣ ਦਾ ਹੱਕ ਨਹੀਂ ਬਣਦਾ ?

'ਦੋਸ਼ ਪੂਰਨ ਪ੍ਰੀਖਿਆ ਪ੍ਰਣਾਲੀ' 'ਸਿਸਟਮ ਦੀ ਦੇਣ' ਜਾਂ ਭਰਿਸ਼ਟ ਸਮਾਜ' ਦੇ ਪਰਦੇ ਹੇਠ ਆਪਣੀ ਜ਼ੁੰਮੇਵਾਰੀ ਨੂੰ ਟਾਲਣਾ ਮਿਹਨਤੀ ਅਧਿਆਪਕਾਂ, ਮਾਪਿਆਂ ਅਤੇ ਬੱਚਿਆਂ ਨਾਲ ਸਰਾਸਰ ਬੇਨਿਆਈ ਹੈ। ਇਸ ਸਮੇਂ ਪੇਂਡੂ ਮਾਪਿਆਂ ਦਾ ਸਭ ਤੋਂ ਵਧ ਨੁਕਸਾਨ ਹੋ ਰਿਹਾ ਹੈ ਅਤੇ ਇਹ ਨੁਕਸਾਨ ਮਾਲੀ ਅਤੇ ਸਿਖਿਆ' ਦੋਵਾਂ ਲਈ ਹਾਨੀ ਕਾਰਕ ਹੈ। ਇਸ ਸੂਰਤ ਵਿਚ ਪੇਂਡੂ ਅਧਿਆਪਕਾਂ ਦਾ ਜੋ, ਬਤੌਰ ਅਧਿਆਪਕ ਅਤੇ ਮਾਪੇ ਏਥੇ ਵਿਚਰ ਰਹੇ ਹਨ, ਇਸ ਨੁਕਸਾਨ ਵਲ ਉਚੇਚਾ ਧਿਆਨ ਦੇਣਾ ਬਣਦਾ ਹੈ। ਕਿਉਂਕਿ ਉਹਨਾਂ ਦਾ ਅਤੇ ਉਹਨਾਂ ਦੇ ਬਚਿਆਂ ਦਾ ਭਵਿੱਖ ਇਹਨਾਂ ਸਕੂਲਾਂ ਨਾਲ ਬੱਝਾ ਹੋਇਆ ਹੈ।

ਸਮੁੱਚੇ ਸਮਾਜ ਨੂੰ ਭਰਿਸ਼ਟ ਕਹਿਣ ਤੋਂ ਪਹਿਲਾਂ ਸਾਨੂੰ ਆਪਣੀ ਪੀੜੀ ਥਲੇ ਸੋਟਾ ਫੇਰਨ ਦੀ ਲੋੜ ਹੈ। ਨਕਲਾਂ ਅਤੇ 'ਫੰਡ ਦੀ ਕੁਵਰਤੋਂ' ਬੜਾ ਵਡਾ 'ਸਕੂਲੀ ਭ੍ਰਿਸ਼ਟਾਚਾਰ' ਹੈ ਅਤੇ ਇਸ ਨੂੰ ਦੂਰ ਕਰਨ ਦੀ ਬਹੁਤ ਲੋੜ ਹੈ।

ਅਧਿਆਪਕਾਂ ਦਾ ਕੁਝ ਹਿਸਾ ਹੀ ਇਸ ਸਥਿਤੀ ਤੋਂ ਕਾਫੀ 'ਮਾਲੀ ਲਾਭ' ਉਠਾ ਰਿਹਾ ਹੈ ਜਦ ਕਿ ਬਾਕੀ ਅਧਿਆਪਕ, ਬੱਚੇ ਤੇ ਮਾਪੇ ਇਸ ਸਥਿਤੀ ਤੋਂ ਬਹੁਤ ਦੁਖੀ ਹਨ।

ਮੈਂ ਇਹ ਗਲਾਂ ਸਮਤਾ ਦੇ ਕਾਲਮਾਂ ਵਾਸਤੇ ਲਿਖ ਰਿਹਾ ਹਾਂ ਤਾਂ ਜੋ ਇਸ ਮਸਲੇ ਤੇ ਉਸਾਰੂ ਵਿਚਾਰ-ਵਟਾਂਦਰਾ ਹੋ ਸਕੇ।

ਹੀਰਾ ਸਿੰਘ ਟੀਚਰ – ਸੁਰ ਸਿੰਘ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ – ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸਨਾ ਪ੍ਰਿੰਟਿੰਗ ਪ੍ਰੈਸ, ਪੁਤਲੀਘਰ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖ਼ਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ – 143002 : ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 80 ਰੁਪਏ।